ਪ੍ਰਾਚੀਨ ਬੀੜਾਂ ਬਾਰੇ

ਭੁਲਾਂ ਦੀ ਸੋਧਨ

ਕ੍ਰਿਤ

ਭਾਈ ਜੋਧ ਸਿੰਘ, ਐਮ. ਏ.,

ਪ੍ਰਿੰਸੀਪਲ ਖ਼ਾਲਸਾ ਕਾਲਜ, ਅੰਮ੍ਰਿਤਸਰ

੧੯੪੭

ਲਾਹੌਰ ਬੁਕ ਸ਼ਾਪ

ਨਿਸਬਤ ਰੋਡ, ਲਾਹੌਰ

ਪ੍ਰਕਾਸ਼ਕ: ਸ: ਜੀਵਨ ਸਿੰਘ ਐਮ. ਏ.
ਮਾਲਕ ਲਾਹੌਰ ਬੁਕ ਸ਼ਾਪ ਲਾਹੌਰ

ਪਹਿਲੀ ਵਾਰ: ੧੦੦੦ ਕਾਪੀ
ਸੰਨ: ੧੯੪੭

ਪ੍ਰਿੰਟਰ: ਸ: ਭੁਪਿੰਦਰ ਸਿੰਘ ਬੀ. ਏ. ਐਲਐਲ. ਬੀ.
ਮਾਲਕ ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ

ਲੇਖ ਸੂਚੀ

੧ ੳ ਸਤਿਗੁਰਪ੍ਰਸਾਦਿ ॥

ਮੁਖ ਬੰਧ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 'ਪ੍ਰਾਚੀਨ ਬੀੜਾਂ' ਨਾਮੀ ਪੁਸਤਕ, ਕ੍ਰਿਤ ਜੀ. ਬੀ. ਸਿੰਘ ਸਾਹਿਬ, ੧੯੪੪ ਵਿਚ ਪ੍ਰਕਾਸ਼ਤ ਹੋਈ। ਇਸ ਪੁਸਤਕ ਦੇ ਚਾਰ ਭਾਗ ਹਨ। ਕਰਤਾ ਨੇ ਪੁਸਤਕ ਦੇ ਅਰੰਭ ਵਿਚ ਦੱਸਿਆ ਹੈ ਕਿ 'ਹੁਣ ਤਕ ਕੁਝ ਨਹੀਂ ਤਾਂ ਪੌਣੇ ਦੋ ਸੌ ਪੁਰਾਤਨ ਹੱਥ ਲਿਖੇ 'ਗੁਰੂ' ਗ੍ਰੰਥ ਸਾਹਿਬ ਮੈਂ ਏਸੇ ਖਿਆਲ ਨਾਲ ਵੇਖੇ ਹੋਣਗੇ।' ਪਰ ਇਸ ਪੁਸਤਕ ਦੇ ਦੂਜੇ ਭਾਗ ਵਿੱਚ ਕਰਤਾ ਨੇ ਕੋਈ ਚਾਲੀ ਕੁ ਉੱਘੀਆਂ ਬੀੜਾਂ ਸੰਬੰਧੀ ਆਪਣੇ ਨੋਟ ਦਰਜ ਕੀਤੇ ਹਨ ਜੋ ਉਸ ਨੇ ਉਨ੍ਹਾਂ ਬੀੜਾਂ ਦੇ ਦਰਸ਼ਨ ਕਰਨ ਸਮੇ ਲਏ। ਇਸ ਭਾਗ ਵਿਚ ਤਿੰਨ ਅਧਯਾਇ ਉਨ੍ਹਾਂ ਸ੍ਰੀ ਕਰਤਾਰਪੁਰ ਵਾਲੀ ਆਦਿ ਬੀੜ ਬਾਬਤ ਲਿਖੇ ਹਨ, ਜਿਸ ਦਾ ਉਨ੍ਹਾਂ ਨੇ ਕਦੀ ਦਰਸ਼ਨ ਨਹੀਂ ਕੀਤਾ ਤੇ ਜਿਨ੍ਹਾਂ ਅਧਯਾਵਾਂ ਵਿੱਚ ਉਨ੍ਹਾਂਨੇ ਬਹੁਤਸਾਰੇ ਗਲਤ ਅੰਦਾਜ਼ੇ ਲਾਏ ਅਤੇ ਕਈ ਦਿਲ ਦੁਖਾਵੇਂ ਸ਼ਬਦ ਵਰਤੇ ਹਨ।ਜੇ ਕਦੀ ਜੀ. ਬੀ. ਸਿੰਘ ਹੋਰੀਂ ਜੋ ਨੋਟ ਉਨ੍ਹਾਂ ਬੀੜਾਂ ਦੇ ਦਰਸ਼ਨ ਕਰਕੇ ਲੀਤੇ ਸਨ, ਉਹ ਹੀ ਪ੍ਰਕਾਸ਼ਤ ਕਰ ਦਿੰਦੇ ਤੇ ਜਿਸ ਬੀੜ ਦਾ ਉਨ੍ਹਾਂ ਦਰਸ਼ਨ ਨਹੀਂ ਸੀ ਕੀਤਾ ਉਸ ਬਾਬਤ ਅੰਦਾਜ਼ੇ ਨਾਂ ਲਾਂਦੇ ਤੇ ਹੋਰ ਖਚੂਰੀਆਂ ਗੱਲਾਂ ਜੋ ਉਨ੍ਹਾਂ ਪਹਿਲੇ ਭਾਗ ਵਿੱਚ ਲਿਖੀਆਂ ਹਨ ਨਾ ਲਿਖਦੇ ਤਾਂ ਉਨ੍ਹਾਂ ਦੀ ਇਹ ਪੁਸਤਕ ਸ਼ਾਇਦ ਕਿਸੇ ਹੱਦ ਤਕ ਸਿੱਖਾਂ ਲਈ ਲਾਭਦਾਇਕ ਸਾਬਤ ਹੋ ਸਕਦੀ। ਕਿਉਂ ਜੁ ਉਨ੍ਹਾਂ ਨੂੰ ਕਈ ਪੁਰਾਤਨ ਬੀੜਾਂ ਦੀ ਅੰਦਰਲੀ ਲਿਖਤ ਤੋਂ ਵਾਕਫ਼ੀ ਹੋ ਜਾਂਦੀ। ਪਰ ਕਰਤਾ ਨੇ ਆਪਣੀ ਖੋਜ ਦੇ ਅਹੰਕਾਰ ਵਿੱਚ ਨਾ ਕੇਵਲ ਕੌੜੇ

ਸ਼ਬਦ ਵਰਤ ਕੇ ਸਿੱਖਾਂ ਦਾ ਦਿਲ ਦੁਖਾਇਆ ਹੈ ਸਗੋਂ ਜਿਸ ਪਵਿਤ੍ਰ ਬੀੜ ਦਾ ਕਦੀ ਦਰਸ਼ਨ ਨਹੀਂ ਸੀ ਕੀਤਾ ਅਤੇ ਜਿਨ੍ਹਾਂ ਬਾਬੇ ਮੋਹਨ ਜੀ ਦੀਆਂ ਪੋਥੀਆਂ ਤੇ ਕਦੀ ਆਪਣੀ ਅੱਖ ਨਹੀਂ ਸੀ ਟਿਕਾਈ, ਉਨ੍ਹਾਂ ਬਾਬਤ ਸੁਣੀ ਸੁਣਾਈ ਵਾਕਫ਼ੀ ਦੇ ਆਧਾਰ ਤੇ ਅਜਿਹੀਆਂ ਗੱਲਾਂ ਲਿਖ ਦਿੱਤੀਆਂ ਹਨ ਜੋ ਉਨ੍ਹਾਂ ਦੇ ਆਪਣੇ ਇਕਠੇ ਕੀਤੇ ਮਸਾਲੇ ਤੋਂ ਵੀ ਗਲਤ ਸਾਬਤ ਹੋ ਜਾਂਦੀਆਂ ਹਨ ਤੇ ਨਿਰੀਆਂ ਬਣਾਵਟੀਆਂ ਤੇ ਅਸੱਤ ਹਨ। ਭਾਗ ਤੀਜੇ ਵਿੱਚ ਜੋ ਫ਼ਾਲਤੂ ਬਾਣੀਆਂ ਗੁਰੂ ਸਾਹਿਬ ਦੇ ਨਾਮ ਤੇ ਮਸ਼ਹੂਰ ਹਨ ਉਹ ਦਿੱਤੀਆਂ ਹਨ, ਜਿਸ ਵਿਚ 'ਰਾਗਮਾਲਾ' ਤੇ ਟੀਕਾ ਟਿਪਣੀ ਕਰਦੇ ਹੋਏ ਕਰਤਾ ਨੇ ਆਪਣੀ ਸਾਰੀ ਖੋਜ ਦੇ ਵਿਰੁਧ ਇਕ ਗਲਤ ਸਿੱਟਾ ਕਢਿਆ ਹੈ। ਚੌਥੇ ਭਾਗ ਵਿਚ ਕੁਝ ਜ਼ਮੀਮੇ ਦਿਤੇ ਹਨ ਜਿਨ੍ਹਾਂ ਵਿੱਚ ਬਾਣੀ ਦੀ ਬੀੜ, ਭਗਤ ਕਬੀਰ, ਸ਼ੇਖ ਫਰੀਦ ਅਤੇ ਨਾਮ ਦੇਵ ਦੀ ਬਾਣੀ ਬਾਬਤ ਕੁਝ ਵਾਕਫੀ ਦੇਣ ਦਾ ਯਤਨ ਕੀਤਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਇਕ ਜਗ੍ਹਾ ਇਕੱਤਰ ਕੀਤੀ ਹੈ ਤੇ ਇਕ ਨੋਟ ਡਾਕਟਰ ਮੋਹਨ ਸਿੰਘ ਜੀ ਦਾ ਬਾਬੇ ਮੋਹਨ ਜੀ ਦੀਆਂ ਪੋਥੀਆਂ ਬਾਬਤ ਦਿੱਤਾ ਹੈ।

ਇਸ ਸਾਰੀ ਪੁਸਤਕ ਨੂੰ ਚੰਗੀ ਤਰ੍ਹਾਂ ਵਿਚਾਰ ਕੇ ਮੈਂ ਕੁਝ ਲੇਖ 'ਖਾਲਸਾ ਸਮਾਚਾਰ' ਵਿਚ ਪਿਛਲੇ ਸਾਲ ਲਿਖੇ ਸਨ*। ਪਾਠਕਾਂ ਦੀ ਮੰਗ ਤੇ ਮੈਂ ਉਨ੍ਹਾਂ ਲੇਖਾਂ ਨੂੰ ਇਹ ਕਿਤਾਬੀ ਸ਼ਕਲ ਦੇ ਰਿਹਾ ਹਾਂ। ਇਹ ਪੁਸਤਕ ਉਨ੍ਹਾਂ ਲੇਖਾਂ ਦੇ ਹੀ ਆਧਾਰ ਤੇ ਹੈ, ਪਰ ਇਕ ਪੱਕੀ ਕਿਤਾਬੀ ਸ਼ਕਲ ਦੇਣ ਵਿਚ ਕੁਝ ਅਦਲਾ ਬਦਲੀ ਅਵਸ਼ ਸੀ। ਉਹ ਥੋੜੀ ਅਦਲਾ ਬਦਲੀ ਕਰ ਕੇ ਇਸ ਪੁਸਤਕ ਵਿਚ ਮੈਂ ਇਹ ਦਰਸਾਉਣ ਦਾ ਯਤਨ ਕੀਤਾ ਹੈ ਕਿ ਬਾਬੇ ਮੋਹਨ ਜੀ ਦੀਆਂ ਪੋਥੀਆਂ ਤੇ ਸ੍ਰੀ ਕਰਤਾਰਪੁਰ ਵਾਲੀ ਪਵਿਤ੍ਰ ਬੀੜ ਬਾਬਤ ਜੋ ਅੰਦਾਜ਼ੇ ਜੀ. ਬੀ. ਸਿੰਘ ਹੁਰਾਂ ਲਾਏ ਹਨ, ਉਹ ਸਾਰੇ ਦੇ ਸਾਰੇ ਨਿਰਮੂਲ ਹਨ। 'ਰਾਗਮਾਲਾ' ਬਾਬਤ ਜੋ ਕੁਝ ਲਿਖਿਆ ਹੈ, ਉਹ ਵੀ ਗਲਤ ਹੈ। ਆਦਿ ਬੀੜ ਵਿਚ ਭੋਗ ਦੀ ਬਾਣੀ ਦੀ ਤਰਤੀਬ ਬਾਬਤ ਜੋ ਸਿੱਟੇ ਕੱਢੇ ਹਨ, ਉਹ ਵੀ ਉੱਕੇ ਹੀ ਬੇਥਵੇ ਹਨ।

ਕਿਤਾਬ ਪ੍ਰਕਾਸ਼ਤ ਕਰਨ ਵਾਲਿਆਂ ਇਕ ਇਸ਼ਤਿਹਾਰ ਦੁਆਰਾ ਕੁਝ ਲਫ਼ਜ਼, ਵਾਕ ਤੇ ਸਤਰਾਂ ਇਸ ਪੁਸਤਕ ਦੀਆਂ ਜੋ ਇਤਨੀਆਂ ਖਹੁਰੀਆਂ ਸਨ ਕਿ ਅਸਭਯਤਾ ਦੀ ਹੱਦ ਤਕ ਅੱਪੜ ਜਾਂਦੀਆਂ ਸਨ, ਵਾਪਸ ਲੈ ਲੀਤੀਆਂ ਸਨ। ਮੇਰੀ ਰਾਇ ਵਿਚ ਕਿਸੇ ਲੇਖਕ ਦਾ ਇਹ ਹੱਕ ਨਹੀਂ ਕਿ ਉਹ, ਭਾਵੇਂ ਕਿਸੇ ਧਰਮ ਤੇ ਯਕੀਨ ਰਖਦਾ ਹੋਵੇ ਭਾਵੇਂ ਨਾ, ਅਜਿਹੇ ਲੇਖ ਲਿਖੇ ਅਤੇ ਸ਼ਬਦ ਵਰਤੇ ਜੋ ਉਸ ਧਰਮ ਦੇ ਸ਼ਰਧਾਲੂਆਂ ਦਾ ਦਿਲ ਦੁਖਾਉਣ। ਵਾਕਿਆਤ ਮਿੱਠੀ ਤੇ ਦਿਲ ਖਿਚਵੀਂ ਬੋਲੀ ਵਿਚ ਵੀ ਬਿਆਨ ਹੋ ਸਕਦੇ ਹਨ। ਮੈਂ ਖਹੁਰਿਆਂ ਸ਼ਬਦਾਂ ਨੂੰ ਨਜ਼ਰੋਂ ਉਹਲੇ ਕਰਦਾ ਹੋਇਆ ਉਨ੍ਹਾਂ ਦਾ ਉਤਰ ਇਸ ਪੁਸਤਕ ਵਿਚ ਨਹੀਂ ਦਿਆਂਗਾ। ਸਗੋਂ ਮੈਂ ਸਿਖੀ ਆਸ਼ੇ ਅਨੁਸਾਰ ਇਹ ਅਰਦਾਸ ਕਰਾਂਗਾ ਕਿ ਸਤਿਗੁਰ ਆਪਣੀ ਪਰਮ ਕਿਰਪਾ ਦੁਆਰਾ ਕਰਤਾ ਨੂੰ ਸੁਮੱਤਿ ਬਖਸ਼ਣ ਤੇ ਜੇ ਉਸ ਨੇ ਸਿਖ ਧਰਮ ਜਾਂ ਇਤਿਹਾਸ ਬਾਬਤ ਕੁਝ ਹੋਰ ਲਿਖਣਾ ਹੈ ਤਾਂ ਉਹ ਅਜਿਹੀ ਬੋਲੀ ਵਰਤੇ ਜੋ ਸੱਚ ਦੀ ਨੀਂਹ ਤੇ ਹੋਵੇ ਅਤੇ ਮਿੱਠਤ ਭਰੀ ਹੋਵੇ ਤਾਂ ਜੋ ਉਨ੍ਹਾਂ ਲਿਖਤਾਂ ਦੀਆਂ ਸਚਿਆਈਆਂ ਕਰਤਾ ਵਿਰੁੱਧ ਘ੍ਰਿਣਾ ਪੈਦਾ ਕਰਨ ਦੀ ਥਾਂ ਉਸ ਲਈ ਸਿਖ ਪਾਠਕਾਂ ਦੇ ਦਿਲ ਵਿਚ ਇੱਜ਼ਤ ਪੈਦਾ ਕਰਨ।

ਬਾਰਾਮੂਲਾ
ਕਸ਼ਮੀਰ
੧੯-੭-੪੬

ਜੋਧ ਸਿੰਘ

---

*ਜਿਨ੍ਹਾਂ ਵਿਚ ਉਨ੍ਹਾਂ ਨਤੀਜਿਆਂ ਦਾ ਖੰਡਨ ਕੀਤਾ ਸੀ, ਜਿਨ੍ਹਾਂ ਪਰ ਕਰਤਾ ਇਸ ਪੁਸਤਕ ਵਿਚ ਪੁੱਜਾ ਹੈ।

੧. ਕਰਤਾ ਦੇ ਪੁਸਤਕ ਲਿਖਣ ਦਾ ਪ੍ਰਯੋਜਨ

ਆਮ ਤੌਰ ਤੇ ਹਰ ਇਕ ਲੇਖਕ ਆਪਣੀ ਪੁਸਤਕ ਲਿਖੇ ਜਾਣ ਦਾ ਪ੍ਰਯੋਜਨ ਪੁਸਤਕ ਦੀ ਭੂਮਕਾ ਵਿਚ ਜਾਂ ਮੁਖਬੰਧ ਵਿਚ ਸਾਫ ਦੱਸ ਦਿੰਦਾ ਹੈ । 'ਪ੍ਰਾਚੀਨ ਬੀੜਾਂ' ਦੇ ਕਰਤਾ ਨੇ ਅਜਿਹਾ ਨਹੀਂ ਕੀਤਾ, ਪਰੰਤੂ ਪੁਸਤਕ ਦੇ ਅੰਦਰਵਾਰ ਇਕ ਦੋ ਥਾਂ ਉਨ੍ਹਾਂ ਦੀ ਲਿਖਤ ਪੜ੍ਹਨ ਤੋਂ ਇਹ ਪਰਤੀਤ ਹੁੰਦਾ ਹੈ ਕਿ ਉਹ ਸਿੱਖਾਂ ਵਿਚ ਇਹ ਪ੍ਰਚਾਰ ਕਰਨਾ ਚਾਹੁੰਦੇ ਹਨ ਕਿ ਜੋ ਆਦਿ ਬੀੜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਿਆਰ ਕੀਤੀ ਸੀ, ਹੋ ਸਕਦਾ ਹੈ ਕਿ ਉਸ ਵਿਚ ਕੁਝ ਅਜਿਹੀ ਬਾਣੀ ਆ ਰਲੀ ਹੋਵੇ ਜੋ ਸਤਿਗੁਰਾਂ ਦੀ ਨਾ ਹੋਵੇ ਅਤੇ ਕੁਝ ਅਜਿਹੀ ਬਾਣੀ ਜੋ ਸਤਿਗੁਰਾਂ ਉਚਾਰੀ ਸੀ ਬਾਹਰ ਰਹਿ ਗਈ ਹੋਵੇ । ਉਸ ਦੀ ਇਸ ਗੱਲ ਨੂੰ ਜੇ ਕਦੀ ਮੰਨ ਲਿਆ ਜਾਵੇ ਤਾਂ ਹਰ ਇਕ ਸਿਖ ਨੂੰ ਬਾਣੀ ਦੀ ਪ੍ਰਮਾਣੀਕਤਾ ਤੇ ਸ਼ੱਕ ਹੋ ਜਾਂਦਾ ਹੈ । ਨਾਲੇ ਕਿਉਂਕਿ ਹੁਣ ਬਾਣੀ ਹੀ ਗੁਰੂ ਹੈ, ਇਸ ਲਈ ਪੰਥ ਦੀ ਵਡੀ ਜੜ੍ਹ ਤੇ ਵੀ ਕੁਹਾੜਾ ਚਲ ਜਾਂਦਾ ਹੈ । ਇਸ ਪੁਸਤਕ ਵਿਚ ਤਾਂ 'ਰਾਗਮਾਲਾ' ਤੇ ਹੀ ਸ਼ੱਕ ਪਾਇਆ ਹੈ, ਪਰ ਅਜਿਹੇ ਨੋਟ ਇਕ ਦੋ ਥਾਂ ਲਿਖੇ ਹਨ, ਜਿਨ੍ਹਾਂ ਤੋਂ ਪਰਤੀਤ ਹੁੰਦਾ ਹੈ ਕਿ ਕਰਤਾ ਨੂੰ ਹੋਰ ਬਾਣੀ ਤੇ ਵੀ ਅਤਰਾਜ਼ ਹੈ । ਜਿਹਾਕਿ ਭੱਟਾਂ ਦੀ ਬਾਣੀ ਤੇ ਕੁਝ ਭਗਤਾਂ ਦੀ ਬਾਣੀ ।

ਇਹ ਅਸੂਲ ਪੰਥ ਲਈ ਡਾਢਾ ਹਾਨੀਕਾਰਕ ਹੈ । ਸਿੱਖੀ ਹੀ ਇਕ ਅਜਿਹਾ ਧਰਮ ਹੈ ਜਿਸ ਦੇ ਚਲਾਉਣ ਵਾਲਿਆਂ ਪਹਿਲੋਂ ਪਹਿਲ ਆਪਣੀ ਸਿਖਿਆ ਨੂੰ ਆਪਣੀ ਜ਼ਿੰਦਗੀ ਵਿਚ ਇਕ ਥਾਂ

ਇਕੱਤਰ ਕਰ ਕੇ ਪ੍ਰਮਾਣੀਕ ਬਾਣੀ ਨੂੰ ਸਦਾ ਲਈ ਸੁਰਖਤ ਕਰ ਦਿਤਾ ਤਾਂ ਜੋ ਇਸ ਗੱਲ ਤੇ ਕਦੀ ਝਗੜਾ ਨਾ ਛਿੜੇ ਕਿ ਇਹ ਬਾਣੀ ਗੁਰੂ ਦੀ ਹੈ ਯਾ ਨਹੀਂ । ਅਰਥ ਬਾਣੀ ਦੇ ਹਰ ਇਕ ਸਿੱਖ ਨੇ ਆਪਣੀ ਸੂਝ ਅਨੁਸਾਰ ਕਰਨੇ ਹਨ ਪਰੰਤੂ ਪਾਠ ਸਦਾ ਲਈ ਕਾਇਮ ਹੋ ਗਿਆ । ਪੰਜਵੇਂ ਅਤੇ ਦਸਵੇਂ ਗੁਰੂ ਜੀ ਦੇ ਇਸ ਕੀਤੇ ਕੰਮ ਧੁਰ ਪਾਣੀ ਫੇਰਨ ਦਾ ਜਤਨ ਕਰਨਾ ਕਿਤਨਾ ਹਾਨੀਕਾਰਕ ਹੈ, ਇਹ ਹਰ ਇਕ ਸੱਚਾ ਸਿੱਖ ਖ਼ੁਦ ਮਹਿਸੂਸ ਕਰ ਸਕਦਾ ਹੈ । ਮੈਨੂੰ ਵਧੀਕ ਵਿਆਖਿਆ ਕਰਨ ਦੀ ਲੋੜ ਨਹੀਂ । ਬਾਣੀ ਦੀ ਅਸਲੀਅਤ ਪੁਰ ਸ਼ੱਕ ਕੀਤਿਆਂ ਸਾਡਾ ਪੰਥ ਕਦਾਚਿਤ ਕਾਇਮ ਨਹੀਂ ਰਹਿ ਸਕਦਾ । ਅਸਾਂ ਹੁਣ ਵੇਖਣਾ ਇਹ ਹੈ ਕਿ ਇਸ ਪੁਸ-ਤਕ ਦੇ ਕਰਤਾ ਪਾਸ ਕਿਹੜੇ ਅਮਰ ਵਾਕਿਆ ਹਨ, ਜਿਨ੍ਹਾਂ ਦੀ ਬਿਨਾ ਤੇ ਉਹ ਇਹ ਗੱਲਾਂ ਲਿਖ ਰਿਹਾ ਹੈ । ਉਸ ਦੀਆਂ ਦਲੀਲਾਂ ਨੂੰ ਤੋੜਨਾ ਤੇ ਖੋਜ ਦੇ ਮਸਾਲੇ ਦੀ ਪੁਣ ਛਾਣ ਕਰਨੀ ਇਹ ਦੋਵੇਂ ਕੰਮ ਹੁਣ ਅਸੀਂ ਅਰੰਭ ਕਰਦੇ ਹਾਂ । ਕਰਤਾ ਨੇ ਆਪਣੀ ਪੁਸਤਕ ਸਫਾ ੩੯ ਤੇ ਲਿਖਿਆ ਹੈ:—

"ਨਕਲੀ" ਤੇ "ਅਸਲੀ" ਦਾ ਨਿਖੇੜਾ ਕਰਨ ਲਈ ਆਪ (ਸ੍ਰੀ ਗੁਰੂ ਅਰਜਨ ਦੇਵ ਜੀ) ਨੂੰ ਆਮ ਵਿੱਚ ਫੈਲ ਚੁੱਕੀ ਸਾਰੀ ਬਾਣੀ ਨੂੰ ਇਕੱਠਾ ਕਰਨ ਦੀ ਲੋੜ ਸੀ ਅਤੇ ਉਸ ਦੇ ਇਕੱਠਾ ਕਰਨ ਲਈ ਆਪ ਨੂੰ ਵੀ ਉਹੋ ਵਸੀਲੇ ਮਿਲ ਸਕਦੇ ਸਨ ਜੋ ਸਹੰਸਰ ਰਾਮ* ਨੂੰ ਮਿਲ ਸੱਕੇ ਸਨ । ਸ਼ਾਇਦ ਇਸ ਤੋਂ ਕੁਝ ਹੋਰ ਵਧਕੇ ਵੀ, ਇਹ ਸਾਰੇ ਭੁੱਲਾਂ ਤੋਂ ਖਾਲੀ ਨਹੀਂ ਸਨ ਹੋ ਸਕਦੇ ਗੁਰੂ ਸਾਹਿਬ ਚੰਗੇ ਕਵੀ ਸਨ, ਪਿੰਗਲ ਦੀ ਸਾਰੀ ਖਬਰ ਸੀ,

---

*ਗੁਰੂ ਅਮਰਦਾਸ ਜੀ ਦੇ ਪੋਤਰੇ । ਬਾਬਾ ਮੋਹਨ ਜੀ ਵਾਲੀਆਂ ਪ੍ਰਸਿੱਧ ਪੋਥੀਆਂ ਵਿੱਚ ਦਾ ਬਾਣੀ ਦਾ ਸੰਗ੍ਰਹ ਇਨ੍ਹਾਂ ਕੀਤਾ ਸੀ ।

ਵੇਰੀ ਰਾਗੀ ਸਨ, ਜੋ ਬਹੁਤ ਸਾਰੀਆਂ ਲਗਾਂ ਦੀਆਂ ਗਲਤੀਆਂ ਨੂੰ ਜਾਚ ਕੇ ਠੀਕ ਕਰ ਸਕਦੇ ਸਨ, ਵਜ਼ਨ ਤੇ ਛੰਦ ਦੀ ਦਰੁਸਤੀ ਭੀ ਹੋ ਸਕਦੀ ਸੀ। ਏਸੇਤਰਾਂ ਸਮੁੱਚੇ ਢੰਗ ਪੁਰ ਜੇ ਕਿਸੇ ਸ਼ਬਦ ਬਾਣੀ ਦਾ ਭੇਦ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਸਮਝ ਰਖੀ ਸਿਖਿਆ ਨੂੰ ਉਲਟ ਜਾਤਾ, ਤਦ ਉਸ ਸ਼ਬਦ ਨੂੰ ਰੱਦ ਭੀ ਕਰ ਸਕਦੇ ਸਨ ਜਿਸ ਤਰ੍ਹਾਂ ਕਿ ਉਨ੍ਹਾਂ ਨੇ ਪਿਛੋਂ ਬੀੜ ਬੰਨ੍ਹਣ ਸਮੇਂ ਕਾਹਨਾ, ਸ਼ਾਹ ਹੁਸੈਨ ਆਦਿ, ਸਾਧਾਂ ਫਕੀਰਾਂ ਦੀ ਬਾਣੀ ਨੂੰ ਰੱਦ ਕੀਤਾ। ਪਰ ਫੇਰ ਭੀ ਇਹ ਸੰਭਾਵਨਾ ਬਣੀ ਰਹੀ ਕਿ ਕੋਈ ਬਾਣੀ ਜਾਂ ਸ਼ਬਦ(ਗੁਰੂ) ਗ੍ਰੰਥ ਸਾਹਿਬ ਵਿੱਚ ਦਰਜ ਹੋ ਗਏ ਹੋਣ ਜੋ ਅਸਲ ਵਿਚ ਗੁਰੂ ਸਾਹਿਬ ਦੇ ਆਪਣੇ ਨਾ ਹੋਣ, ਅਤੇ ਇਹ ਸ਼ਬਦ ਭਾਵੇਂ ਬਾਬੇ ਮੋਹਨ ਵਾਲੀਆਂ ਪੋਥੀਆਂ ਵਿਚੋਂ ਲਏ ਹੋਣ ਤੇ ਭਾਵੇਂ ਬਾਹਰੋਂ ਇਕਠੇ ਕੀਤੇ ਗਏ ਹੋਣ। ਇਹ ਮੰਨ ਲਿਆ ਕਿ ਗੁਰੂ ਅਰਜਨ .ਦੇਵ ਆਪ ਗੁਰੂ ਸਨ ਅਤੇ ਉਨ੍ਹਾਂ ਦਾ ਕਥਨ ਜਾਂ ਕਿਸੇ ਸ਼ਬਦ ਬਾਬਤ ਕੀਤਾ ਫੈਸਲਾ ਸਿੱਖਾਂ ਲਈ ਐਜਹਾ ਹੀ ਪ੍ਰਮਾਣੀਕ ਹੈ, ਜਿਹਾ ਖੁਦ ਗੁਰੂ ਨਾਨਕ ਸਾਹਿਬ ਦਾ ਕਿਹਾ। ਪਰ ਜੋ ਗਲ 'ਅਨਹੋਣੀ' ਹੋਵੇ, ਉਸ ਨੂੰ ਗੁਰੂ ਅਰਜਨ ਦੇਵ ਭੀ 'ਹੋਣੀ' ਨਹੀਂ ਸਨ ਬਣਾ ਸਕਦੇ। ਖੋਜੀ ਦੀ ਤਰਕ ਜਾਂ ਮੁਹਕੱਕ ਦੀ ਦਲੀਲ-ਬਾਜ਼ੀ ਵਿੱਚ ਮੁਅਜਜ਼ੇ, ਕਰਾਮਾਤਾਂ, ਦੇਵੀ ਜੋਤ ਜਾਂ ਈਸ਼ਵਰੀ ਸ਼ਕਤੀ ਲਈ ਕੋਈ ਥਾਂ ਨਹੀਂ। ਜੇ ਇਹ ਗੱਲਾਂ ਮੰਨਣੀਆਂ ਹੋਣ, ਤਦ ਬਹਿਸ ਕੇਹੀ ਤੇ ਵਿਚਾਰ ਕਾਹਦੀ? ਜੋ ਕੁਝ ਬਹੁਤੇ ਲੋਕ ਆਖਦੇ ਹਨ, ਮੂਰਖ ਹੋਣ ਜਾਂ ਸਿਆਣੇ, ਜੇਕਰ ਕੋਈ ਉਸਨੂੰ ਅੰਨ੍ਹਾ ਹੋਕੇ ਸੱਚ ਮੰਨਣ ਲਈ ਤਿਆਰ ਨਹੀਂ ਅਰ ਲੋਕਾਂ ਨੂੰ ਪਰਚਾਰ ਕਰਨ ਦੀ ਦਲੇਰੀ ਨਹੀਂ ਕਰ ਸਕਦਾ, ਤਾਂ ਉਹ ਚੁਪ ਹੋ ਜਾਏ। ਅਸੀਂ ਸਮਝਦੇ ਹਾਂ ਕਿ ਸਾਡੇ ਪਾਠਕ ਸਿਆਣੇ ਅਤੇ ਸੱਚ ਦੇ ਪ੍ਰੇਮੀ ਹਨ। ਇਹ ਮੈਂ ਇਸ ਕਰਕੇ ਕਿਹਾ ਹੈ, ਕਿ ਮੈਨੂੰ ਹੁਣ ਤਕ ਕੋਈ ਅਜਿਹੇ ਸ਼ਬਦ ਨਜ਼ਰ ਆਏ ਹਨ, ਜਿਥੇ ਇਹ ਮੁਸ਼ਕਲ ਸਾਡੇ ਸਾਹਮਣੇ ਆਉਂਦੀ ਹੈ''।

ਜੀ: ਬੀ. ਸਿੰਘ ਹੋਰਾਂ ਦੀ ਇਸ ਫੂਕ ਵਿਚੋਂ ਅਸੀ ਸਿਖਾਂ ਦਾ ਧਿਆਨ ਉਸ ਜ਼ਹਿਰ ਭਰੇ ਅਸੂਲ ਵਲ ਦਿਵਾਂਦੇ ਹਾਂ ਜੋ ਇਸ ਵਿੱਚ ਪ੍ਰਚਾਰਨ ਦਾ ਜਤਨ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦੇ ਵੇਲੇ ਤਕ ਬਹੁਤ ਸਾਰੀ ਨਕਲੀ ਬਾਣੀ ਗੁਰੂ ਸਾਹਿਬਾਂ ਦੇ ਨਾਮ ਤੇ ਰਚੀ ਜਾਕੇ ਪ੍ਰਚਲਤ ਹੋ ਚੁਕੀ ਸੀ। ਸਿਖ ਇਤਿਹਾਸ ਗੁਰੂ ਗ੍ਰੰਥ ਸਾਹਿਬ ਦੇ ਬੀੜ ਬੱਝਣ ਦਾ ਕਾਰਨ ਹੀ ਇਹ ਦਸਦਾ ਹੈ ਕਿ ਸਿੱਖਾਂ ਨੂੰ ਨਕਲੀ ਬਾਣੀ ਦੇ ਧੋਖੇ ਤੋਂ ਬਚਾਣ ਲਈ ਪੰਜਵੇਂ ਪਾਤਸ਼ਾਹ ਨੇ ਅਸਲੀ ਬਾਣੀ ਨੂੰ ਇਕ ਬੀੜ ਵਿੱਚ ਦਰਜ ਕਰਨ ਦਾ ਉੱਦਮ ਕੀਤਾ। 'ਬੀੜ ਤਿਆਰ ਕਰਨ ਦੀ ਲੋੜ' ਵਾਲੇ ਸਿਰ ਲੇਖ ਹੇਠਾਂ ਜੋ ਦੋ ਸਫੇ ੯ ਤੇ ੧੦ ਸ: ਜੀ: ਬੀ: ਸਿੰਘ ਨੇ ਲਿਖੇ ਹਨ ਉਨ੍ਹਾਂ ਵਿੱਚ ਵੀ ਆਪ ਨੇ ਇਹੋ-ਕਾਰਨ ਦਿਤਾ ਹੈ। ਹੁਣ ਕਰਤਾ ਉਸ ਸੰਗ੍ਰਹ ਬਾਬਤ ਜੋ ਗੁਰੂ ਅਰਜਨ ਦੇਵ ਜੀ ਨੇ ਕੀਤਾ ਸਿੱਖਾਂ ਦੇ ਦਿਲਾਂ ਵਿੱਚ ਇਹ ਸ਼ਕ ਪਾਣ ਦਾ ਜਤਨ ਕਰਦਾ ਹੈ ਕਿ ਹੋ ਸਕਦਾ ਹੈ ਕੋਈ ਸ਼ਬਦ ਜੋ ਸੱਚੀਂ ਮੁਚੀਂ ਗੁਰੂ ਨਾਨਕ ਸਾਹਿਬ ਦਾ ਹੋਵੇ ਬਾਹਰ ਰਹਿ ਗਿਆ ਹੋਵੇ ਅਤੇ ਕੋਈ ਨਕਲੀ ਸ਼ਬਦ ਕਿਸੇ ਹੋਰ ਦਾ ਗੁਰੂ ਨਾਨਕ ਸਾਹਿਬ ਦੇ ਨਾਮ ਤੇ ਰਚਿਆ ਅੰਦਰ ਆ ਗਿਆ ਹੋਵੇ। ਉਸ ਅੰਦਰਆਏ ਨਕਲੀ ਸ਼ਬਦ ਦੀ ਕੋਈ ਮਿਸਾਲ ਤਾਂ ਨਹੀਂ ਦਿਤੀ ਪਰ ਬਾਹਰ ਰਹਿ ਗਏ ਸ਼ਬਦ ਦੀ ਮਿਸਾਲ ਅਗੇ ਜਾ ਕੇ ਦਿਤੀ ਹੈ।

ਕਿਸੇ ਨਾਸਤਕ 'ਖੋਜੀ ਦੀ ਤਰਕ' ਜਾਂ 'ਮੁਹਕੱਕ' ਦੀ 'ਦਲੀਲ-ਬਾਜ਼ੀ' ਵਿੱਚ 'ਦੈਵੀ ਜੋਤ' ਜਾਂ 'ਈਸ਼ਵਰੀ ਸ਼ਕਤੀ' ਨੂੰ ਭਾਵੇਂ ਕੋਈ ਥਾਂ ਨਾ ਹੋਵੇ ਪਰ ਸਿਖੀ ਦੀ ਨੀਂਹ ਤਾਂ ਇਸ ਵਿਸ਼ਵਾਸ਼ ਪੁਰ ਹੈ ਕਿ ਜਿਨ੍ਹਾਂ ਦੇ ਮੂੰਹੋਂ ਇਹ ਬਾਣੀ ਨਿਕਲੀ, ਉਹ ਗੁਰੂ ਸਨ। ਉਹ ਅੰਤਰ ਆਤਮੇ ਨਿਰੰਕਾਰ ਨਾਲ ਇਕ ਸਨ। ਜੇ ਗੁਰੂ ਅਰਜਨ ਤੇ ਗੁਰੂਨਾਨਕ ਆਮ ਆਦਮੀਆਂ ਵਰਗੇ ਮਨਤਕੀ ਤੇ ਦਲੀਲ-ਬਾਜ਼ ਹੀ ਸਨ ਤਾਂ ਉਨ੍ਹਾਂ ਦੀ ਬਾਣੀ ਨਿਰ੍ਹੀ ਅਕਲ ਦੀ ਨੀਂਹ ਤੇ ਟੁਕ ਬੰਦੀ ਹੀ ਰਹਿ ਜਾਂਦੀ ਹੈ। ਫਿਰ ਉਸ ਦਾ ਮੱਹਤਵ ਕੀ ਤੇ ਉਸ

ਪੂਰ ਵਿਸ਼ਵਾਸ ਕਰਕੇ ਉਸਦੀ ਸਚਾਈ ਨੂੰ ਕਿਉਂ ਮੰਨੀਏ? ਇਸ ਅਸੂਲ ਨੂੰ ਰੱਦ ਕਰਕੇ ਗੁਰਬਾਣੀ ਤੇ ਕੱਚੀ ਬਾਣੀ ਦਾ ਸਾਰਾ ਫਰਕ ਮਿਟ ਜਾਂਦਾ ਹੈ। ਫਿਰ ਗੁਰੂ ਅਰਜਨ ਦੇਵ ਜੀ ਨੂੰ ਕੀ ਬਿਪਤਾ ਪਈ ਸੀ ਕਿ ਉਹ ਅਸਲੀ ਬਾਣੀ ਨੂੰ ਨਕਲੀ ਬਾਣੀ ਨਾਲੋਂ ਅਡ ਕਰਕੇ ਇਕ 'ਬੀੜ ਵਿੱਚ ਇਕੱਤ੍ਰ ਕਰਦੇ। ਜੀ. ਬੀ. ਸਿੰਘ ਹੋਰਾਂ ਦਾ ਆਪਣਾ ਵਿਸ਼ਵਾਸ ਭਾਵੇਂ ਕੁਝ ਹੋਵੇ। ਗੁਰੂ ਸਿਖੀ ਵਿੱਚ ਤਾਂ ਇਹ ਦ੍ਰਿੜਾਇਆ ਗਿਆ ਹੈ ਕਿ:–

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ
ਗੁਰ ਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥੧੪॥

ਵਾਰ ਗਉੜੀ ਮ: ੪

ਅਤੇ

ਸਤਿਗੁਰ ਵਿਚਿ ਆਪੁ ਰਖਿਓਨੁ
ਕਰਿ ਪਰਗਟੁ ਆਖਿ ਸੁਣਾਇਆ ॥ ੬ ॥

ਵਾਰ ਆਸਾ ਮ: ੧

ਜੇ ਕਰਤਾ ਦਾ ਕਥਨ ਮੰਨ ਲਈਏ ਤਾਂ ਸਿਖੀ ਨੂੰ ਤਿਲਾਂਜਲੀ ਦੇ ਦੇਵੀਏ।

ਬਾਕੀ ਰਿਹਾ ਇਹ ਕਥਨ ਕਿ 'ਖੋਜੀ ਦੀ ਤਰਕ' ਤੇ ਮੁਹਕੱਕ ਦੀ ਦਲੀਲ-ਬਾਜ਼ੀ ਵਿੱਚ 'ਦੈਵੀ ਜੋਤ' ਜਾਂ ਈਸ਼ਵਰੀ ਸ਼ਕਤੀ ਨੂੰ ਕੋਈ ਥਾਂ ਨਹੀਂ। ਇਹ ਸੱਚ ਹੈ। ਹਰ ਇਕ ਮਨੁਖ ਦੀ ਦਲੀਲ ਉਸਦੇ ਆਪਣੇ ਤਜਰਬੇ ਤੋਂ ਉਪਰ ਨਹੀਂ ਉਠ ਸਕਦੀ। ਜਿਸ ਖੋਜੀ ਜਾਂ ਮੁਹਕੱਕ ਨੂੰ ਈਸ਼ਵਰ ਦੀ ਹੋਂਦ ਤੇ ਹੀ ਵਿਸ਼ਵਾਸ ਨਹੀਂ ਉਸਨੂੰ 'ਦੈਵੀ ਜੋਤ ਕਿਥੋਂ ਦਿਸ ਪੈਣੀ ਹੋਈ? ਉਸਨੇ ਅਜਿਹੇ ਸਾਧਨਾਂ ਦਾ ਅਭਿਆਸ ਹੀ ਕਿਉਂ ਕਰਨਾ ਹੈ ਜਿਸ ਦੁਆਰਾ ਦੈਵੀ ਜੋਤ ਉਸ ਦੇ ਅੰਦਰ ਜਗੇ। ਉਹ ਆਪਣੀ ਅਕਲ ਤੇ ਤਜਰਬੇ ਤੇ ਹੀ ਭਰੋਸਾ ਰਖਣ ਵਾਲਾ ਮਨੁਖ, ਮਨਮੁਖ ਹੈ ਤੇ ਸਾਰੀ ਆਯੂ ਆਪਣੇ ਮਨ ਦੇ ਮਗਰ ਤੁਰ ਕੇ ਮਨਮੁਖ ਹੀ ਰਹੇਗਾ।

ਇਸ ਅਸੂਲ ਨੂੰ ਮੰਨਿਆਂ ਸਾਰੀ ਆਤਮ ਉੱਨਤੀ ਤੋਂ ਹਥ ਧੋਣੇ ਪੈਂਦੇ ਹਨ। ਸਗੋਂ ਆਤਮਾ ਦੀ ਹੋਂਦ ਤੋਂ ਵੀ। ਕਿਉਂਕਿ ਜੇ ਆਤਮਾਂ ਦੀ ਹੋਂਦ ਮੰਨੀਏ ਤਾਂ ਉਸਦੀ ਉਨਤੀ ਅਵਸ਼ ਮੰਨਣੀ ਪੈਂਦੀ ਹੈ। ਜਿਹੜੇ ਨਾਸਤਕ ਹਨ ਉਨ੍ਹਾਂ ਦਾ ਧਾਰਮਿਕ ਖੋਜ ਨਾਲ ਸਬੰਧ ਹੀ ਕੀ? ਉਹ ਤਾਂ ਪਰਚਾਰ ਕਰਦੇ ਹਨ ਕਿ ਨਾ ਈਸ਼ਵਰ ਹੈ ਨਾ ਆਤਮਾ। ਫਿਰ ਉਹ ਕੱਚੀ ਤੇ ਸੱਚੀ ਬਾਣੀ ਵਿੱਚ ਕਿਸਤਰਾਂ ਫਰਕ ਲਭ ਸਕਦੇ ਹਨ। ਸਤਿਗੁਰੂ ਦੀ ਬਾਣੀ ਸੱਚੀ ਦੀ ਪਛਾਣ ਉਸੇ ਸਿਖ ਨੂੰ ਹੀ ਹੋ ਸਕਦੀ ਹੈ ਜੋ ਸਤਿਗੁਰ ਦੀ ਸਿਖਿਆ ਮੰਨਕੇ ਬਾਣੀ ਅਨੁਸਾਰ ਆਪਣਾ ਜੀਵਨ ਢਾਲ ਰਿਹਾ ਹੈ। ਉਹ ਆਤਮ ਮੰਡਲਾਂ ਵਿੱਚ ਅਗੇ ਵਧ ਰਿਹਾ ਹੈ ਤੇ ਸੱਚੀ ਬਾਣੀ ਦੀ ਸਚਾਈ ਉਸ ਦੇ ਤਜਰਬੇ ਵਿਚ ਆਕੇ ਉਸ ਪੁਰ ਸੂਰਜ ਵਤ ਪਰਗਟ ਹੋ ਰਹੀ ਹੈ। ਨਾਸਤਕ ਜੇ ਬਾਣੀ ਨੂੰ ਦਲੀਲਾਂ ਨਾਲ ਪਰਖੇਗਾ ਤਾਂ ਉੱਲੂ ਵਾਂਗ ਉਸਨੇ ਸੂਰਜ ਦੀ ਹੋਂਦ ਤੋਂ ਝੱਟ ਹੀ ਇਨਕਾਰ ਕਰ ਦੇਣਾ ਹੈ।

ਫਿਰ ਆਪ ਨੇ ਜੋ ਇਹ ਲਿਖਿਆ ਹੈ ਕਿ "ਜੋ ਕੁਝ ਬਹੁਤੇ ਲੋਕ ਆਖਦੇ ਹਨ, ਮੂਰਖ ਹੋਣ ਜਾਂ ਸਿਆਣੇ, ਜੇ ਕਰ ਕੋਈ ਅੰਨ੍ਹਾ ਹੋਕੇ ਸੱਚ ਮੰਨਣ ਲਈ ਤਿਆਰ ਨਹੀਂ ਅਰ ਲੋਕਾਂ ਨੂੰ ਨਰਾਜ਼ ਕਰਨ ਦੀ ਦਲੇਰੀ ਨਹੀਂ ਕਰ ਸਕਦਾ ਤਾਂ ਉਹ ਚੁਪ ਹੋ ਰਹੇ।" ਇਸ ਦਾ ਬਾਣੀ ਦੀ ਪਰਖ ਸੰਬੰਧੀ ਦਲੀਲ ਨਾਲ ਕੀ ਤਅੱਲਕ। ਬਾਣੀ ਦਾ ਪਰਖਣਾ ਕੋਈ ਬਹੁਤੇ ਲੋਕਾਂ ਦੀ ਰਾਇ ਲੈਕੇ ਤਾਂ ਨਹੀਂ ਸੀ ਕੀਤਾ ਗਿਆ। ਉਹ ਤਾਂ ਇਕੱਲੇ ਗੁਰੂ ਅਰਜਨ ਦੇਵ ਜੀ ਨੇ ਆਪ ਪਰਖੀ ਜੋ ਆਪ ਉਸ ਬਾਣੀ ਦੀ ਨੀਂਹ ਤੇ ਆਪਣਾ ਜੀਵਨ ਬਿਤਾ ਰਹੇ ਸਨ। ਪਰਖ ਵਿਚ ਤਾਂ ਕੋਈ ਸਿੱਖ, ਭਾਈ ਗੁਰਦਾਸ ਜਾਂ ਭਾਈ ਬੁਢੇ ਵਰਗਾ ਸਿਦਕੀ ਵੀ ਸ਼ਾਮਲ ਨਹੀਂ ਹੋਇਆ। ਸਿੱਖ ਬਹੁਤਿਆਂ ਦੀ ਰਾਇ ਨੂੰ ਜੋ ਭਾਵੇਂ ਮੂਰਖ ਹੋਣ ਭਾਵੇਂ ਸਿਆਣੇ, ਅੰਨ੍ਹੇ ਹੋਕੇ ਨਹੀਂ ਮੰਨ ਰਹੇ। ਉਹ ਤਾਂ ਇਕ ਮਾਹਿਰ ਦੀ ਰਾਇ ਨੂੰ ਮੰਨ ਰਹੇ ਹਨ ਜੋ

ਆਪ ਗੁਰੂ ਸਨ ਤੇ ਜਿਨ੍ਹਾਂ ਦਾ ਸਾਰਾ ਜੀਵਨ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਉਹ ਸੱਚੇ ਗੁਰੂ ਸਨ।

ਹੁਣ ਘੜੀ ਦੀ ਘੜੀ ਜੇ ਅਸੀਂ 'ਦੈਵੀ ਜੋਤ' ਤੇ 'ਈਸ਼ਵਰੀ ਸ਼ਕਤੀ' ਦੀ ਹੋਂਦ ਨੂੰ ਇਕ ਪਾਸੇ ਭੀ ਰਖ ਦੇਵੀਏ ਤਾਂ ਕੀ ਸ: ਜੀ. ਬੀ. ਸਿੰਘ ਦਾ ਇਹ ਦਾਵਾ ਹੈ ਕਿ ਉਸ ਵਿਚ ਬਾਣੀ ਦੀ ਪਰਖ ਦੀ ਗੁਰੂ ਅਰਜਨ ਦੇਵ ਜੀ ਨਾਲੋਂ ਵਧੀਕ ਗੁਣ ਹਨ।

ਅਸ਼ਰਧਕ ਹਰ ਇਕ ਆਤਮਕ ਆਗੂ ਵਿਚ ਦੈਵੀ ਗੁਣਾਂ ਦੀ ਹੋਂਦ ਤੇ ਸ਼ੰਕਾ ਤਾਂ ਕਰ ਸਕਦਾ ਹੈ ਪਰ ਇਹ ਸ਼ੰਕਾ ਇਹ ਸਿਧ ਨਹੀਂ ਕਰਦੀ ਕਿ ਉਹ ਅਸ਼ਰਧਕ ਜਿਸ ਮਹਾਤਮਾ ਤੇ ਉਸ ਨੇ ਸ਼ੱਕ ਕੀਤਾ ਹੈ ਉਸ ਨਾਲੋਂ ਵਧੀਕ ਯੋਗਤਾ ਵਾਲਾ ਸਾਬਤ ਹੋ ਗਿਆ ਹੈ। "ਗੁਰੂ ਅਰਜਨ ਦੇਵ ਆਪ ਗੁਰੂ ਸਨ", "ਚੰਗੇ ਕਵੀ ਸਨ, ਪਿੰਗਲ ਦੀ ਸਾਰੀ ਖਬਰ ਸੀ, ਚੰਗੇ ਰਾਗੀ ਸਨ।" ਨਾਲ ਹੀ ਇਸ ਛਾਣ ਤੇ ਤਰਤੀਬ ਵਿੱਚ ਉਨਾਂ ਇਤਨੀ ਮਿਹਨਤ ਕੀਤੀ ਜਿਸ ਬਾਬਤ ਕਰਤਾ ਨੂੰ ਸਫੇ ਪਪ ਦੇ ਅੰਤ ਤੇ ਇਹ ਕਹਿਣਾ ਪਿਆ।

"ਜ਼ਰਾ ਖਿਆਲਕਰੋ ਕਿ ਇਸ ਛਾਂਟ ਤੇ ਤਰਤੀਬ ਦੇਣ ਵਿਚ ਅਤੇ ਘੜੀ ਮੁੜੀ ਲਿਖਣ ਵਿੱਚ ਕਿਤਨਾ ਸਮਾ ਤੇ ਕਿਤਨੀ ਮਿਹਨਤ ਖਰਚ ਹੋਈ ਹੋਵੇਗੀ। ਧੰਨ ਹਿੰਮਤ ਸੀ।"

ਇਕ ਹੋਰ ਗੱਲ ਲਿਖਣੀ ਜੀ. ਬੀ. ਸਿੰਘ ਹੋਰੀਂ ਭੁਲ ਗਏ ਹਨ। ਗੁਰੂ ਅਰਜਨ ਦੇਵ ਜੀ ਪਾਸ ਅਜਿਹੇ ਸਿਖ ਮੌਜੂਦ ਸਨ ਜਿਨਾਂ ਪਹਿਲੇ ਗੁਰੂ ਸਾਹਿਬਾਂ ਦੇ ਦਰਸ਼ਨ ਕੀਤੇ ਸਨ ਤੇ ਉਨ੍ਹਾਂ ਤੋਂ ਵਰਸਾਏ ਹੋਏ ਸਨ। ਹੁਣ ਇਕ ਪਾਸੇ ਤਾਂ ਗੁਰੂ ਅਰਜਨ ਦੇਵ ਹਨ ਜੋ ਰਾਤ ਦਿਨ ਬਾਣੀ ਵਿਚ ਸਰਸ਼ਾਰ ਸਨ ਤੇ ਜਿਨ੍ਹਾਂ ਪਾਸ ਬਾਣੀ ਦੇ ਅਸਲੀ ਨੁਸਖੇ ਮੌਜੂਦ ਸਨ ਤੇ ਚੰਗੇ ਚੰਗੇ ਦਾਨੇ ਤੇ ਸਿਆਣੇ, ਗੁਰੂ ਨਾਨਕ ਦੇਵ ਜੀ ਦੇ ਸਮੇ ਦੇ ਸਿਖ ਇਸ ਵੇਲੇ ਉਨ੍ਹਾਂ ਪਾਸ ਮੌਜੂਦ ਸਨ। ਦੂਜੇ ਪਾਸੇ 'ਪ੍ਰਾਚੀਨ ਬੀੜਾਂ' ਦਾ ਕਰਤਾ ਜਿਸ ਨੇ ਕਈ ਪੁਰਾਤਨ ਬੀੜਾਂ ਦੇ ਦਰਸ਼ਨ ਤਾਂ ਜ਼ਰੂਰ ਕੀਤੇ ਹੋਣਗੇ ਪਰ ਬਾਣੀ ਤੋਂ ਵਾਕਫ਼ੀ ਕਿੰਨੀਕੁ

ਹੈ ਉਹ ਇਕ ਇਸ ਟੂਕ ਤੋਂ ਸਾਬਤ ਹੈ ਜੋ ਅਸੀਂ ਇਸ ਪੁਸਤਕ ਦੇ ਸਫਾ ੬੦ ਤੋਂ ਦਿੰਦੇ ਹਾਂ:—

'ਏਸੇ ਤਰਾਂ 'ਸੋ ਦਰ ਕੇਹਾ' ਵਾਲੀ ਪਉੜੀ 'ਆਸਾਦੀ ਵਾਰ' ਵਿੱਚ ਤੇ ਫਿਰ ਰਹਿਰਾਸ ਵਿੱਚ ਜੋ ਸੰਧਿਆ ਲਈ ਨਿਤਨੇਮ ਹੈ, ਆਂਵਦੀ ਹੈ। ਚੂੰਕਿ 'ਆਸਾ ਦੀ ਵਾਰ' ਗੁਰੂ ਨਾਨਕ ਸਾਹਿਬ ਨੇ ਜਪੁ ਨਾਲੋਂ ਪਹਿਲੇ ਰਚੀ ਸੀ, ਇਸ ਕਰਕੇ 'ਜਪੁ' ਅਤੇ 'ਰਹਿਰਾਸ' ਵਿੱਚ ਉਸੇ 'ਆਸਾ ਦੀ ਵਾਰ' ਵਿਚੋਂ ਲੈਕੇ ਗੁਰੂ ਨਾਨਕ ਸਾਹਿਬ ਨੇ ਪਾਈ ਸੀ।'

'ਆਸਾ ਦੀ ਵਾਰ' ਉਹ ਬਾਣੀ ਹੈ ਜੋ ਲਗ ਪਗ ਹਰਇਕ ਉੱਘੇ ਗੁਰਦੁਵਾਰੇ ਵਿੱਚ ਰੋਜ਼ ਗਾਵੀਂ ਜਾਂਦੀ ਹੈ। ਜੇ ਕੋਈ ਸਿੱਖ ਆਪ ਬਾਣੀ ਦਾ ਪਾਠ ਨਾ ਭੀ ਕਰ ਸਕੇ ਤੇ ਕਦੀ ਕਦੀ ਹੀ ਗੁਰਦੁਆਰੇ ਜਾਵੇ ਤਾਂ ਵੀ ਉਸ ਨੂੰ ਇਹ ਖਬਰ ਜ਼ਰੂਰ ਹੁੰਦੀ ਹੈ ਕਿ 'ਸੋਦਰ ਦੀ ਪਉੜੀ' 'ਆਸਾ ਦੀ ਵਾਰ' ਵਿਚ ਨਹੀਂ। ਪਰ ਸ: ਜੀ. ਬੀ ਸਿੰਘ ਨੂੰ ਇਤਨਾ ਵੀ ਪਤਾ ਨਹੀਂ।

ਇਥੇ ਹੀ ਬੱਸ ਨਹੀਂ ਆਪ ਨੇ ਤ੍ਰਪਰ ਸਫੇ ਪੁਰ ਲਿਖ ਦਿਤਾ ਹੈ ਕਿ ਇਹ ਵਿਰਲਾ ਬੰਦ ਉਸ ਸਲੋਕ ਦਾ ਹੈ ਜੋ 'ਜਿਤ ਦਰ ਲਖੁ ਮੁਹਮਦਾ' ਤੋਂ ਅਰੰਭ ਹੁੰਦਾ ਹੈ ਅਤੇ ਜੋ ਇਸ ਪ੍ਰਕਾਰ ਹੈ;—

ਏਸ ਕਲੀਓ ਪੰਜ ਭੀਤੀਓ, ਕਿਓਂ ਕਰ ਰਖਾਂ ਪਤਿ।
ਜੇ ਬੋਲਾਂ ਤਾਂ ਆਖੀਐ, ਬੜ ਬੜ ਕਰੇ ਬਹੁਤ।
ਚੁਪ ਕਰਾਂ ਤਾਂ ਆਖੀਐ, ਇਤੁ ਘਟ ਨਾਹੀ ਮਤੁ।
ਜੇ ਬਹ ਰਹਾ ਤਾ ਆਖੀਐ, ਬੈਠਾ ਸਥਰੁ ਘਤਿ।
ਉਠ ਜਾਈਂ ਤਾ ਆਖੀਐ, ਛਾਰ ਗਇਆ ਸਿਰ ਘਤਿ।
ਜੇ ਨਿਵਾਂ ਤਾ ਆਖੀਐ, ਡਰਦਾ ਕਰੇ ਭਗਤਿ।
ਕਾਈ ਗਲੀ ਨ ਸੋਵਨੀ, ਕਿਥੇ ਕਢਾਂ ਝਤਿ।
ਏਥੈ ਓਥੈ ਨਾਨਕਾ ਕਰਤਾ ਰਖੈ ਪਤਿ।

'ਗੁਰ ਨਾਨਕ ਸਾਹਿਬ ਦੇ ਨਾਮ ਹੇਠਾਂ (ਗੁਰੂ) ਗ੍ਰੰਥ ਸਾਹਿਬ

...ਵਿਚ ਦਿਤਾ ਹੋਇਆ ਹੈ।' ਇਸ ਤੁਕ ਤੋਂ ਸਾਬਤ ਹੁੰਦਾ ਹੈ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗਹੁ ਨਾਲ ਕਦੀ ਸਾਰਾ ਪਾਠ ਨਹੀਂ ਕੀਤਾ। ਨਹੀਂ ਤਾਂ ਇਹ ਗਲਤ ਗੱਲ ਆਪ ਕਦੀ ਨਾ ਲਿਖਦੇ। ਇਹ ਸਲੋਕ ਕਿਤੇ ਵੀ ਸ੍ਰੀ ਕਰਤਾਰ ਪੁਰ ਵਾਲੀ ਬੀੜ ਵਿਚ ਦਰਜ ਨਹੀਂ ਜੋ ਗੁਰੂ ਅਰਜ਼ਨ ਦੇਵ ਜੀ ਨੇ ਤਿਆਰ ਕੀਤੀ ਸੀ।

ਸਾਡੇ ਪਾਠਕ ਚੰਗੀ ਤਰਾਂ ਜਾਣਦੇ ਹਨ ਕਿ 'ਸਿਖੀ' ਇਕ ਜੀਵਨ ਹੈ। ਨਿਰਾ ਕੁਝ ਇਕ ਧਾਰਮਕ ਸਿਧਾਂਤਾਂ ਦੀ ਦਿਮਾਗੀਮਨੌਤ ਜਾਂ ਉਕਤੀ ਯੁਕਤੀ ਵਿਚ ਚਤੁਰ ਹੋਣ ਨਾਲ ਕੋਈ 'ਸਿਖੀ' ਦੀ ਅਸਲੀਅਤ ਨੂੰ ਨਹੀਂ ਸਮਝ ਸਕਦਾ। ਭਾਈ ਗੁਰਦਾਸ ਜੀ ਨੇ ਫੁਰਮਾਇਆ ਹੈ:-

'ਗੁਰ ਸਿਖੀ ਦੀ ਕਾਰ ਏਹ ਗੁਰ ਫੁਰਮਾਏ ਗੁਰ ਸਿਖ ਕਰਣਾ'

ਪੰਜਵੇਂ ਗੁਰੂ ਜੀ ਨੇ ਇਸ ਸਿੱਖੀ ਦੀ ਕਾਰ ਨੂੰ ਕਿਸ ਹੱਦ ਤਕ ਕਮਾਇਆ, ਇਸ ਦੀ ਗਵਾਹੀ ਸਿਖ ਇਤਿਹਾਸ ਮੋਟੇ ਤੇ ਸੁਨਹਿਰੀ ਹਰਫਾਂ ਵਿਚ ਲਿਖੀਆਂ ਸਾਖੀਆਂ ਵਿੱਚ ਦੇ ਰਿਹਾ ਹੈ ਤੇ ਕਰਤਾ 'ਪ੍ਰਾਚੀਨ ਬੀੜਾਂ' ਇਸ ਕਮਾਈ ਵਿੱਚ ਕਿੱਥੋਂ ਤਕ ਅਪੜੇ ਇਸ ਦੀ ਉਗਾਹੀ ਕਰਤਾ ਨੇ ਆਪ ਹੀ ਆਪਣੀ ਲਿਖੀ ਪੁਸਤਕ ਵਿਚ ਦੇ ਦਿੱਤੀ ਹੈ। ਸਫਾ ੩੨੧ ਪੁਰ ਲਿਖਿਆ ਹੈ:-

"ਤਖਤ ਹੋਣ ਕਰਕੇ ਇਥੇ (ਪਟਨੇ ਸਾਹਿਬ) 'ਰਹਿਤ' ਦੀ ਬੜੀ ਪੁਛ ਗਿਛ ਬਹੁਤ ਹੁੰਦੀ ਹੈ, ਅਤੇ ਸਭ ਤੋਂ ਪੁਰਾਣਾ ਗਰੰਥ ਸਾਹਿਬ ਇਕਾਦਸ਼ੀ ਵਾਲੇ ਦਿਨ ਤੋਂ ਬਿਨਾਂ ਖੋਲ੍ਹਿਆ ਨਹੀਂ ਜਾਂਦਾ, ਸਿਵਾਇ ਖਾਸ ਤੌਰ ਪੁਰ ਲੰਗਰ ਆਦਿ ਕਰਾਨ ਦੇ। ਸੋ ਮੈਂ ਆਪਣੇ ...ਜਾਣ ਦਾ ਪੂਰਾ ਫਾਇਦਾ ਨਹੀਂ ਉਠਾ ਸਕਿਆ।"
...ਇਕ ਨੋਟ ਵਿਚ ਕਾਰਨ ਦੱਸਿਆ ਹੈ।

'ਪਹਿਲੀ ਵਾਰੀ ਮੈਂ ਖੁਦ ਮਹੰਤ ਸੁਮੇਰ ਸਿੰਘ ਹੋਰਾਂ ਤੋਂ ਅੰਮ੍ਰਿਤ ਛਕਿਆ ਸੀ। ਉਸ ਤੋਂ ਪਿਛੋਂ ਦੋ ਵਾਰੀ ਤਖਤ ਹਜ਼ੂਰ ਸਾਹਿਬ ...ਹੁਣ ਚੌਥੀ ਵਾਰੀ ਮੈਂ ਛਕਣਾ ਨਹੀਂ ਸਾਂ ਚਾਹੁੰਦਾ, ਜੋ ਮੇਰੇ ਪੁਰ

ਸੁਰਤ ਲਗਾਈ ਸੀ।'

ਜਿਸ ਦਾ ਭਾਵ ਇਹ ਹੈ ਕਿ ਤਿੰਨ ਵੇਰ ਅੰਮ੍ਰਿਤ ਛਕ ਕੇ ਆਪ ਪਤਿਤ ਹੋ ਚੁਕੇ ਸਨ ਤੇ ਹੁਣ ਫਿਰ ਪਤਿਤ ਹੋਣ ਕਰਕੇ ਤਖ਼ਤ ਸਾਹਿਬ ਪੁਰ ਚੜ੍ਹਨ ਨਾ ਦਿਤਾ ਗਿਆ। ਇਹ ਲਿਖਤ ਜ਼ਾਹਿਰ ਕਰਦੀ ਹੈ ਕਰਤਾ ਦਾ ਸਿੱਖੀ ਅਸੂਲਾਂ ਪੁਰ ਵਿਸ਼ਵਾਸ ਤੇ ਉਨਾਂ ਦੀ ਕਮਾਈ। ਬਾਣੀ ਨਾਲ ਵਾਕਫ਼ੀ ਦਾ ਇਹ ਹਾਲ ਹੈ ਜੋ ਅਸਾਂ ਉਪਰ ਦੱਸਿਆ ਹੈ। ਸਿੱਖੀ ਵਿਚ ਸਿਦਕ ਦਾ ਹਾਲ ਆਪ ਆਪਣੇ ਮੂੰਹੋਂ ਦੱਸ ਰਹੇ ਹਨ। ਹੁਣ ਆਪ ਕਹਿੰਦੇ ਹਨ ਕਿ ਅਸੀਂ ਚੂੰਕਿ ਦਲੀਲਬਾਜ਼ ਤੇ ਮੁਹਕੱਕ ਹਾਂ ਸਾਨੂੰ ਬਾਣੀ ਦੇ ਬੋਹਿਥ ਤੇ ਸਿਦਕ ਦੇ ਪੁੰਜ ਗੁਰੂ ਅਰਜਨ ਦੇਵ ਨਾਲੋਂ ਸਤਿਗੁਰਾਂ ਦੀ ਬਾਣੀ ਦਾ ਵਧੀਕ ਪਾਰਖੂ ਮੰਨੋ। ਉਹ ਭਾਵੇਂ ਗੁਰੂ ਸਨ ਪਰ ਤਾਂ ਭੀ ਗਲਤੀ ਕਰ ਸਕਦੇ ਸਨ ਤਾਂ ਆਪ ਕੀ ਹੋ ਕਿ ਤੁਸਾਨੂੰ ਅਸੀਂ ਗਲਤੀ ਤੋਂ ਪਾਕ ਮੰਨੀਏ? ਇਹ ਪੁਸਤਕ ਜਿਸ ਵਿਚ ਗਲਤ ਬਿਆਨੀਆਂ ਤੇ ਭੁੱਲਾਂ ਦੀ ਭਰਮਾਰ ਹੈ, ਕਰਤਾ ਦੇ ਮੁਹਕੱਕ ਅਤੇ ਗਲਤੀਆਂ ਤੋਂ ਮੁੱਬਰਾ ਹੋਣ ਦੀ ਇਕ ਅਧਿਭੁਤ ਮਿਸਾਲ ਹੈ।

ਬਾਣੀ ਦੀ ਪਰਖ ਲਈ ਰਾਗੀ ਤੇ ਕਵੀ ਹੋਣਾ ਵੀ ਜ਼ਰੂਰੀ ਹੈ। ਫਿਰ ਉਸ ਵਿਥ ਨੂੰ ਲਵੋ ਜੋ ਸਮੇ ਦੇ ਗੇੜ ਨਾਲ ਗੁਰੂ ਨਾਨਕ ਦੇਵ ਤੇ ਗੁਰੂ ਅਰਜਨ ਦੇਵ ਵਿੱਚ ਸੀ ਤੇ ਜੋ ਪਹਿਲੇ ਗੁਰੂ ਜੀ ਤੇ ਸ: ਜੀ. ਬੀ. ਸਿੰਘ ਵਿੱਚ ਹੈ। ਇਹ ਗੱਲਾਂ ਸਾਰੀਆਂ ਸੋਚਕੇ ਸੱਚ ਦੇ ਢੂੰਡਾਊ ਤਾਂ ਗੁਰੂ ਅਰਜਨ ਦੇਵ ਨੂੰ ਹੀ ਚੰਗੇਰਾ ਪਾਰਖੂ ਮੰਨਣਗੇ। ਸ: ਜੀ. ਬੀ. ਸਿੰਘ ਆਪਣੇ ਆਪ ਨੂੰ ਭਾਵੇਂ ਕਿਤਨਾ ਉਚਾ ਦਰਜਾ ਦੇ ਲਵੇ।

ਖੋਜ ਵਿੱਚ ਵੱਡਾ ਗੁਣ ਇਹ ਹੁੰਦਾ ਹੈ ਕਿ ਖੋਜੀ ਵਾਕਿਆਤ ਦੀ ਬਿਨਾਂ ਪੁਰ ਤੁਰੇ। ਅੰਦਾਜ਼ੇ ਨਾ ਲਾਏ। ਜੀ. ਬੀ. ਸਿੰਘ ਹੋਰਾਂ ਨੇ ਗੁਰੂ ਗਰੰਥ ਸਾਹਿਬ ਵਿਚੋਂ ਇਹ ਵੇਖਣ ਦੀ ਖੇਚਲ ਵੀ ਨਹੀਂ ਕੀਤੀ ਕਿ ਆਇਆ 'ਏਸ ਕਲੀਉ ਪੰਜ ਭੀਤਉ' ਵਾਲਾ ਵਿਚਲਾ

ਬੰਦ ਗੁਰੂ ਗਰੰਥ ਸਾਹਿਬ ਦੀ ਉਸ ਬੀੜ ਵਿਚ ਜੋ ਗੁਰੂ ਅਰਜਨਦੇਵ ਜੀ ਨੇ ਰਚੀ, ਹੈ ਭੀ ਕਿ ਨਹੀਂ। ਜਿਸ ਕੋਲੋਂ ਇਤਨੀ ਮਿਹਨਤ ਵੀ ਨਹੀਂ ਹੋਸਕਦੀ, ਉਸਨੂੰ ਖੋਜੀ ਮੰਨਣਾ ਮੇਰੇਲਈ ਤਾਂ ਸੰਭਵਨਹੀਂ। ਫਿਰ ਇਸ ਆਪਣੀ ਗਲਤੀ ਦੇ ਆਧਾਰਪੁਰ ਝਟ ਇਹ ਲਿਖ ਦਿਤਾ 'ਇਸ ਸ਼ਬਦ ਦੇ ਤਿੰਨ ਬੰਦ ਹਨ। ਵਿਚਲਾ ਬੰਦ ਗੁਰੂ ਨਾਨਕ ਸਾਹਿਬ ਦੇ ਨਾਮ ਹੇਠਾਂ (ਗੁਰੂ) ਗਰੰਥ ਸਾਹਿਬ ਵਿਚ ਦਿਤਾ ਹੋਇਆ ਹੈ। ਪ੍ਰਤੱਖ ਹੈ ਕਿ ਇਸ ਸ਼ਬਦ ਦੇ ਤਿੰਨੇ ਬੰਦ ਜਾਂ ਸਾਰਾ ਸ਼ਬਦ ਹੀ ਗੁਰੂ ਅਰਜਨ ਦੇਵ ਦੇ ਸਾਹਮਣੇ ਮੌਜੂਦ ਸੀ।' ਇਹ ਵਿਚਲਾ ਬੰਦ ਤਾਂ ਗੁਰੂ ਗ੍ਰੰਥ ਸਾਹਿਬ ਵਿੱਚ ਹੈ ਨਹੀਂ। ਹੁਣ ਤੁਹਾਡਾ ਇਹ ਸਿੱਟਾ ਕਿ ਇਹ ਸ਼ਬਦ ਗੁਰੂ ਸਾਹਿਬ ਦੇ ਸਾਹਮਣੇ ਮੌਜੂਦ ਸੀ ਕਿਥੋਂ ਤੀਕ ਵਾਕਿਆਤ ਦੀ ਨੀਂਹ ਤੇ ਹੈ ਤੁਸੀ ਆਪੇ ਹੀ ਫੈਸਲਾ ਕਰੋ।

ਇਥੇ ਹੀ ਬੱਸ ਨਹੀਂ ਕੀਤੀ। ਬਾਬੇ ਮੋਹਨ ਜੀ ਵਾਲੀਆਂ ਪੋਥੀਆਂ ਦੇ ਆਪ ਨੇ ਦਰਸ਼ਨ ਤਕ ਕਦੀ ਨਹੀਂ ਕੀਤੇ, ਪਰ ਆਪਣੀ ਖਿਆਲੀ ਖੋਜ ਦੇ ਸਿੱਟੇ ਪੁਰ ਪੁਜਣ ਲਈ ਸਫਾ ੨੯,੩੦ ਪੁਰ ਲਿਖਿਆ ਹੈ:—

'ਇਹਨਾਂ ਪੋਥੀਆਂ ਵਿਚ ਉਸ ਬਾਣੀ ਤੋਂ ਇਲਾਵਾ ਜੋ ਗੁਰੂ ਗਰੰਥ ਸਾਹਿਬ ਵਿਚ ਦਰਜ ਕਰ ਲਈ ਗਈ ਹੈ, ਹੋਰ ਬਾਣੀ ਭੀ ਸੀ, ਜੋ ਗੁਰੂ ਨਾਨਕ ਦੇ ਨਾਮ ਪੁਰ ਮਸ਼ਹੂਰ ਹੋ ਚੁਕੀ ਸੀ। ਇਹੋ ਜੇਹੀ ਬਾਣੀ ਦਾ ਇਨ੍ਹਾਂ ਪੋਥੀਆਂ ਵਿਚ ਹੋਣਾ ਜਰੂਰੀ ਸੀ। ਇਹ ਤਾਂ ਹੀ ਨਹੀਂ ਸੀ ਹੋ ਸਕਦੀ ਜੇ ਅਸੀ ਸਹੰਸਰ ਰਾਮ ਨੂੰ ਪੈਗੰਬਰ ਮੰਨ ਲਈਏ ਤੇ ਉਸਨੂੰ ਅਲਹਾਮ ਹੁੰਦਾ ਮੰਨ ਲਈਏ। ਪਰ ਇਸ ਤਰਾਂ ਮੰਨਣ ਨਾਲ ਗੁਰੂ ਅਰਜਨ ਜੀ ਦੀ ਸਾਰੀ ਕੀਤੀ ਕਿਤਾਈ ਖੂਹ ਵਿਚ ਪਾ ਦਿਆਂਗੇ।* (ਗੁਰੂ)ਗ੍ਰੰਥ ਸਾਹਿਬ ਦੇ ਪਹਿਲੇ ਕੀਤੇ

*ਪਰ ਕਰਤਾ ਨੇ ਇਹ ਪੁਸਤਕ ਲਿਖਕੇ ਪੰਜਵੇਂ ਗੁਰੂ ਜੀ ਦੀ ਕੀਤੀ ਕਿਤਾਈ ਨੂੰ ਖੂਹ ਵਿਚ ਪਾਣ ਦਾ ਆਪਣੇ ਵਲੋਂ ਸਿਰ ਤੋੜ ਯਤਨ ਕੀਤਾ ਹੈ।

ਉਤਾਰਿਆਂ ਵਿਚ ਵੀ, ਜੋ ਗੁਰੂ ਹਰਿ ਗੋਬਿੰਦ ਸਾਹਿਬ ਦੇ ਵੇਲੇ ਹੋਏ ਲਿਖਾਰੀਆਂ ਨੇ ਗ੍ਰੰਥ ਸਾਹਿਬ ਦੇ ਅੰਤ ਪੁਰ ਕੋਰਿਆਂ ਵਰਕਿਆਂ ਉਤੇ ਕੁਝ ਫਾਲਤੂ ਅਪ੍ਰਮਾਣੀਕ ਬਾਣੀਆਂ ਲਿਖਣੀਆਂ ਸ਼ੁਰੂ ਕਰ ਦਿਤੀਆਂ ਸਨ, ਜਿਸਤਰਾਂ ਕਿ:—

ਸਲੋਕ ਮਹਲਾ ੧—ਜਿਤ ਦਰ ਲਖ ਮੁਹਮਦਾ
ਸਲੋਕ ਮਹਲਾ ੧—ਬਾਦਿ ਆਤਿਸ਼ ਆਬ
ਰਤਨ ਮਾਲਾ ਮਹਲਾ ੧—ਆਸਨ ਸਾਧ ਨਿਰਾਲਮ

ਇਹ ਸਭ ਬਾਣੀਆਂ (ਗੁਰੂ) ਗ੍ਰੰਥ ਸਾਹਿਬ ਦੇ ਲਿਖਾਰੀਆਂ ਨੇ ਬਾਬੇ ਮੋਹਨ ਵਾਲੀਆਂ ਉਹਨਾਂ ਦੋ ਪੋਥੀਆਂ ਤੋਂ ਹੀ ਨਕਲ ਕੀਤੀਆਂ ਸਨ, ਬਾਹਰੋਂ ਕਿਸੇ ਦੀ ਜ਼ਬਾਨੀ ਸੁਣਕੇ ਨਹੀਂ ਲਿਖੀਆਂ ਸਨ।'

ਕਰਤਾ ਦਾ ਖਿਆਲ ਇਹ ਹੋਣਾ ਹੈ ਕਿ ਹੁਣ ਉਹ ਦੋ ਪੋਥੀਆਂ ਸ੍ਰੀ ਗੋਇੰਦ ਵਾਲ ਜੀ ਤੋਂ ਤਾਂ ਚਲੀਆਂ ਗਈਆਂ ਹਨ, ਇਸ ਲਿਖਤ ਦਾ ਸਚ ਝੂਠ ਕਿਸ ਪਰਖਣਾ ਹੈ। ਪਰ ਕਰਤਾ ਦੀ ਬਦਕਿਸਮਤੀ ਸਮਝੋ ਕਿ ਭੱਲੇ ਸਾਹਿਬਜ਼ਾਦੇ ਜੱਦੀ ਜਾਇਦਾਦ ਸਮਝ ਕੇ ਉਨ੍ਹਾਂ ਨੂੰ ਲੈ ਤਾਂ ਗਏ ਹਨ ਪਰ ਉਨਾਂ ਨੂੰ ਇਕ ਵਡਮੁਲੀ ਚੀਜ਼ ਸਮਝ ਕੇ ਉਨਾਂ ਜ਼ਾਇਆ ਨਹੀਂ ਹੋਣ ਦਿਤਾ। ਪ੍ਰਸਿੱਧ ਸਿੱਖ ਇਤਿਹਾਸਕਾਰ ਬਾਬਾ ਪ੍ਰੇਮ ਸਿੰਘ ਜੀ ਹੋਤੀ ਵਾਲੇ ਜੋ ਆਪ ਇਸੇ ਕੁਲ ਦੇ ਹਨ ਲਿਖਦੇ ਹਨ ਕਿ ਉਹ ਦੋਵੇਂ ਪੋਥੀਆਂ ਸਹੀ ਸਲਾਮਤ ਹਨ ਤੇ ਉਨ੍ਹਾਂ ਦੀ ਪਹੁੰਚ ਵਿਚ ਹਨ ਅਤੇ ਚੰਗੀ ਤਰਾਂ ਗਹੁ ਨਾਲ ਪੜ੍ਹ ਕੇ ਉਨਾਂ ਵੇਖਿਆ ਹੈ ਤੇ ਦੱਸਿਆ ਹੈ ਕਿ ਇਹ ਉਪਰ ਲਿਖੀਆਂ ਬਾਣੀਆਂ ਉਨਾਂ ਪੋਥੀਆਂ ਵਿਚ ਬਿਲਕੁਲ ਨਹੀਂ।*

ਇਸ ਖੋਜ ਪੁਰ ਮਾਣ ਕਰਕੇ ਸ: ਜੀ. ਬੀ. ਸਿੰਘ ਮੁਹਕੱਕ ਬਣ ਰਿਹਾ ਹੈ। ਹੁਣ ਸਾਰੀ ਇਸ ਖੋਜ ਦਾ ਸਿੱਟਾ ਕੀ ਕੱਢਿਆ

*ਬਾਬਾ ਪ੍ਰੇਮ ਸਿੰਘ ਜੀ ਦੀ ਚਿਠੀ ਅੰਤਕਾ ੧।

ਹੈ ? ਆਪ ਕਹਿੰਦੇ ਹਨ, ਮੈਂ ਮੰਨਦਾ ਹਾਂ ਕਿ 'ਜਿਤ ਦਰ ਲਖ ਮੁਹਮਦਾ' ਅਤੇ 'ਬਾਇ ਆਤਿਸ਼ ਆਬ' ਇਹ ਸਲੋਕ ਗੁਰੂ ਨਾਨਕ ਦੇ ਹਨ। ਪਹਿਲਾ ਸਲੋਕ ਗੁਰੂ ਅਰਜਨ ਦੇਵ ਜੀ ਨੇ ਇਸ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਚੜ੍ਹਾਇਆ ਕਿ ਮਤਾਂ ਹਿੰਦੂ ਤੇ ਮੁਸਲਮਾਨ ਆਪਣੇ ਪੈਗੰਬਰਾਂ ਤੇ ਅਵਤਾਰਾਂ ਦੀ ਨਿੰਦਾ ਸੁਣ ਕੇ ਨਰਾਜ਼ ਨਾ ਹੋ ਜਾਣ। ਕਿੱਡੀ ਹੈਰਾਨੀ ਦੀ ਗੱਲ ਹੈ ਕਿ ਹੋਣ ਗੁਰੂ ਅਰਜਨ ਆਪ ਗੁਰੂ ਤੇ ਨਰਾਜ਼ਗੀ ਦੇ ਡਰ ਕਰਕੇ ਗੁਰੂ ਨਾਨਕ ਦੀ ਅਸਲੀ ਬਾਣੀ ਨੂੰ ਛਡ ਦੇਣ। ਸਿਖ ਤਾਂ ਕਿਤੇ ਰਹੇ ਕੋਈ ਵੀਚਾਰ-ਵਾਨ ਪਾਰਖੂ ਮਨੁਖ ਜਿਸ ਨੇ ਸ਼ਹੀਦਾਂ ਦੇ ਸਿਰਤਾਜ ਦਾ ਜੀਵਨ ਪੜ੍ਹਿਆ ਹੈ ਅਤੇ ਜੋ ਉਨਾਂ ਦੀ ਬਾਣੀ ਤੋਂ ਜਾਣੂ ਹੈ ਆਪ ਦੀ ਇਸ ਫ਼ਰਜ਼ੀ ਖੋਜ ਦੇ ਸਿੱਟੇ ਨੂੰ ਨਹੀਂ ਮੰਨ ਸਕਦਾ । ਇਕ ਹੋਰ ਲੁਤਫ਼ ਵਾਲੀ ਗਲ ਇਹ ਹੈ ਕਿ ਭਾਈ ਬੰਨੋ ਦੀ ਬੀੜ ਦਾ ਜ਼ਿਕਰ ਕਰਦੇ ਹੋਏ ਆਪ ੧੨੬ ਸਫ਼ੇ ਤੇ ਇਹ ਲਿਖਦੇ ਹਨ:-

'ਇਹ ਦੋ ਸ਼ਬਦ (ਸੂਰ ਦਾਸ ਦਾ 'ਛਡ ਮਨ ਹਰਿ ਬਿਮੁਖਨ ਕੋ ਸੰਗ' ਅਤੇ ਮੀਰਾਂ ਬਾਈ ਦਾ 'ਮਨ ਹਮਾਰੋ ਬੇਧਿਓ ਮਾਈ') ਤਾਂ ਰਾਗ ਸਾਰੰਗ ਤੇ ਰਾਗ ਮਾਰੂ ਦੇ ਛੇਕੜ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਵਧਾਏ ਗਏ ਹਨ ਪਰ (ਗੁਰੂ) ਗ੍ਰੰਥ ਸਾਹਿਬ ਦੇ ਪਿਛੇ ਵਾਧੂ ਪਤ੍ਰਿਆਂ ਪੁਰ ਹੋਰ ਕਈ ਬਾਣੀਆਂ ਵੀ ਇਸ ਬੀੜ ਵਿਚ ਦਰਜ ਹੋਈਆਂ। ਗੁਰ ਬਿਲਾਸ ਛੇਵੀਂ ਪਾਤਸ਼ਾਹੀ ਦੱਸਦਾ ਹੈ:-

'ਜਿਤ ਦਰ ਲਖ ਮੁਹਮਦਾ' ਸਲੋਕ ਤੀਨ ਲਿਖ ਪਾਇ।
'ਬਾਇ ਆਤਿਸ਼ ਆਬ' ਸੋਲਾਂ ਸਲੋਕ।
'ਰਤਨ ਮਾਲਾ' ਲਿਖ ਲਈ ਅਲੋਕ।
'ਰਾਹ ਮੁਕਾਮ ਕੀ ਸਾਖ' ਲਿਖਾਈ।
'ਰਾਗ ਮਾਲਾ' ਪਾਛੇ ਲਿਖ ਪਾਈ।
ਦੁਹੂੰ ਗਰੰਥ ਕੀ ਜਿਲਤ ਬਨ੍ਹਾਈ।
ਚਲੇ ਗੁਰੂ ਪਹਿ ਦੇਰ ਨ ਲਾਈ।

ਮੈਂ ਭਾਈ ਸਾਹਿਬ ਅਤੇ ਉਹਨਾਂ ਦੇ ਲਿਖਾਰੀਆਂ ਨੂੰ ਇਹ ਵਾਧਾ ਕਰਨ ਦਾ ਜ਼ਿੰਮੇਵਾਰ ਨਹੀਂ ਠਹਿਰਾ ਸਕਦਾ। ਉਸ ਬੀੜ ਵਿਚ ਕਈ ਵਾਧੇ ਤੇ ਅਦਲਾ ਬਦਲੀਆਂ ਪਿੱਛੋਂ ਹੋਈਆਂ ਹਨ। ਗੁਰੂ ਤੇਗ ਬਹਾਦਰ ਦੀ ਸਾਰੀ ਬਾਣੀ ਪਿਛੇ ਇਕ ਥਾਂ ਇਕੱਠੀ ਦਿੱਤੀ ਹੈ, ਅੰਦਰ ਹੜਤਾਲ ਆਦਿ ਫੇਰ ਕੇ 'ਵਾਰਾਂ' ਉਪਰ ਧੁਨੀਆਂ ਪਿਛੋਂ ਲਿਖੀਆਂ ਹਨ। ਸਵਾਲ ਤਾਂ ਇਹ ਹੈ ਕਿ ਇਹ ਉਪਰ ਲਿਖੀਆਂ ਬਾਣੀਆਂ ਉਸ ਬੀੜ ਵਿਚ ਕਦ ਪਾਈਆਂ ਗਈਆਂ। 'ਛੇਵੀਂ ਪਾਤਸ਼ਾਹੀ ਦਾ ਗੁਰ ਬਿਲਾਸ' ਮਹਾਰਾਜ ਸ਼ੇਰ ਸਿੰਘ ਦੇ ਵੇਲੇ ਜੇ ਨਹੀਂ ਮੁੱਕਾ, ਤਾਂ ਮਹਾਰਾਜ ਰਣਜੀਤ ਸਿੰਘ ਦੇ ਅਖੀਰਲੇ ਵੇਲੇ ਜ਼ਰੂਰ ਮੁਕ ਗਿਆ ਸੀ। ਉਸ ਦੇ ਬਿਆਨ ਤੋਂ ਇਹ ਤਾਂ ਸਿਧ ਹੁੰਦਾ ਹੈ ਕਿ ਉਸ ਵੇਲੇ ਤਕ ਇਹ ਬਾਣੀਆਂ ਮਾਂਗਟ ਵਾਲੀ ਬੀੜ ਵਿਚ ਲਿਖੀਆਂ ਜਾ ਚੁਕੀਆਂ ਸਨ । ਪਰ ਉਸ ਵੇਲੇ ਇਨ੍ਹਾਂ ਦੇ ਬੀੜ ਵਿਚ ਹੋਣ ਤੋਂ ਇਹ ਸਿਧ ਨਹੀਂ ਹੁੰਦਾ ਕਿ ਇਹ ਉਤਾਰਾ ਕਰਦੇ ਸਮੇ ਹੀ ਪੈ ਗਈਆਂ ਸਨ, ਅਤੇ ਉਸ ਵੇਲੇ ਮੌਜੂਦ ਸਨ ਜਦ ਬੀੜ ਜਿਲਦ ਬੰਨ੍ਹਣ ਲਈ ਦਿੱਤੀ ਗਈ ਅਤੇ ਜਿਲਦ ਬਨ੍ਹਾ ਕੇ ਗੁਰੂਸਾਹਿਬ ਦੇ ਪੇਸ਼ ਕੀਤੀ ਗਈ। ਜਿਸਤਰ੍ਹਾਂ ਕਿ ਉਪਰ ਕਿਹਾ ਹੈ, ਬੀੜ ਵਿਚ ਭਾਈ ਬੰਨੋ ਦੇ ਪਿਛਲਿਆਂ ਨੇ ਕਈ ਵਾਰ ਹਸਤਾ ਖੇਪ ਕੀਤੇ। 'ਵਾਰਾਂ' ਦੇ ਉਪਰ 'ਧੁਨੀਆਂ' ਲਿਖਣ ਲਈ ਪਿਛੋਂ ਜਗ੍ਹਾ ਬਣਾਈ ਸਾਫ਼ ਦਿਸ ਰਹੀ ਹੈ। ਕਿਤੇ ਹੜਤਾਲ ਨਾਲ ਪਹਿਲੇ ਲਿਖੇ ਨੂੰ ਮਿਟਾ ਕੇ ਲਕੀਰਾਂ ਦੇ ਵਿਚਕਾਰ 'ਧੁਨੀ' ਦੇ ਲਫ਼ਜ਼ ਦਰਜ ਕਰਨ ਲਈ ਥਾਂ ਬਣਾਈ ਹੈ, ਕਿਤੇ ਪੁਰਾਣੀਆਂ ਲੀਕਾਂ ਦੇ ਵਿਚਾਲੇ ਬਰੀਕ ਅੱਖਰਾਂ ਵਿਚ ਲਿਖਿਆ ਹੈ।* ਇਹ ਹਸਤਾ ਖੇਪ ਗੁਰੂ ਹਰਿ ਗੋਬਿੰਦ

---

*ਕਾਸ਼ ਕਿ ਕਰਤਾ ਨੇ ਸ੍ਰੀ ਕਰਤਾਰ ਪੁਰ ਵਾਲੀ ਆਦਿ ਬੀੜ ਦੇ ਦਰਸ਼ਨ ਕੀਤੇ ਹੁੰਦੇ। ਧੁਨੀਆਂ ਬਾਬਤ ਜੋ ਕੁਝ ਕਰਤਾ ਨੇ ਲਿਖਿਆ ਹੈ ਸਭ ਨਿਰਮੂਲ ਹੈ।

ਸਾਹਿਬ ਦੇ ਗਵਾਲੀਅਰ ਤੋਂ ਰਿਹਾ ਹੋ ਕੇ ਵਾਪਸ ਪੰਜਾਬ ਆਉਣ, ਅਰਥਾਤ ਸੰਨ ੧੬੨੧ ਅਰਥਾਤ ਸੰਮਤ ੧੬੭੮ ਦੇ ਬਾਦ ਹੋਇਆ।

'ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ' ਵਾਲੀ ਲਿਖਤ ਵਿਚ ਇਕ ਰਾਜੇ ਦਾ ਨਾਮ ਦਿੱਤਾ ਹੈ ਜਿਸ ਨੂੰ ਅਸੀਂ ਸੰਨ ੧੬੭੩ ਜਾਂ ਸੰਮਤ ੧੭੩੦ ਵਿਚ ਰੱਖ ਸਕਦੇ ਹਾਂ, ਅਰਥਾਤ ਗੁਰੂ ਤੇਗ ਬਹਾਦਰ ਦੇ ਚਲਾਣੇ ਤੋਂ ਦੋ ਵਰ੍ਹੇ ਪਹਿਲੇ। ਇਸ ਸੰਮਤ ਤੋਂ ਪਿਛੋਂ ਹੀ ਇਹ ਲੇਖ ਬੀੜਾਂ ਵਿਚ ਲਿਖੀਣ ਲੱਗਾ ਤੇ ਇਨ੍ਹਾਂ ਨਵੀਆਂ ਬਣੀਆਂ ਬੀੜਾਂ ਦੀ ਰੀਸੇ ਹੀ ਪੁਰਾਤਨ ਬੀੜਾਂ ਵਿਚ ਵੀ ਇਹ ਦਰਜ ਕਰ ਦਿੱਤੀ ਗਈ। ਨਾਵੇਂ ਮਹਿਲ ਦੀ ਬਾਣੀ ਮਾਂਗਟ ਵਾਲੀ ਬੀੜ ਵਿਚ ਸੰਮਤ ੧੭੩੨ ਦੇ ਪਿਛੋਂ ਪਈ। ਇਹ ਬਾਣੀ ਜਾਂ ਤਾਂ ਕੋਈ ਬੰਨੋਆਨੀਆ ਅਨੰਦ ਪੁਰ ਸਾਹਿਬ ਜਾ ਕੇ ਸੰਮਤ ੧੭੩੨ ਦੀ ਬੀੜ ਵਿੱਚੋਂ ਨਕਲ ਕਰ ਲਿਆਇਆ, ਜਾਂ ਜਿਸਤਰ੍ਹਾਂ ਬੰਨੋਆਨੀਏ ਆਖਦੇ ਹਨ, ਉਥੋਂ ਲਿਖੀ ਲਿਖਾਈ ਆਈ, ਮਤਲਬ ਸਭ ਪ੍ਰਾਚੀਨ ਬੀੜਾਂ ਨੂੰ ਗਸ਼ਤੀ ਚਿੱਠੀ ਵਾਂਗ ਗੁਰੂ ਸਾਹਿਬ ਦੇ ਹੁਕਮ ਨਾਲ ਸਰਕੂਲੇਟ ਕੀਤੀ ਗਈ। ਪਿਛਲੀ ਗੱਲ ਮੰਨਣ ਯੋਗ ਨਹੀਂ, ਅਤੇ ਸਹੀ ਇਹੋ ਗੱਲ ਜਾਪਦੀ ਹੈ ਕਿ ਵਿਸਾਖੀ, ਦਿਵਾਲੀ ਤੇ ਸੰਗਤਾਂ ਗੁਰੂ ਦਰਸ਼ਨ ਨੂੰ ਜਾਂਦੀਆਂ ਸਨ, ਤੇ ਸੰਮਤ ੧੭੩੨ ਦੇ ਪਿਛੋਂ ਅਜਿਹੇ ਕਿਸੇ ਮੌਕੇ ਪੁਰ, ਕੋਈ ਬੰਨੋਆਨੀਆ ਭਾਈ ਇਹ ਬਾਣੀ ਉਸ ਬੀੜ ਵਿੱਚੋਂ ਨਕਲ ਕਰ ਲਿਆਇਆ। ਅਤੇ ਜਿਸ ਵੇਲੇ ਇਹ ਬਾਣੀ ਆਪਣੀ ਪ੍ਰਾਚੀਨ ਬੀੜ ਦੇ ਅਖੀਰ ਇਕ ਥਾਂ ਦਰਜ ਕੀਤੀ, ਉਸ ਵੇਲੇ ਪੰਜ ਫਾਲਤੂ ਬਾਣੀਆਂ ਵੀ ਜੋ ਉਪਰ ਗਿਣੀਆਂ ਹਨ, ਦਰਜ ਕਰ ਦਿੱਤੀਆਂ, ਕਿਉਂਕਿ ਉਹ ਸੰਮਤ ੧੭੩੨ ਤੋਂ ਪਹਿਲੇ ਦਰਜ ਨਹੀਂ ਸਨ ਹੋ ਸਕਦੀਆਂ।''

ਇਹ ਲੰਮੀ ਟੂਕ ਅਸਾਂ ਇਸ ਮਤਲਬ ਲਈ ਦਿੱਤੀ ਹੈ ਕਿ ਖੋਜੀ ਨੇ ਜੋ ਡਰ ਦਾ ਦੋਸ਼ ਪੰਜਵੇਂ ਗੁਰੂ ਸਾਹਿਬ ਤੇ ਲਾਇਆ ਹੈ

ਉਸ ਦਾ ਕੋਈ ਸਬੂਤ ਇਨ੍ਹਾਂ ਦੇ ਪੱਲੇ ਨਹੀਂ ਰਹਿ ਜਾਂਦਾ। ਅਸੀ ਦੋ ਗਲਤ ਬਿਆਨੀਆਂ ਕਰਤਾ ਦੀਆਂ ਉਪਰ ਦਸ ਚੁਕੇ ਹਾਂ। ਬਾਬੇ ਮੋਹਨ ਜੀ ਦੀਆਂ ਪੋਥੀਆਂ ਵਿਚ ਇਹ ਸਲੋਕ ਦਰਜ ਨਹੀਂ। ਇਸ ਲਈ ਪੋਥੀਆਂ ਵਿੱਚੋਂ ਇਹ ਸਲੋਕ ਪੰਜਵੇਂ ਪਾਤਸ਼ਾਹ ਦੀ ਦ੍ਰਿਸ਼ਟੀ ਗੋਚਰ ਨਹੀਂ ਸਨ ਹੋ ਸਕਦੇ। ਕਰਤਾ ਦਾ ਇਹ ਲਿਖਣਾ ਕਿ ''ਜਿਤ ਦਰ ਲਖੁ ਮੁਹਮਦਾ'' ਵਾਲੇ ਸਲੋਕ ਦਾ ਵਿਚਲਾ ਬੰਦ ਗੁਰੂ ਜੀ ਨੇ ਆਦਿਬੀੜ ਵਿਚ ਦਰਜ ਕੀਤਾ ਇਸ ਲਈ ਉਨ੍ਹਾਂ ਇਹ ਸਾਰਾ ਸਲੋਕ ਤੱਕਿਆ ਉੱਕਾ ਹੀ ਨਿਰਮੂਲ ਹੈ, ਕਿਉਂਕਿ ਵਿਚਲਾ ਬੰਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿਤ੍ਰ 'ਆਦਿ ਬੀੜ' ਵਿਚ ਹੈ ਹੀ ਨਹੀਂ। ਤੇ ਜੇ ਇਹ ਸਲੋਕ ਭਾਈ ਬੰਨੋ ਵਾਲੀ ਬੀੜ ਵਿਚ ੧੭੩੨ ਤੋਂ ਪਹਿਲੇ ਦਰਜ ਨਹੀਂ ਹੋਏ ਤਾਂ ਪੇਸ਼ਤਰ ਇਸ ਦੇ ਕਿ ਕਰਤਾ ਸਤਿਗੁਰਾਂ ਉਤੇ ਡਰ ਦਾ ਦੂਸ਼ਨ ਥਾਪੇ, ਇਹ ਸਾਬਤ ਕਰਨਾ ਉਸ ਦਾ ਫ਼ਰਜ਼ ਹੈ ਕਿ ਇਹ ਸਲੋਕ ਉਸ ਵੇਲੇ ਮੌਜੂਦ ਸਨ ਤੇ ਪੰਚਮ ਪਾਤਸ਼ਾਹ ਦੀ ਦ੍ਰਿਸ਼ਟੀ ਗੋਚਰ ਹੋਏ। ਸ਼ੋਕ ਹੈ ਅਜਿਹੀ ਦਲੀਲ-ਬਾਜ਼ੀ ਤੇ ਜੋ ਹਵਾਈ ਕਿਲ੍ਹੇ ਉਸਾਰ ਕੇ ਸਤਿਗੁਰਾਂ ਦੀ ਸ਼ਾਨ ਵਿਚ ਅਜਿਹੇ ਨੀਵੇਂ ਸ਼ਬਦ ਵਰਤੇ। ਚੰਨ ਪੁਰ ਥੁਕਿਆਂ ਚੰਨ ਦਾ ਕੁਝ ਨਹੀਂ ਵਿਗੜਦਾ, ਉਲਟਾ ਆਪਣੇ ਹੀ ਮੂੰਹ ਤੇ ਪੈਂਦਾ ਹੈ।

——o——

੩. ਆਦਿ ਬੀੜ

ਸਭ ਤੋਂ ਵਧ ਗਲਤ ਬਿਆਨੀਆਂ ਕਰਤਾ ਨੇ 'ਪ੍ਰਾਚੀਨ ਬੀੜਾਂ' ਵਿਚ ਸ੍ਰੀ ਕਰਤਾਰ ਪੁਰ ਵਾਲੀ ਪਵਿਤ੍ਰ ਆਦਿ ਬੀੜ ਸੰਬੰਧੀ ਕੀਤੀਆਂ ਹਨ। ਕਰਤਾ ਨੇ ਇਸ ਬੀੜ ਦੇ ਕਦੀ ਦਰਸ਼ਨ ਨਹੀਂ ਕੀਤੇ, ਆਪਣੀ ਕਲਪਨਾ ਦੇ ਆਧਾਰ ਪੁਰ ਹੀ ਅਜਿਹੀਆਂ ਗੱਲਾਂ ਲਿਖ ਦਿੱਤੀਆਂ ਹਨ ਜਿਨ੍ਹਾਂ ਵਿਚ ਰਤਾ ਭਰ ਵੀ ਸਚਾਈ ਨਹੀਂ।

ਪਹਿਲੀ ਗੱਲ ਤਾਂ ਆਦਿ ਬੀੜ ਦਾ ਇਤਿਹਾਸ ਹੈ, ਜੋ ਕਰਤਾ ਨੇ ਆਮ ਸਿੱਖ ਇਤਿਹਾਸ ਵਿਚ ਆਈ ਕਹਾਣੀ ਤੋਂ ਵਿਲੱਖਣ ਕਰ ਦਿਤਾ ਹੈ। ਇਸ ਭਿੰਨਤਾ ਲਈ ਆਪ ਪਾਸ ਕਿਹੜਾ ਸੋਮਾ ਜਾਂ ਕਿਹੜਾ ਸਬੂਤ ਹੈ, ਇਸ ਦਾ ਜ਼ਿਕਰ ਆਪ ਨੇ ਆਪਣੀ ਪੁਸਤਕ ਵਿਚ ਨਹੀਂ ਕੀਤਾ। ਮੈਂ ਪਹਿਲਾਂ ਮੈਕਾਲਫ ਦੇ ਸਿਖ ਇਤਿਹਾਸ ਦੇ ਆਧਾਰ ਤੇ ਆਮ ਮੰਨੀ ਹੋਈ ਕਹਾਣੀ ਦਿੰਦਾ ਹਾਂ। ਕਹਾਣੀ ਦੇ ਠੀਕ ਸਮਝਣ ਲਈ ਛੇਵੇਂ ਗੁਰੂ ਜੀ ਦੇ ਕੁਝ ਹਾਲਾ ਦੇਣੇ ਜ਼ਰੂਰੀ ਹਨ।

ਛੇਵੇਂ ਗੁਰੂ ਜੀ ਦੇ ਪੰਜ ਸਪੁਤ੍ਰ ਸਨ। ਬਾਬਾ ਗੁਰਦਿਤਾ ਜੀ ਸਭ ਤੋਂ ਵੱਡੇ ਸਨ। ਬਾਬਾਗੁਰਦਿਤਾ ਜੀ ਦਾ ਜਨਮ ਮਾਤਾ ਦਮੋਦਰ ਜੀ ਦੀ ਕੁਖੋਂ ਡਰੋਲੀ ਜ਼ਿਲਾ ਫੀਰੋਜ਼ ਪੁਰ ਵਿਚ ਕੱਤਕ ਪੂਰਨਮਾਸ਼ ਸੰਮਤ ੧੬੭੦ ਨੂੰ ਹੋਇਆ। ਉਦੋਂ ਗੁਰੂ ਜੀ ਆਪਣੇ ਸਾਂਢੂ ਭਾ ਸਾਈਂ ਦਾਸ ਪਾਸ ਗਏ ਹੋਏ ਸਨ। ਮਾਤਾ ਦਮੋਦਰੀ ਜੀ ਦੀ ਕੁਖ ਤੋਂ ਮਗਰੋਂ ਬੀਬੀ ਵੀਰੋ ਜੀ ਦਾ ਜਨਮ ਹੋਇਆ ਅਤੇ ਸੰਮ

੧੬੭੪ ਵਿਚ ਮਾਤਾ ਮਰਵਾਹੀ ਜੀ ਦੀ ਕੁਖ ਤੋਂ ਬਾਬਾ ਸੂਰਜ ਮੱਲ ਜੀ ਸੰਸਾਰ ਵਿਚ ਆਏ। ਮਾਤਾ ਨਾਨਕੀ ਜੀ ਦੇ ਤਿੰਨ ਸਪੁਤ੍ਰ ਹੋਏ: ੧੬੭੫ ਵਿਚ ਅਣੀ ਰਾਏ ਜੀ, ੧੬੭੭ ਵਿਚ ਅਟਲ ਰਾਏ ਜੀ ਜੋ ਆਪਣੀ ਆਯੂ ਦੇ ਨਾਵੇਂ ਸਾਲ ਵਿਚ ਸਮਾ ਗਏ ਤੇ ੧੬੭੯ ਵਿਚ ਸ੍ਰੀ ਤੇਗ ਬਹਾਦਰ ਜੀ ਜੋ ਪਿਛੋਂ ਨਾਵੇਂ ਗੁਰੂ ਕਰਕੇ ਪ੍ਰਸਿੱਧ ਹੋਏ। ਬਾਬਾ ਗੁਰਦਿੱਤਾ ਜੀ ਦੀ ਸ਼ਾਦੀ ਬੀਬੀ ਨੱਤੀ (ਨਿਹਾਲ ਕੌਰ) ਨਾਲ ਹੋਈ। ਇਨ੍ਹਾਂ ਦੇ ਘਰ ਦੋ ਸਪੁਤ੍ਰ ਹੋਏ। ਧੀਰ ਮਲ ਜੀ ਕਰਤਾਰ ਪੁਰ ਜਨਮੇ। ਇਨ੍ਹਾਂ ਦੇ ਜਨਮ ਦੀ ਤਰੀਕ ਨਹੀਂ ਦਿੱਤੀ ਗਈ ਪਰ ਕਿਉਂਕਿ ਉਨ੍ਹਾਂ ਦੀ ਪੈਦਾਇਸ਼ ਦਾ ਜ਼ਿਕਰ ਬਾਬਾ ਅਟਲ ਰਾਏ ਜੀ ਦੇ ਸਮਾਉਣ ਤੋਂ ਪਹਿਲੇ ਹੈ ਜੋ ਘਟਨਾ ੧੬੮੫ ਵਿਚ ਵਾਪਰੀ, ਅਸੀਂ ਉਨ੍ਹਾਂ ਦਾ ਜਨਮ ੧੬੮੪ ਜਾਂ ੮੫ ਵਿਚ ਮਿਥਦੇ ਹਾਂ। ਦੂਜੇ ਸਪੁਤ੍ਰ ਹਰਿਰਾਏ ਸਨ ਜੋ ਸੰਮਤ ੧੬੮੭ ਮਾਘ ਸੁਦੀ ੧੩ ਨੂੰ ਕੀਰਤਪੁਰ ਪ੍ਰਗਟ ਹੋਏ। ਇਹ ਸੱਤਵੇਂ ਗੁਰੂ ਜੀ ਥਾਪੇ ਜਾ ਕੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਮਗਰੋਂ ਗੱਦੀ ਪੁਰ ਬੈਠੇ। ਜਦੋਂ ਚੌਥਾ ਜੰਗ ਪੈਂਦੇ ਖਾਨ ਨਾਲ ਹੋਇਆ ਛੇਵੇਂ ਗੁਰੂ ਜੀ ਕਰਤਾਰ ਪੁਰ ਵਿਚ ਸਨ ਤੇ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਵੀ ਇਥੇ ਹੀ ਸੀ। ਮਸੰਦ ਗੁਰੂ ਸਾਹਿਬ ਦੇ ਜੰਗ ਨੂੰ ਪਸੰਦ ਨਹੀਂ ਸਨ ਕਰਦੇ। ਸਿਖ ਇਤਿਹਾਸ ਦੱਸਦਾ ਹੈ ਕਿ ਧੀਰ ਮਲ ਜੀ ਨੇ ਇਸ ਜੰਗ ਤੋਂ ਪਹਿਲੇ ਇਕ ਚਿੱਠੀ ਪੈਂਦੇ ਖਾਨ ਨੂੰ, ਜਿਸ ਨੂੰ ਉਹ ਚੰਗੀ ਤਰਾਂ ਜਾਣਦੇ ਸਨ, ਲਿਖੀ ਕਿ ਮੇਰੇ ਦਾਦਾ ਜੀ ਮੰਨਦੇ ਨਹੀਂ ਪਰ ਮੈਂ ਇਸ ਲੜਾਈ ਦੇ ਵਿਰੁਧ ਹਾਂ। ਜੇ ਤੁਸੀ ਅਜ ਰਾਤ ਹੀ ਹੱਲਾ ਬੋਲ ਦਿਓ ਤਾਂ ਫਤਹ ਯਕੀਨੀ ਹੈ ਅਤੇ ਮੈਂ ਵੀ ਸਹਾਇਤਾ ਕਰਾਂਗਾ। ਧੀਰ ਮਲ ਜੀ ਉਦੋਂ ਮਸਾਂ ਛੇ ਜਾਂ ਸੱਤ ਸਾਲਾਂ ਦੇ ਹੋਣਗੇ, ਪਰੰਤੂ ਉਕਸਾਣ ਵਾਲੇ ਮਸੰਦ ਬਥੇਰੇ ਸਨ। ਇਸ ਲੜਾਈ ਵਿਚ ਵੀ ਗੁਰੂ ਸਾਹਿਬ ਦੀ ਜਿੱਤ ਹੋਈ। ਲੜਾਈ ਮਗਰੋਂ ਗੁਰੂ ਸਾਹਿਬ ਸਣੇ ਸਾਰੇ ਪਰਵਾਰ ਕੀਰਤਪੁਰ

ਚਲੇ ਗਏ ਪਰ ਧੀਰ ਮਲ ਜੀ ਨਾ ਗਏ ਅਤੇ ਗੁਰੂ ਗ੍ਰੰਥ ਸਾਹਿਬ ਵੀ ਕਰਤਾਰਪੁਰ ਹੀ ਰਹੇ । ਸਿਖ ਇਤਿਹਾਸ ਮੁਜਬ ਇਹ ਬੀੜ ਕੀਰਤਪੁਰ ਕਦੀ ਨਹੀਂ ਗਈ ਤੇ ਨਾ ਇਹ ਗੁਰੂ ਤੇਗ਼ ਬਹਾਦਰ ਜੀ ਦੇ ਸਮੇ ਤਕ ਕਰਤਾਰਪੁਰੋਂ ਹਿੱਲੀ ਹੈ। ਜਦੋਂ ਨਾਂਵੇ ਗੁਰੂ ਜੀ ਤੇ ਧੀਰ ਮਲ ਜੀ ਦੇ ਮਸੰਦਾਂ ਹਮਲਾ ਕੀਤਾ, ਸਿਖ ਜਵਾਬੀ ਹਮਲੇ ਵਿਚ ਇਹ ਬੀੜ ਲੈ ਗਏ ਜਿਹੜੀ ਕਿ ਫਿਰ ਸਤਿਗੁਰਾਂ ਧੀਰ ਮਲ ਜੀ ਨੂੰ ਮੋੜ ਦਿੱਤੀ। ਸਿਖ ਇਤਿਹਾਸ ਦੱਸਦਾ ਹੈ ਕਿ ਜਦੋਂ ਬਾਬਾ ਗੁਰਦਿੱਤਾ ਜੀ ਕੀਰਤਪੁਰ ਸਮਾ ਗਏ ਸਗੋਂ ਜਦੋਂ ਛੇਵੇਂ ਗੁਰੂ ਸਾਹਿਬ ਆਪ ਵੀ ਜੋਤੀ ਜੋਤ ਸਮਾਏ ਤਾਂ ਭੀ ਧੀਰਮਲ ਜੀ ਨੇ ਆਦਿ ਬੀੜ ਨਾ ਦਿੱਤੀ ਕਿਉਂਕਿ ਇਸ ਬੀੜ ਦੇ ਕਬਜ਼ੇ ਵਿਚ ਰਹਿਣ ਕਰਕੇ ਉਸ ਨੂੰ ਗੁਰੂ ਬਣ ਜਾਣ ਦੀ ਆਸ ਸੀ।

'ਪ੍ਰਾਚੀਨ ਬੀੜਾਂ' ਦਾ ਕਰਤਾ ਇਸ ਸਾਰੇ ਇਤਿਹਾਸ ਤੋਂ ਵੱਖਰੀ ਆਪਣੀ ਕਹਾਣੀ ਲਿਖਦਾ ਹੈ, ਜਿਸ ਦਾ ਸੰਖੇਪ ਇਸ ਤਰ੍ਹਾਂ ਹੈ ਕਿ ਸੰਮਤ ੧੬੫੫ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਕਰਤਾਰਪੁਰ ਸਨ ਜਿੱਥੇ ਅਕਬਰ ਬਾਦਸ਼ਾਹ ਗੁਰੂ ਅਰਜਨਦੇਵ ਨੂੰ ਮਿਲਣ ਗਿਆ ਅਤੇ ਇਸ ਵਿੱਚੋਂ ਸ਼ਬਦ ਸੁਨੇ। ਬਾਦਸ਼ਾਹ ਆਗਰੇ ਵਾਪਸ ਜਾ ਰਿਹਾ ਸੀ ਤੇ ਉਸ ਦਾ ਇਰਾਦਾ ਜਸਵਾ ਦੂਨ ਦੇ ਰਸਤੇ ਜਾਣ ਦਾ ਸੀ। ਅਜੇ ਬਿਆਸ ਪਾਰ ਨਹੀਂ ਸੀ ਹੋਇਆ ਕਿ ਉਸ ਨੂੰ ਬਟਾਲੇ ਵਿਚ ਫਸਾਦ ਦੀ ਖਬਰ ਮਿਲੀ। ਉਹ ਬਟਾਲੇ ਗਿਆ। ਫਿਰ ਵਧੀਕੀ ਕਰਨ ਵਾਲੇ ਮੁਸਲਮਾਨਾਂ ਨੂੰ ਸਜ਼ਾ ਦੇ ਕੇ ਗੋਇੰਦਵਾਲ ਬਿਆਸ ਨਦੀ ਨੂੰ ਪਾਰ ਕੀਤਾ। ਗੋਇੰਦਵਾਲ ਨੂੰ ਵੇਖ ਕੇ ਉਸ ਨੂੰ ਪੁਰਾਣੀ ਮੁਲਾਕਾਤ ਸ੍ਰੀ ਗੁਰੂ ਅਮਰਦਾਸ ਨਾਲ ਯਾਦ ਆਈ ਅਤੇ ਇਹ ਸੁਣਕੇ ਕਿ ਗੁਰੂ ਜੀ ਕਰਤਾਰਪੁਰ ਰਹਿੰਦੇ ਹਨ, ਉਹ ਉਥੇ ਪੁਜਾ। ਬੀਰਬਲ ਨੇ ਕੁਝ ਸ਼ੱਕ ਸਿਖ ਧਰਮ ਦੇ ਵਿਰੁਧ ਉਸ ਦੇ ਮਨ ਵਿਚ ਪਾਏ ਸਨ। ਉਨ੍ਹਾਂ ਨੂੰ ਦੂਰ ਕਰਨ ਲਈ ਉਸ ਨੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਦੋ ਸ਼ਬਦ ਸੁਣੇ। ਇਕ ਭਾਈ ਗੁਰਦਾਸ ਜੀ

ਤੋਂ ਜੋ ਤਾਬੇ ਬੈਠੇ ਹੋਏ ਸਨ 'ਅਵਲ ਅਲਹ ਨੂਰ ਉਪਾਇਆ' ਤੇ ਦੂਜਾ ਭਾਈ ਬੁਢਾ ਜੀ ਪਾਸੋਂ 'ਯਕ ਅਰਜ ਗੁਫਤਮ ਪੇਸ਼ ਤੋ'। ਪਰ ਇਸ ਸਾਖੀ ਪੁਰ ਕਰਤਾ ਆਪਣਾ ਸ਼ੱਕ ਪ੍ਰਗਟ ਕਰਦਾ ਅੱਗੇ ਲਿਖਦਾ ਹੈ ਕਿ ਗੁਰੂ ਸਾਹਿਬ ਦੇ ਕਹਿਣ ਪੁਰ ਬਾਦਸ਼ਾਹ ਨੇ ਜ਼ਿਮੀਂਦਾਰਾਂ ਦਾ ਮਾਮਲਾ ਘਟ ਕਰਨ ਦਾ ਹੁਕਮ ਦਿੱਤਾ। ਅੱਗੇ ਲਿਖਿਆ ਹੈ, "ਕਰਤਾਰਪੁਰ ਦੇ ਗੁਰਦੁਵਾਰੇ ਵਿਚ ਜੋ ਹੱਥ ਦੀ ਲਿਖੀ ਪੁਰਾਣੀ ਬੀੜ ਹੈ, ਅਤੇ ਜਿਸ ਨੂੰ ਉਥੋਂ ਦੇ ਸੋਢੀ ਗੁਰੂ, ਨਿਰੰਜਨਰਾਏ ਦੇ ਵੇਲੇ ਤੋਂ, ਭਾਈ ਗੁਰਦਾਸ ਦੇ ਹੱਥੀਂ ਲਿਖੀ ਅਸਲ ਆਦਿ-ਬੀੜ ਦਸਦੇ ਆਏ ਹਨ, ਉਸ ਵਿਚ ਇਸ ਜ਼ਮੀਨ ਬਾਬਤ ਇਹ ਯਾਦ ਦਾਸ਼ਤ ਕੀਤੀ ਹੋਈ ਹੈ:—

> 'ਸੰਮਤ ੧੯੫੫* (? ੧੬੫੫) ਜਹਾਂਗੀਰ ਪਾਤਸ਼ਾਹ ਨੇ ਗੁਰੂ ਅਰਜਨ ਜੀ ਨੂੰ ਰਕਬਾ ਕਰਤਾਰ ਪੁਰ ਦਿੱਤਾ, ਧਰਮ ਸਾਲ ਨੂੰ ੧੯੬੪ ਘੁਮਾਂ, ਕਨਾਲ ੭, ਮਰਲੇ ੧੫'।

ਕਰਤਾ ਇਸ ਯਾਦ ਦਾਸ਼ਤ ਨੂੰ ਠੀਕ ਨਹੀਂ ਮੰਨਦਾ। ਕਿਉਂਕਿ ਜਹਾਂਗੀਰ ਜਿਸ ਨੇ ਗੁਰੂ ਸਾਹਿਬ ਦੇ ਸ਼ਹੀਦ ਹੋਣ ਦਾ ਹੁਕਮ ਦਿੱਤਾ ਸੀ ਉਹ ਕਦੋਂ ਇਹ ਜਾਗੀਰ ਦੇਣ ਲੱਗਾ ਸੀ? ਉਸ ਦਾ ਖਿਆਲ ਹੈ ਕਿ ਬਹੁਤ ਚਿਰ ਪਿੱਛੋਂ ਕਿਸੇ ਇਹ ਯਾਦ ਦਾਸ਼ਤ ਲਿਖੀ ਹੈ ਜਿਸ ਨੂੰ ਜਹਾਂਗੀਰ ਤੇ ਅਕਬਰ ਵਿਚ ਤਮੀਜ਼ ਨਹੀਂ ਸੀ। ਕਰਤਾ ਦੇ ਖਿਆਲ ਮੁਜਬ ਇਹ ਜ਼ਮੀਨ ਮਹਾਰਾਜਾ ਰਣਜੀਤ ਸਿੰਘ ਨੇ ਦਿੱਤੀ ਹੋਣੀ ਹੈ।

ਅੱਗੇ ਤੁਰਨ ਤੋਂ ਪਹਿਲੇ ਅਸੀਂ ਉਪਰਲੀਆਂ ਦਿੱਤੀਆਂ ਗੱਲਾਂ ਪੁਰ ਵੀਚਾਰ ਕਰਨੀ ਜ਼ਰੂਰੀ ਸਮਝਦੇ ਹਾਂ। ਜਿਸ ਯਾਦ

---

*ਸੰਮਤ ੧੯੫੫ ਗਲਤੀ ਨਾਲ ੧੬੫੫ ਦੀ ਥਾਂ ਛਪ ਗਿਆ ਮਲੂਮ ਹੁੰਦਾ ਹੈ ਕਿਉਂਕਿ ਅੱਗੇ ਕਰਤਾ ੧੬੫੫ ਲਿਖਦਾ ਹੈ।

ਦਾਸ਼ਤ ਦਾ ਕਰਤਾ ਜ਼ਿਕਰ ਕਰਦਾ ਹੈ ਉਹ ਕਰਤਾਰ ਪੁਰ ਵਾਲੀ ਆਦਿ ਬੀੜ ਵਿਚ ਕਿਤੇ ਵੀ ਨਹੀਂ ਲਿਖੀ ਹੋਈ। ਇਸ ਯਾਦ ਦਾਸ਼ਤ ਦਾ ਇਹ ੧੬੫੫ ਸੰਮਤ ਹੀ ਇਸ ਗੱਲ ਦਾ ਵੱਡਾ ਕਾਰਨ ਹੋਇਆ ਹੈ ਕਿ ਕਰਤਾ ਅਕਬਰ ਨੂੰ ਕਰਤਾਰ ਪੁਰ ਲਿਆਵੇ ਕਿਉਂਕਿ ਇਸ ਮੁਲਾਕਾਤ ਦਾ ਸੰਨ ਹੋਰ ਤਾਰੀਖਾਂ ਤੋਂ ਪਤਾ ਲੱਗ ਸਕਣ ਨਾਲ ਉਸ ਦੇ ਇਸ ਸਿਧਾਂਤ, ਕਿ ਆਦਿ ਬੀੜ ੧੬੬੧ ਤੋਂ ਬਹੁਤ ਪਹਿਲੇ ਲਿਖੀ ਗਈ, ਨੂੰ ਬਹੁਤ ਪ੍ਰੋੜਤਾ ਮਿਲਦੀ ਹੈ।* ਪਰੰਤੂ ਸਭ ਸਿਖ ਇਤਿਹਾਸ ਇਸ ਗੱਲ ਵਿਚ ਇਕ ਰਾਏ ਹਨ ਕਿ ਬੀੜ ੧੬੬੧ ਵਿਚ ਤਿਆਰ ਕੀਤੀ ਗਈ। ਖੁਦ ਬੀੜ ਵਿਚ ਤਤਕਰਾ ਰਾਗਾਂ ਦਾ ਅਰੰਭ ਕਰਨ ਲੱਗੇ ਇਹ ਲਿਖਿਆ ਹੈ:—

"ਸੂਚੀ ਪਤ੍ਰ ਪੋਥੀ ਦਾ ਤਤਕਰਾ ਰਾਗਾਂ ਕਾ ਸੰਮਤ ੧੬੬੧ ਮਿਤੀ ਭਾਦੋਉ ਵਦੀ ਏਕਮ ੧ ਪੋਥੀ ਲਿਖਿ ਪਹੁਚੇ।"

ਜਿਸ ਦਾ ਭਾਵ ਇਹ ਹੈ ਕਿ ਬੀੜ ਦੀ ਲਿਖਾਈ ਮੁਕਾ ਕੇ ਭਾਈ ਗੁਰਦਾਸ ਜੀ ਲਿਖਾਰੀ ੧੬੬੧ ਭਾਦੋਂਉ ਵਦੀ ੧ ਨੂੰ ਤਤਕਰੇ ਤੇ ਪੁਜੇ। ਫਿਰ ਅਕਬਰ ਨਾਮਾ ਤੇ ਖੁਲਾਸਾਤੁਲ ਤਵਾਰੀਖ ਕ੍ਰਿਤ ਸੁਜਾਨ ਰਾਏ ਨੇ ਜਿਨ੍ਹਾਂ ਦੋਹਾਂ ਇਸ ਮੁਲਾਕਾਤ ਦਾ ਜ਼ਿਕਰ ਕੀਤਾ ਹੈ ਦੋਹਾਂ ਕਰਤਾਰ ਪੁਰ ਦਾ ਨਾਮ ਕਿਤੇ ਨਹੀਂ ਲਿਖਿਆ। ਅਕਬਰ ਨਾਮਾ ਕ੍ਰਿਤ ਅਬੂਅਲ ਫ਼ਜ਼ਲ ਸਫਾ ੫੧੪

---

*ਆਪ ਨੇ ਸਫਾ ੧੪੮ ਪੁਰ ਲਿਖਿਆ ਹੈ:—"ਅਤੇ ਅਕਬਰ ਅਚਲ (ਬਟਾਲਿਓਂ) ਹੁੰਦਾ ਸੰਨ ੧੫੯੮, ਮੁਤਾਬਕ ਸੰਮਤ ੧੬੫੫ ਵਿਚ ਕਰਤਾਰਪੁਰ ਗਿਆ, ਜਿਸ ਸੰਮਤ ਦੀ ਤਾਈਦ ਕਰਤਾਰਪੁਰ ਵਾਲੀ ਬੀੜ ਇਕ ਯਾਦਦਾਸ਼ਤ ਵਿਚ ਕਰ ਰਹੀ ਹੈ" (ਲਕੀਰਾਂ ਮੇਰੀਆਂ)। ਪਰ ਲੇਖਕ ਦੀ ਬਦਕਿਸਮਤੀ ਨੂੰ ਇਹ ਯਾਦਦਾਸ਼ਤ ਬੀੜ ਵਿਚ ਹੈ ਹੀ ਨਹੀਂ।

ਸਤਰ ਦੋ ਤੋਂ ਚਾਰ ਇਹ ਲਿਖਦਾ ਹੈ:—

"੧੩ ਆਜ਼ਰ—ਗੋਇੰਦਵਾਲ ਦੇ ਨੇੜੇ ਬਿਆਸ ਦੇ ਦਰਿਆ ਨੂੰ ਹਾਥੀ ਉਪਰ ਪਾਰ ਕੀਤਾ ਅਤੇ ਸ਼ਾਹੀ ਫੌਜ ਪੁਲ ਬਾਣੀ ਲੰਘੀ। ਇਸੇ ਦਿਨ ਹੀ ਗੁਰੂ ਅਰਜਨ ਦੇ ਮੁਕਾਮ ਨੂੰ ਸ਼ਾਹਿਨਸ਼ਾਹੀ ਕਦਮਾਂ ਨਾਲ ਰੌਣਕ ਮਿਲੀ। ਉਹ ਪੁਸ਼ਤਾਂ ਤੋਂ ਹਿੰਦੂਆਂ ਦਾ ਇਕ ਧਾਰਮਿਕ ਆਗੂ ਹੈ ਅਤੇ ਬਹੁਤ ਮਾਨਯੋਗ ਹੈ। ਕਿਉਂਕਿ ਉਸ ਦੀ ਖਾਹਿਸ਼ ਦਰਸ਼ਨ ਦੀ ਅਕੀਦਤ ਦੀ ਨੀਂਹ ਤੇ ਸੀ ਕਬੂਲ ਕੀਤੀ ਗਈ।"

ਅੱਗੇ ਸਤਰ ੧੭ ਤੇ ੧੮ ਵਿਚ ਸਰਹੰਦ ਮੁਕਾਮ ਦਾ ਜ਼ਿਕਰ ਹੈ ਅਤੇ ਇਸ ਸਫ਼ੇ ਦੇ ਛੇਕੜ ਅਤੇ ਸਫੇ ੫੧੫ ਉਪਰ ਵਧਾਏ ਹੋਏ ਮਾਮਲੇ ਦੇ ਮੁੜ ੧੦/੧੨ ਦੀ ਨਿਸਬਤ ਨਾਲ ਘਟ ਕਰਨ ਦਾ।

ਸੁਜਾਨ ਰਾਏ ਭੰਡਾਰੀ ਦੀ ਖੁਲਾਸਾਤੁਲਤ੍ਵਾਰੀਖ ਦੇ ਸਫਾ ੪੨੫ ਉਪਰ 'ਸ਼ਾਹੀ ਡੇਰੇ ਦੀ ਲਹੌਰੋਂ ਦੱਖਣ ਦੇਸ ਨੂੰ ਰਵਾਨਗੀ' ਦੇ ਸਿਰਲੇਖ ਹੇਠਾਂ ਇਹ ਲਿਖਿਆ ਹੈ:—

"ਜਦੋਂ ਬਾਦਸ਼ਾਹੀ ਡੇਰੇ ਨੇ ਲਹੌਰੋਂ ਕੂਚ ਕੀਤਾ ਤਦੋਂ ਵਟਾਲੇ ਦੇ ਨੇੜੇ ਤੇੜੇ ਇਹ ਖਬਰ ਮਿਲੀ ਕਿ ਅਚਲ ਦੇ ਮੁਕਾਮ ਪੁਰ ਮੁਸਲਮਾਨ ਫਕੀਰਾਂ ਤੇ ਸੰਨਿਆਸੀਆਂ ਦੇ ਇਕ ਟੋਲੇ ਵਿਚ ਜੰਗ ਹੋਈ ਹੈ। ਮੁਸਲਮਾਨ ਫਕੀਰ ਜਿੱਤ ਗਏ ਤੇ ਉਥੋਂ ਦੇ ਮੰਦਰ ਨੂੰ ਜ਼ੁਲਮ ਕਰਕੇ ਡੇਗ ਦਿੱਤਾ। ਨਿਆਂਕਾਰੀ ਬਾਦਸ਼ਾਹ ਨੂੰ ਉਨ੍ਹਾਂ ਦੀ ਵਧੀਕੀ ਦਾ ਪਤਾ ਲੱਗ ਗਿਆ ਅਤੇ ਉਨ੍ਹਾਂ ਕਈਆਂ ਨੂੰ ਜੇਲ੍ਹ ਖਾਨੇ ਭੇਜ ਦਿੱਤਾ ਅਤੇ ਹੁਕਮ ਦਿੱਤਾ ਕਿ ਜੋ ਮੰਦਰ ਜ਼ਬਰਦਸਤੀ ਡੇਗਿਆ ਗਿਆ ਹੈ ਉਹ ਨਵੇਂ ਸਿਰੋਂ ਬਣਾਇਆ ਜਾਵੇ। ਉਥੋਂ ਕੂਚ ਕਰਨ ਮਗਰੋਂ ਬਾਦਸ਼ਾਹ ਬਿਆਸ ਦਾ ਦਰਿਆ ਲੰਘੇ ਤੇ ਬਾਬਾ ਨਾਨਕ, ਜੋ ਰੱਬ ਦੀ ਬੰਦਗੀ ਲਈ ਮਸ਼ਹੂਰ ਸਨ, ਦੀ ਗੱਦੀ ਪੁਰ ਬਿਰਾਜੇ ਗੁਰੂ ਅਰਜਨ ਦੇ ਡੇਰੇ ਪੁਰ

ਤਸ਼ਰੀਫ਼ ਲੈ ਗਏ। ਅਤੇ ਉਨ੍ਹਾਂ ਦੀ ਮੁਲਾਕਾਤ ਤੋਂ ਅਤੇ ਉਨ੍ਹਾਂ ਦੀ ਜ਼ਬਾਨੀ ਗੁਰੂ ਨਾਨਕ ਦੀ ਬਾਣੀ ਜੋ ਹਿੰਦੀ ਬੋਲੀ ਵਿਚ ਸੀ ਸੁਣਕੇ ਖ਼ੁਸ਼ ਹੋਏ। ਗੁਰੂ ਅਰਜਨ ਜੀ ਨੇ ਆਪਣੀ ਇਜ਼ਤ ਅਫ਼ਜ਼ਾਈ ਸਮਝ ਕੇ ਮੁਨਾਸਿਬ ਭੇਟਾ ਦਿੱਤੀ ਅਤੇ ਅਰਜ਼ ਕੀਤੀ ਕਿ ਸ਼ਾਹੀ ਫ਼ੌਜਾਂ ਦੇ ਪੰਜਾਬ ਵਿਚ ਰਹਿਣ ਕਰਕੇ ਅਨਾਜ ਦਾ ਭਾ ਚੜ੍ਹ ਗਿਆ ਸੀ, ਇਸ ਲਈ ਪਰਗਨਿਆਂ ਦਾ ਲਗਾਨ ਵਧੀਕ ਹੋ ਗਿਆ ਸੀ। ਹੁਣ ਸ਼ਾਹੀ ਲਸ਼ਕਰਾਂ ਦੇ ਕੂਚ ਕਰ ਜਾਣ ਕਰਕੇ ਅਨਾਜ ਸਸਤਾ ਹੋ ਗਿਆ ਹੈ, ਲੋਕ ਲਗਾਨ ਨਹੀਂ ਦੇ ਸਕਦੇ। ਸ਼ਾਹੀ ਹੁਕਮ ਦੇ ਬਮੂਜਬ ਦੀਵਾਨਾਂ ਨੂੰ ਕਿਹਾ ਗਿਆ ਕਿ ੧੦/੧੨ ਦੇ ਹਿਸਾਬ ਨਾਲ ਪਰਜਾ ਨੂੰ ਲਗਾਨ ਵਿਚ ਛੋਟ ਕਰ ਦੇਣ ਅਤੇ ਆਮਲਾਂ ਨੂੰ ਤਾਕੀਦ ਕਰਨ ਕਿ ਇਸ ਦੇ ਮੁਤਾਬਕ ਰਈਅਤ ਨਾਲ ਰਿਆਇਤ ਕਰਕੇ ਵਧੀਕ ਨਾ ਉਗਰਾਹੁਣ।''

ਸੁਜਾਨ ਰਾਇ ਨੇ ਸਾਫ ਲਿਖਿਆ ਹੈ ਕਿ ਬਾਦਸ਼ਾਹ ਨੇ ਗੁਰੂ ਨਾਨਕ ਦੀ ਬਾਣੀ ਗੁਰੂ ਅਰਜਨ ਜੀ ਦੇ ਮੂੰਹੋਂ ਸੁਣੀ। ਇਸ ਸਾਰੀ ਵਿਚਾਰ ਤੋਂ ਇੱਕੋ ਸਿੱਟਾ ਨਿਕਲਦਾ ਹੈ ਕਿ ਜਿਸ ਤਰ੍ਹਾਂ ਯਾਦਦਾਸ਼ਤ ਦੀ ਗੱਲ ਕਲਪਤ ਹੈ ਉਕਰ ਹੀ ਗੁਰੂ ਗ੍ਰੰਥ ਸਾਹਿਬ ਦੀ ਕਰਤਾਰ ਪੁਰ ਵਿਚ ਸੰਮਤ ੧੬੫੫ ਵਿਚ ਮੌਜੂਦਗੀ ਵੀ ਕਰਤਾ ਨੇ ਕਲਪਤ ਕਰ ਲਈ ਹੈ। ਪਰੰਤੂ ਸਫਾ ੩੮੦ ਪੁਰ ਕਰਤਾ ਆਪ ਹੀ ਲਿਖਦਾ ਹੈ, ''ਸੰਨ ੯੯੧ ਹਿਜ਼ਰੀ ਸੰਨ ਈਸਵੀ ੧੫੮੩ ਦੇ ਬਰਾਬਰ ਪੈਂਦਾ ਹੈ। ਇਹ ਅਕਬਰ ਦੇ ਜੋਬਨ ਦਾ ਵੇਲਾ ਸੀ। ਅਕਬਰ ਓਹਨੀਂ ਦਿਨੀਂ ਪੰਜਾਬ ਵਿਚ ਹੀ ਸੀ ਤੇ ਫੇਰ ਚੌਦਾਂ ਵਰ੍ਹੇ ਲਾਹੌਰ ਹੀ ਰਿਹਾ ਤੇ ਸੰਨ ੧੫੯੮ ਵਿਚ ਵਾਪਸ ਆਗਰੇ ਗਿਆ। (ਗੁਰੂ) ਗ੍ਰੰਥ ਸਾਹਿਬ ਇਸ ਸਾਲ ਤੋਂ ਅੱਠ ਵਰ੍ਹੇ ਪਿੱਛੋਂ ਬਣਿਆ।'' ਕਿਉਂ ਜੀ! ਗੁਰੂ ਗ੍ਰੰਥ ਸਾਹਿਬ ਦਾ ਕਰਤਾਰ ਪੁਰ ਜਾ ਕੇ ਫਿਰ ਅਕਬਰ ਨੇ ਦਰਸ਼ਨ ਕਿਸਤਰ੍ਹਾਂ ਕੀਤਾ?

ਨਾ ਹੀ ਇਸ ਕਿਸਮ ਦੀ ਊਲ ਜਲੂਲ ਯਾਦਦਾਸ਼ਤ ਆਦਿ

ਬੀੜ ਪੁਰ ਲਿਖਣ ਦੀ ਬਾਬਾ ਧੀਰਮਲ ਕਿਆਂ ਨੂੰ ਲੋੜ ਸੀ। ਇਸ ਖਾਨਦਾਨ ਪਾਸ ਅਜੇ ਉਹ ਅਸਲੀ ਪਟਾ ਮੌਜੂਦ ਹੈ ਜੋ ਬਾਦਸ਼ਾਹ ਸ਼ਾਹਜਹਾਨ ਨੇ ਕਰਤਾਰਪੁਰ ਦੀ ਜਗੀਰ ਬਾਬਤ ਇਨਾਂ ਨੂੰ ਦਿਤਾ ਸੀ। ਉਸ ਦਾ ਪੰਜਾਬੀ ਤਰਜਮਾ ਅਸੀ ਹੇਠਾਂ ਦਿੰਦੇ ਹਾਂ। ਇਸ ਦੇ ਉਪਰ ਬਾਦਸ਼ਾਹ ਸ਼ਾਹਜਹਾਨ ਦੀ ਮੋਹਰ ਲਗੀ ਹੈ ਤੇ ਨਾਲ ਹੀ ਕੁਝ ਵਿਥ ਤੇ ਅਰਬੀ ਵਿੱਚ ਲਾਲ ਸਿਆਹੀ ਨਾਲ ਇਕ ਚੌਕੋਰ ਅੰਦਰ ਕੁਝ ਸ਼ਬਦ ਲਿਖੇ ਹਨ। ਦੂਜੇ ਪਾਸੇ ਹਰ ਇਕ ਮਹਿਕਮੇ ਦੇ ਹਾਕਮਾਂ ਦੀਆਂ ਮੋਹਰਾਂ ਹਨ, ਜਿਨਾਂ ਵਿਚੋਂ ਇਹ ਸਨਦ ਲੰਘੀ ਤੇ ਉਨਾਂ ਦੇ ਦਸਖਤ ਬੀ ਹਨ। ਨਾਲ ਹੀ ਸਾਰਾ ਸੰਖੇਪ ਹਾਲ ਇਸ ਜਾਗੀਰ ਦੇ ਮੁਕਦਮੇ ਦਾ ਲਿਖਿਆ ਹੈ। ਇਕ ਪਟਾ ਸਰੋਮਣੀ ਗੁਰਦੁਵਾਰਾ ਕਮੇਟੀ ਦੇ ਮੁਕਦਮੇ ਸੰਬੰਧੀ ਹਾਈ ਕੋਰਟ ਵਿਚ ਪੇਸ਼ ਹੋ ਚੁਕਾ ਹੈ। ਇਸ ਦਾ ਉਲਥਾ ਇਸ ਪ੍ਰਕਾਰ ਹੈ:—

'ਜਦੋਂ ਵਜ਼ੀਰੁਲਮਮਾਲਕ ਉਮਦਾਤੁਲਮੁਲਕ ਮਦਾਰੁਲ-ਮੁਹਾਮੀ ਅਫ਼ਜ਼ਲਖਾਨ ਦੀ ਰਾਹੀਂ ਅਰਜ਼ ਪਵਿਤ੍ਰ ਤੇ ਉੱਚੀਦਰਗਾਹ ਵਿਚ ਪਹੁੰਚੀ ਕਿ ਇਹ ਗੱਦੀ ਨਾਨਕ ਸ਼ਾਹ ਦੇ ਸਿਲਸਿਲੇ ਦੇ ਜਾਨਸ਼ੀਨਾਂ ਦੀ ਹੈ ਜੋ ਮੁਸਲਮਾਨ ਤੇ ਹਿੰਦੂ ਦੁਹਾਂ ਮਤਾਂ ਦੇ ਰਾਹ ਪੁਰ ਚਲਣ ਵਾਲਾ ਸੀ ਤੇ ਇਸ ਗੱਦੀ ਨਾਲ ਬਹੁਤ ਗਿਣਤੀ ਰੱਬ ਦੇ ਚਾਹਵਾਨਾਂ ਦੀ ਜੁੜੀ ਹੋਈ ਹੈ ਅਤੇ ਇਹ ਗੱਦੀ ਮਸਕੀਨਾਂ, ਗਰੀਬਾਂ ਮੁਸਾਫਰਾਂ ਤੇ ਮੁਸਲਮਾਨਾਂ ਦੀ ਸੇਵਾ ਕਰਦੀ ਹੈ ਅਤੇ ਸ਼ਾਹਿਨਸ਼ਾਹੀ ਹਮੇਸ਼ਾਂ ਰਹਿਣ ਵਾਲੀ ਹਕੂਮਤ ਦੀ ਇਸਥਿਤੀ ਲਈ ਪ੍ਰਾਰਥਨਾ ਕਰਦੀ ਹੈ ਅਤੇ ਹੋਰ ਕੋਈ ਰਸਤਾ ਇਸ ਦੀ ਆਮਦਨ ਦਾ ਨਹੀਂ ਹੈ। (ਇਸ ਪੁਰ) ਸਾਰੀ ਦੁਨੀਆਂ ਪੁਰ ਚਾਲੂ ਹੋਣ ਵਾਲਾ ਹੁਕਮ ਜ਼ਾਰੀ ਕੀਤਾ ਗਿਆ ਕਿ ਲਾਹੌਰ ਦੇ ਸੂਬੇ ਨਾਲ ਸ਼ਾਮਲ, ਜਲੰਧਰ ਦੇ ਪਰਗਨੇ ਦੇਹੇਠਾਂ ਕਰਤਾਰਪੁਰ ਦੇ ਰਕਬੇ ਦੀ ਸਾਰੀਜ਼ਮੀਨ—ਬਿਘੇ

(ਗਿਣਤੀ ਦੀ ਥਾਂ ਖਾਲੀ ਹੈ) ਲੂਈਈਲ* ਦੀ ਰੱਬੀ ਤੋਂ ਵਕਫ ਦੇ ਤਰੀਕੇ ਨਾਲ ਇਨਾਮ ਦੇ ਤੌਰ ਤੇ ਇਸ ਗੱਦੀ ਨੂੰ ਬਖਸ਼ਸ਼ ਕਰਦੇ ਹਾਂ ਤੇ ਇਹ ਹੱਕ ਵਾਰਸਾਂ ਨੂੰ ਭੀ ਦਿੰਦੇ ਹਾਂ। ਅਤੇ ਹੁਣ ਤੇ ਅਗੋਂ ਦੇ ਜਗੀਰਦਾਰਾਂ ਅਤੇ ਵਡੇ ਵਡੇ ਮੁਤਸੱਦੀਆਂ ਆਮਲਾਂ ਤੇ ਹਾਕਮਾਂ ਨੂੰ ਚਾਹੀਦਾ ਹੈ ਕਿ ਇਸ ਉਪਰ ਦੱਸੀ ਜਮੀਨ ਨੂੰ ਇਸ ਗੱਦੀ ਦੇ ਕਬਜੇ ਵਾਸਤੇ ਹਵਾਲੇ ਕਰ ਦੇਣ ਅਤੇ ਨਜਰਾਨੇ ਵਗੈਰਾ ਦੇ ਤੌਰ ਅਥਵਾ ਹੋਰ ਮਨ੍ਹਾ ਕੀਤੇ ਹੋਏ ਹਬੂਬ ਬਾਦਸ਼ਾਹਾਂ ਨੂੰ ਪਨਾਹ ਦੇਣ ਵਾਲੀ ਦਰਗਾਹ ਤੋਂ ਮੁਆਫ ਤੇ ਖਾਰਜ ਸਮਝਣ ਅਤੇ ਇਸ ਸੰਬੰਧ ਵਿੱਚ ਹਰ ਵਰ੍ਹੇ ਨਵੀਂ ਸਨਦ ਨਾ ਮੰਗਣ। ਜਲੂਸ (ਤਖਤ ਪੁਰ ਬਹਿਣ) ਦੇ ਸਤਾਰ੍ਹਵੇਂ ਸਾਲ ਰਮਜ਼ਾਨ ਮੁਬਾਰਕ ਮਹੀਨੇ ਦੀ ਸਤਾਇਵੀਂ ਤਰੀਕ ਨੂੰ ਹੁਕਮ ਲਿਖਿਆ ਗਿਆ।'

ਜਿਸ ਤਰੀਕ ਦਾ ਇਹ ਪਟਾ ਲਿਖਤ ਹੈ ਉਹ ਮਘਰ ਸੰਮਤ ੧੭੦੦ ਦੀ ਕੋਈ ਤਰੀਕ ਬਣਦੀ ਹੈ। ਧੀਰਮਲ ਜੀ ਉਦੋਂ ਪੰਦਰਾਂ ਜਾਂ ਸੋਲਾਂ ਸਾਲ ਦੇ ਸਨ। ਇਸ ਪਟੇ ਦੀ ਰੋਸ਼ਨੀ ਵਿੱਚ ਉਨਾਂ ਦੀਆਂ ਉਹਨਾਂ ਮਾਨ ਭਰੀਆਂ ਗੱਲਾਂ ਦੀ, ਜੋ ਛੇਵੀਂ ਪਾਤਸ਼ਾਹੀ ਦੇ ਜੋਤੀ ਜੋਤ ਸਮਾਉਣ ਵੇਲੇ ਉਨਾਂ ਕੀਰਤਪੁਰ ਕੀਤੀਆਂ, ਠੀਕ ਸਮਝ ਪੈ ਜਾਂਦੀ ਹੈ। ਉਨਾਂ ਜਾਗੀਰ ਪ੍ਰਾਪਤ ਕਰਕੇ ਬਾਦਸ਼ਾਹ ਨਾਲ ਬਣਾ ਲਈ ਸੀ। ਇਸ ਪਟੇ ਦੇ ਹੁੰਦਿਆਂ ਸੁੰਦਿਆਂ ਕੀ ਕੋਈ ਮੰਨ ਸਕਦਾ ਹੈ ਕਿ ਧੀਰਮਲਕੇ ਕੋਈ ਗਲਤ ਇੰਦਰਾਜ ਯਾਦਦਾਸ਼ਤ ਵਜੋਂ ਆਦਿ ਬੀੜ ਵਿਚ ਕਰਨ ਜੋ ਉਨ੍ਹਾਂ ਦੇ ਕਬਜ਼ੇ ਵਿੱਚ ਸੀ। ਅਜਿਹੀ ਗਲਤੀ ਤਾਂ ਉਨਾਂ ਦੇ ਅਸਲੀ ਪਟੇ ਪੁਰ ਸ਼ਕ ਪਾ ਦੇਣ ਦਾ ਕਾਰਨ ਹੋ ਸਕਦੀ ਸੀ। ਨਾ ਕੋਈ ਯਾਦਦਾਸ਼ਤ ਉਪਰ ਦੱਸੀ ਕਿਸਮ ਦੀ 'ਆਦਿ ਬੀੜ' ਦੇ ਕਿਸੇ ਪੱਤਰੇ ਪੁਰ ਹੈ। ਨਾ ਹੀ ਇਸ ਪਟੇ ਦੇ ਹੁੰਦਿਆਂ ਇਸ ਕਿਸਮ ਦੀ ਯਾਦਦਾਸ਼ਤ ਦੀ ਕੋਈ ਸੰਭਾਵਨਾ

* ਤੁਰਕੀ ਸਾਲ ਦਾ ਨਾਮ ਹੈ।

ਹੋ ਸਕਦੀ ਹੈ।

ਅੱਗੇ ਆਪ ਇਸ ਤਰਹ ਲਿਖਦੇ ਹਨ। "੧੬੫੫ ਤੋਂ ਮਗਰੋਂ ਜਦੋਂ ਪੰਜਵੇਂ ਗੁਰੂ ਸਾਹਿਬ ਕਰਤਾਰ ਪੁਰੋਂ ਸ੍ਰੀ ਅੰਮ੍ਰਿਤਸਰ ਜੀ ਆ ਗਏ, ਉਹ ਗੁਰੂ ਗ੍ਰੰਥ ਸਾਹਿਬ ਵੀ ਨਾਲ ਲੈ ਆਏ। ਉਨ੍ਹਾਂ ਦੀ ਸ਼ਹਾਦਤ ਮਗਰੋਂ ਗੁਰੂ ਹਰਗੋਬਿੰਦ ਸਾਹਿਬ ਦੇ ਚੌਦਾਂ ਵਰ੍ਹੇ ਗਵਾਲੀਅਰ ਦੇ ਕਿਲ੍ਹੇ ਵਿਚ ਰਹਿਣ ਦੀ ਗੈਰਹਾਜ਼ਰੀ ਸਮੇ ਬੀੜ ਸ੍ਰੀ ਅੰਮ੍ਰਿਤਸਰ ਹੀ ਰਹੀ। ਦਸ ਵਰ੍ਹੇ ਫਿਰ ਪੰਜਾਬ ਵਿਚ ਰਹਿਣ ਮਗਰੋਂ ਜਦੋਂ ਔਖੇ ਦਿਨ ਆਏ ਤਾਂ ਉਹ ਰਿਆਸਤ ਬਿਲਾਸਪੁਰ ਦੇ ਇਲਾਕੇ ਵਿਚ ਕੀਰਤਪੁਰ ਜਾ ਵੱਸੇ। "ਟਿੱਕਾ-ਨੂੰਹ" ਨੱਤੀ ਜਾਂ ਨਿਹਾਲ ਕੌਰ ਨੇ ਪੇਕਿਆਂ ਦੇ (ਜੋ ਕਰਤਾਰ ਪੁਰ ਵਿਚ ਸਨ) ਅਤੇ ਕੁਝ ਮਸੰਦਾਂ ਦੇ ਕਹੇ ਸੁਣੇ ਗੁਰੂ ਸਾਹਿਬ ਦੇ ਨਾਲ ਕੀਰਤਪੁਰ ਰਹਿਣਾ ਕਬੂਲ ਨਾ ਕੀਤਾ ਅਤੇ ਆਪਣੇ ਨਾ-ਬਾਲਗ, ਸਗੋਂ ਕੁਛੜਲੇ ਬਾਲ, ਧੀਰਮਲ ਦੇ ਨਾਮ ਪੁਰ ਮਸੰਦਾਂ ਦੀ ਮਦਦ ਨਾਲ ਕਰਤਾਰਪੁਰ ਵਿਚ ਹੀ ਵੱਖਰੀ ਗੁਰ ਗੱਦੀ ਕਾਇਮ ਕਰਕੇ ਸੁਖ ਦੀਆਂ ਰੋਟੀਆਂ ਖਾਣ ਦਾ ਫੈਸਲਾ ਕੀਤਾ ਅਤੇ (ਗੁਰੂ) ਗ੍ਰੰਥ ਸਾਹਿਬ ਉਤੇ ਕਬਜ਼ਾ ਕਰਕੇ ਕਰਤਾਰਪੁਰ ਲੈ ਆਉਣਾ ਚਾਹਿਆ। ਪਰ ਗੁਰੂ ਸਾਹਿਬ ਇਸ ਗੁਰ ਗੱਦੀ ਦੇ ਨਿਸ਼ਾਨ ਜਾਂ ਗੁਰੂ ਦੇ ਅਧਿਕਾਰ ਦੇ ਚਿਨ੍ਹ ਨੂੰ ਕਿਸਤਰ੍ਹਾਂ ਛੱਡ ਸਕਦੇ ਸਨ? ਝਗੜੇ ਝਾਂਜੇ ਨਾਲ ਇਸ ਨੂੰ ਕੀਰਤਪੁਰ ਹੀ ਰਖਿਆ। ਮਾਤਾ ਨਾਨਕੀ ਜੀ ਵੀ ਆਪਣੇ ਪੁਤ੍ਰ ਤੇਗ ਬਹਾਦਰ ਜੀ ਨੂੰ ਨਾਲ ਲੈ ਕੇ ਆਪਣੇ ਪੇਕੇ 'ਬਕਾਲਾ' ਆ ਰਹੇ। ਮਾਤਾ ਦਮੋਦਰੀ ਪਹਿਲੇ ਹੀ ਚਲਾਣਾ ਕਰ ਚੁਕੇ ਸਨ। ਗੁਰੂ ਸਾਹਿਬ ਪਾਸ ਕੀਰਤਪੁਰ ਵਿਚ ਖਾਲੀ ਮਾਤਾ ਮਰਵਾਹੀ ਅਤੇ ਛੋਟੀ ਨੂੰਹ ਹਰਿਰਾਇ ਜੀ ਦੀ ਮਾਤਾ ਹੀ ਰਹਿ ਗਏ ਸਨ।" (ਲਕੀਰਾਂ ਮੇਰੀਆਂ)।

ਹੁਣ ਸਿਖ ਇਤਿਹਾਸ ਇਸ ਕਹਾਣੀ ਦੀ ਪ੍ਰੋੜਤਾ ਨਹੀਂ

ਕਰਦਾ। ਸ੍ਰੀ ਅੰਮ੍ਰਿਤਸਰ ਜੀ ਦੇ ਪਹਿਲੇ ਯੁਧ ਮਗਰੋਂ ਛੇਵੇਂ ਗੁਰੂ ਜੀ ਨੇ ਹਰਗੋਬਿੰਦ ਪੁਰ ਵਸਾਇਆ। ਇਸ ਦੇ ਵਸਾਣ ਤੋਂ ਪਹਿਲੋਂ ਜਲੰਧਰ ਦੇ ਸੂਬੇ ਨੇ ਹਮਲਾ ਕੀਤਾ ਜਿਸ ਵਿਚ ਉਸ ਨੂੰ ਹਾਰ ਹੋਈ। ਗੁਰੂ ਸਾਹਿਬ ਮਗਰੋਂ ਦੀਵਾਲੀ ਤੇ ਸ੍ਰੀ ਅੰਮ੍ਰਿਤਸਰ ਆਏ। ਮਗਰੋਂ ਬਹੁਤ ਸਾਰਾ ਚਿਰ ਗੁਰੂ ਸਾਹਿਬ ਸ੍ਰੀ ਅੰਮ੍ਰਿਤਸਰ ਹੀ ਰਹਿ ਕੇ ਇਰਦ ਗਿਰਦ ਪ੍ਰਚਾਰ ਦੇ ਦੌਰੇ ਕਰਦੇ ਰਹੇ। ਇਥੋਂ ਹੀ ਬਾਬਾ ਗੁਰਦਿਤਾ ਜੀ ਨੂੰ ਬੁਢਨ ਸ਼ਾਹ ਪਾਸ ਘਲਿਆ ਜਿਥੇ ਜਾ ਕੇ ਉਨ੍ਹਾਂ ਕੀਰਤਪੁਰ ਦੀ ਨੀਂਹ ਰੱਖੀ ਅਤੇ ਮਗਰੋਂ ਬਾਬਾ ਜੀ ਆਪਣੀ ਇਸਤ੍ਰੀ ਸਮੇਤ ਉਥੇ ਰਹਿਣ ਲਈ ਗਏ। ਇਥੇ ਕੀਰਤ-ਪੁਰ ਹੀ ਗੁਰੂ ਹਰਿਰਾਏ ਜੀ ਦਾ ਜਨਮ ੧੬੮੭ ਸੰਮਤ ਵਿਚ ਹੋਇਆ। ਛੇਵੇਂ ਗੁਰੂ ਜੀ ਉਦੋਂ ਸ੍ਰੀ ਅੰਮ੍ਰਿਤਸਰ ਜੀ ਸਨ। ਉਥੋਂ ਹੀ ਵਾਕ ਲੈ ਕੇ ਬੱਚੇ ਦਾ ਨਾਮ ਰੱਖ ਕੇ ਭੇਜਿਆ। ਕੁਝ ਮਹੀਨਿਆਂ ਪਿਛੋਂ ਆਪਣੇ ਸਾਂਢੂ ਸਾਈਂਦਾਸ ਦੇ ਲਿਖਣ ਪੁਰ ਡਰੋਲੀ ਚਲੇ ਗਏ ਜਿਥੇ ਮਾਤਾ ਦਮੋਦਰੀ ਜੀ ਦਾ ਚਲਾਣਾ ਹੋਇਆ। ਉਥੋਂ ਆਪ ਭਾਈ ਰੂਪੇ ਦੇ ਪਿੰਡ ਗਏ। ਉਨ੍ਹੀਂ ਦਿਨੀਂ ਰਾਏ ਜੋਧ ਕਾਂਗੜ ਵਾਲਾ ਸਿਖ ਬਣਿਆ। ਕਾਂਗੜ ਦੇ ਨੇੜੇ ਹੀ ਗੁਰੂ ਜੀ ਦੀ ਸ਼ਾਹੀ ਫੌਜ ਨਾਲ ਤੀਜੀ ਲੜਾਈ ਹੋਈ। ਮਗਰੋਂ ਆਪ ਕਰਤਾਰ-ਪੁਰ ਆਏ। ਇਥੇ ਪੈਂਦੇ ਖਾਨ ਦਾ ਵਿਗਾੜ ਹੋਇਆ ਤੇ ਚੌਥੀ ਲੜਾਈ ਸ਼ਾਹੀ ਫੌਜ ਨਾਲ ਹੋਈ। ਇਸ ਲੜਾਈ ਵਿੱਚ ਬਾਬਾ ਗੁਰਦਿਤਾ ਤੇ (ਗੁਰੂ) ਤੇਗ ਬਹਾਦਰ ਜੀ ਵੀ ਬਹੁਤ ਸੂਰਮਤਾਈ ਨਾਲ ਲੜੇ। ਇਹ ਵਾਕਿਆ ੧੬੯੧ ਦਾ ਹੈ। ਇਸੇ ਜੁਧ ਤੋਂ ਪਹਿਲੇ ਧੀਰਮਲ ਨੇ ਪੈਂਦੇ ਖਾਨ ਨੂੰ ਚਿੱਠੀ ਲਿਖੀ ਸੀ।

ਜੁਧ ਹੁੰਦੇ ਹੀ ਗੁਰੂ ਜੀ ਬੁੱਢਣ ਸ਼ਾਹ ਪਾਸ ਕੀਰਤਪੁਰ ਗਏ। ਸਗੋਂ ਜ਼ਖਮਾਂ ਦੀ ਜੋ ਯੁਧ ਵਿੱਚ ਲਗੇ ਸਨ ਮਰਹਮ ਪੱਟੀ ਚੰਗੀ ਤਰਾਂ ਉਥੇ ਜਾਕੇ ਕੀਤੀ। ਬਾਬਾ ਗੁਰਦਿਤਾ ਜੀ ਵੀ ਨਾਲ ਸਨ ਤੇ ਸਾਰਾ ਪਰਵਾਰ ਹੋਰ ਵੀ ਨਾਲ ਸੀ। ਨਿਰਾ ਧੀਰਮਲ ਜੀ ਤੇ ਉਸ ਦੀ

ਮਾਤਾ ਨੱਤੀ ਨਾਲ ਨਾ ਗਏ। ਧੀਰਮਲ ਨੂੰ ਆਪਣੇ ਕੀਤੇ ਦੀ ਸ਼ਰਮ ਸੀ। ਨਾਲ ਹੀ ਮਾਤਾ ਦਾ ਇਹ ਖਿਆਲ ਵੀ ਹੋ ਸਕਦਾ ਹੈ ਕਿ ਅਸੀਂ ਪਿਛੇ ਰਹਿ ਕੇ ਸਭ ਕੁਝ ਸਾਂਭ ਲਵਾਂਗੇ। ਧੀਰਮਲ ਨੇ ਮਗਰੋਂ ਬਾਦਸ਼ਾਹ ਨੂੰ ਇਕ ਚਿੱਠੀ ਵੀ ਲਿਖੀ ਪਰ ਵਜ਼ੀਰ ਖਾਨ ਨੇ (ਸਿੱਖ ਇਤਿਹਾਸ ਦੱਸਦਾ ਹੈ) ਬਾਦਸ਼ਾਹ ਨੂੰ ਪੁਜਣ ਨਾ ਦਿਤੀ। ਨਾਲ ਹੀ ਵਜ਼ੀਰ ਖਾਨ ਨੇ ਬਾਦਸ਼ਾਹ ਦੇ ਦਿਲ ਵਿਚੋਂ ਗੁਰੂ ਜੀ ਸੰਬੰਧੀ ਸ਼ਕ ਸ਼ਕੂਕ ਵੀ ਦੂਰ ਕਰ ਦਿਤੇ। ਕੀਰਤਪੁਰ ਵਿੱਚ ਜਦੋਂ ਬਾਬਾ ਗੁਰਦਿਤਾ ਜੀ ੧੬੯੫ ਵਿੱਚ ਸਮਾ ਗਏ, ਤਦੋਂ ਵੀ ਧੀਰਮਲ ਨਾ ਗਿਆ ਅਤੇ ਕਿਹਾ ਕਿ ਮੇਰੇ ਭਰਾ ਹਰਿਰਾਇ ਨੂੰ ਪੱਗ ਬੰਨ੍ਹਾ ਦਿਓ ਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਭੋਗ ਲਈ ਘਲਿਆ। ਮਾਤਾ ਮਰਵਾਹੀ ਜੀ ਦਾ ਵੀ ਇਥੇ ਹੀ ਚਲਾਣਾ ਹੋਯਾ। ਫਿਰ (ਗੁਰੂ) ਹਰਿਰਾਇ ਜੀ ਦਾ ਵਿਆਹ ਵੀ ਇਥੇ ਹੀ ੧੬੯੭ ਸੰਮਤ ਵਿੱਚ ਕੀਤਾ। ਜਦੋਂ ਗੁਰੂ ਹਰਿਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਦਾ ਸਮਾਂ ਨੇੜੇ ਆਇਆ ਤਾਂ ਵੀ ਧੀਰਮਲ ਨੇ ਕੀਰਤ-ਪੁਰ ਜਾਣੋਂ ਨਾਹ ਕਰ ਦਿਤੀ ਪਰ ਆਪਣੀ ਮਾਤਾ ਦੇ ਸਮਝਾਉਣ ਤੇ ਚਲਾ ਗਿਆ। ਪਰ ਉਥੇ ਜਾਕੇ ਗੁਰੂ ਜੀ ਨੂੰ ਕਹਿਣ ਲਗਾ, 'ਮੈਂ ਹੀ ਚਿੱਠੀ ਪੱਤ੍ਰ ਕਰਕੇ ਬਾਦਸ਼ਾਹ ਨਾਲ ਸੁਲਹ ਸਫਾਈ ਕਰਾ ਦਿਤੀ ਹੈ। ਇਸੇ ਲਈ ਆਪ ਇਥੇ ਸੁਖ ਨਾਲ ਵਸ ਰਹੇ ਹੋ।' ਨਾਲ ਹੀ ਗੁਰੂ ਜੀ ਜਦੋਂ ਤਿੰਨ ਦਿਨ ਮਕਾਨੋਂ ਬਾਹਰ ਨਾ ਨਿਕਲੇ ਤਾਂ ਆਪ ਹੀ ਗੱਦੀ ਲਾਕੇ ਗੁਰੂ ਬਣ ਬੈਠਾ। ਜਦੋਂ ਗੁਰੂ ਜੀ ਨੂੰ ਪਤਾ ਲਗਾ ਉਨਾਂ ਕਿਹਾ ਗੱਦੀ ਛਲ ਤੇ ਕਪਟ ਨਾਲ ਨਹੀਂ ਮਿਲਦੀ ਇਹ ਤਾਂ ਭਗਤੀ ਤੇ ਨਿਮ੍ਰਤਾ ਦੁਆਰਾ ਪ੍ਰਾਪਤ ਹੁੰਦੀ ਹੈ। ਜਦੋਂ ਇਹ ਲਫਜ਼ ਧੀਰਮਲ ਨੇ ਸੁਣੇ ਉਹ ਗੁਸੇ ਹੋਕੇ ਵਾਪਸ ਕਰਤਾਰਪੁਰ ਚਲਾ ਗਿਆ। ਪਿਛੋਂ ਸਤਿਗੁਰਾਂ ਇਕ ਦਿਨ ਮੁਕੱਰਰ ਕਰਕੇ ਗੱਦੀ ਗੁਰੂ ਹਰਿਰਾਏ ਜੀ ਨੂੰ ਸੌਂਪੀ ਅਤੇ ਉਦੋਂ ਮਾਤਾ ਨਾਨਕੀ ਜੀ ਨੂੰ ਆਖਿਆ ਕਿ ਤੁਸੀਂ ਹੁਣ ਬਕਾਲੇ ਜਾ ਕੇ ਟਿਕੋ ਜਦ ਤਕ ਤੇਗ ਬਹਾਦਰ ਜੀ

[illegible]

[illegible] ਸਾਰੀ [illegible]

[illegible] ੧੭੦੧ ਨੂੰ ਜੋਤੀ ਜੋਤ ਸਮਾ ਗਏ।

[illegible] ਪਾਠਕ ਜਨ ਹੁਣ ਮੰਨੇ ਪ੍ਰਮੰਨੇ ਸਿਖ ਇਤਿਹਾਸ ਤੇ 'ਪ੍ਰਾ[illegible] [illegible] ਦੇ ਕਰਤਾ ਦੀ ਦਿੱਤੀ ਕਹਾਣੀ ਵਿਚ ਫਰਕ ਆਪੇ ਹੀ [illegible] [illegible]ਹੈ। ਗੁਰੂ ਜੀ ੧੬੯੧ ਦੇ ਮਗਰੋਂ ਕੀਰਤ ਪੁਰ ਜਾ ਕੇ [illegible] [illegible] ਧੀਰਮਲ, ਜੋ ਛੇ ਜਾਂ ਸੱਤ ਵਰ੍ਹੇ ਦਾ ਸੀ, ਨਾਲ ਨਹੀਂ [illegible]ਆ, ਨਾਂ ਹੀ ਉਸ ਦੀ ਮਾਤਾ। (ਗੁਰੂ) ਹਰਿਰਾਇ ਜੀ [illegible] [illegible] ਗੁਰਦਿਤਾ ਜੀ ਨਾਲ ਸਨ । ਇਹ ਕਹਾਣੀ, 'ਕਿ ਨੱਤੀ ਜੀ [illegible]ਣੇ ਕੁਛੜਲੇ ਬਾਲ ਧੀਰਮਲ ਨੂੰ ਨਾਲ ਲੈ ਕੇ ਕਰਤਾਰਪੁਰ [illegible]ਗਈ', ਆਪ ਨੇ ਕਿੱਥੋਂ ਲਈ ਹੈ ਦੱਸਿਆ ਨਹੀਂ। ਉਸ [illegible] [illegible] ਗ੍ਰੰਥ ਸਾਹਿਬ ਵੀ ਨਾਲ ਹੀ ਲੈ ਆਵਣਾ ਚਾਹਿਆ ਪਰ [illegible] ਗੁਰੂ ਸਾਹਿਬ ਗੁਰੂ ਗੱਦੀ ਦੇ ਨਿਸ਼ਾਨ ਜਾਂ ਗੁਰੂ ਕੇ ਅਧਿਕਾਰ [illegible] [illegible] ਨੂੰ ਕਿਸਤਰ੍ਹਾਂ ਛੱਡ ਸਕਦੇ ਸਨ।" ਹਾਲਾਂ ਕਿ ਸਿਖ ਇਤਿਹਾਸ [illegible] [illegible] ਹੈ ਕਿ ੧੬੯੧ ਤੋਂ ਮਗਰੋਂ ਗੁਰੂ ਗ੍ਰੰਥ ਸਾਹਿਬ ਦੀ ਆਦਿ [illegible] [illegible] ਕੀਰਤਪੁਰ ਸਾਹਿਬ ਗਈ ਹੀ ਨਹੀਂ। ਇਕ ਹੋਰ ਮਜ਼ੇਦਾਰ [illegible] [illegible] ਕਰਤਾ ਇਥੇ ਲਿਖਦਾ ਹੈ ਕਿ ਛੇਵੇਂ ਗੁਰੂ ਜੀ ਨੇ ਗੁਰੂ ਗ੍ਰੰ[illegible] [illegible]ਬ ਦੀ ਆਦਿ ਬੀੜ ਆਪਣੀ ਨੂੰਹ ਨਾਲ ਝਗੜਾ ਕਰ[illegible] [illegible]ਣੇ ਪਾਸ ਰੱਖੀ ਕਿਉਂਕਿ ਇਹ ਗੁਰ ਗੱਦੀ ਦਾ ਨਿਸ਼ਾਨ [illegible] [illegible]ਕੇ ਅਧਿਕਾਰ ਦਾ ਚਿਨ੍ਹ ਸੀ ਪਰ ਅੱਗੇ ਜਾ ਕੇ ਆਪ ਹੀ [illegible] [illegible]ਦਾ ਹੈ ਕਿ ਇਸੇ ਆਦਿ ਬੀੜ ਨੂੰ ਨਾਵੇਂ ਗੁਰੂ ਜੀ ਨੇ ਝਗੜੇ[illegible] [illegible]ਨਾ ਜਾਣ ਕੇ ਸਹਿਜੇ ਹੀ ਦਰਿਆ ਵਿਚ ਜਲ ਪਰਵਾਹ [illegible] [illegible]। ਕੀ ਨਾਵੇਂ ਗੁਰੂ ਜੀ ਨੂੰ 'ਗੁਰ ਗੱਦੀ ਦੇ ਇਸ ਨਿਸ਼ਾਨ [illegible] ਗੁਰੂ ਦੇ ਅਧਿਕਾਰ ਦੇ ਚਿਨ੍ਹ' ਦੀ ਲੋੜ ਨਹੀਂ ਸੀ, ਖਾਸ [illegible] [illegible]ਮਲ ਆਪਣੇ ਜ਼ੋਰਾਂ ਵਿਚ ਸੀ। ਪਰ ਇਹ ਸਾਰੀ [illegible] [illegible] ਜੀ ਦੀ ਆਪਣੀ ਹੈ। ਮਾਤਾ ਨਾਨਕੀ ਜੀ, [illegible]

ਮਰਵਾਹੀ ਜੀ ਦੇ ਚਲਾਣੇ ਮਗਰੋਂ ਜਦੋਂ ਗੁਰੂ ਸਾਹਿਬ ਗੁਰੂ ਹਰਿ-ਰਾਇ ਨੂੰ ਗੱਦੀ ਦੇ ਚੁਕੇ, ਉਨ੍ਹਾਂ ਦੇ ਹੁਕਮ ਦੇਣ ਪੁਰ ਬਕਾਲੇ ਆ ਕੇ ਟਿਕੇ। ਪਰ ਕਰਤਾ ਇਥੇ ਵੀ ਨਵੀਂ ਘਾੜਤ ਘੜ ਲੈਂਦਾ ਹੈ। ਗੁਰੂ ਹਰਿ ਰਾਇ ਜੀ ਦੀ ਮਾਤਾ ਤਾਂ ਨੱਤੀ ਜੀ ਹੀ ਸਨ। ਇਥੇ ਕਰਤਾ ਗੁਰੂ ਜੀ ਦੀ ਕੋਈ ਹੋਰ ਮਾਤਾ ਮਿਥ ਕੇ ਉਸ ਦਾ ਕੀਰਤਪੁਰ ਰਹਿਣਾ ਦੱਸ ਰਿਹਾ ਹੈ। ਆਪਣਾ ਨੁਕਤਾ ਸਾਬਤ ਕਰਨ ਲਈ ਕਰਤਾ ਨਵੇਂ ਸਿਰੋਂ ਸਾਰਾ ਇਤਿਹਾਸ ਹੀ ਬਦਲ ਰਿਹਾ ਹੈ ਅਤੇ ਇਸ ਬਦਲੀ ਲਈ ਉਸ ਪਾਸ ਸਿਵਾਏ ਆਪਣੀ ਕਲਪਨਾ ਦੇ ਕੀ ਪ੍ਰਮਾਣ ਹੈ, ਇਹ ਕਿਤੇ ਨਹੀਂ ਦੱਸਿਆ।

ਅੱਗੇ ਜਾਕੇ ਸ: ਜੀ. ਬੀ. ਸਿੰਘ ਨੇ ਲਿਖਿਆ ਹੈ ਕਿ ਛੇਵੇਂ ਗੁਰੂ ਸਾਹਿਬ ਦੇ ਜੋਤੀ ਜੋਤ ਸਮਾ ਜਾਣ ਮਗਰੋਂ ਇਹ ਆਦਿ ਬੀੜ ਗੁਰੂ ਗੱਦੀ ਦੇ ਨਾਲ ਪਹਿਲੋਂ ਗੁਰੂ ਹਰਿ ਰਾਇ ਜੀ ਨੂੰ ਤੇ ਫਿਰ ਅੱਗੋਂ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਪਹੁੰਚੀ। ਜਦੋਂ ਗੁਰੂ ਹਰਿ ਕ੍ਰਿਸ਼ਨ ਜੀ ਸੰਮਤ ੧੭੨੧ ਵਿਚ ਜੋਤੀ ਜੋਤ ਸਮਾ ਗਏ, ਤਦੋਂ ਇਹ ਬੀੜ ਨਾਵੇਂ ਗੁਰੂ ਜੀ ਪਾਸ ਬਾਬੇ ਬਕਾਲੇ ਘਲੀ ਗਈ। ਇਥੋਂ ਸ਼ੀਹਾਂ ਮਸੰਦ ਬੀੜ ਨਾਲ ਲੈ ਕੇ ਗੁਰੂ ਜੀ ਪੁਰ ਹਮਲਾ ਕਰ ਕੇ ਅਤੇ ਉਨਾਂ ਨੂੰ ਜ਼ਖਮੀ ਕਰ ਕੇ ਬੀੜ ਕਰਤਾਰ ਪੁਰ ਲੈ ਗਿਆ। ੧੭੨੨ ਦੀ ਵਿਸਾਖੀ ਤੇ ਜਦੋਂ ਸਿਖ ਗੁਰੂ ਜੀ ਦੇ ਦਰਸ਼ਨ ਨੂੰ ਆਏ ਤਾਂ ਉਨ੍ਹਾਂ ਵਿਚ ਦਿੱਲੀ ਦੇ ਕੁਝ ਧਨਾਢ ਖਤਰੀ ਵੀ ਸਨ। ਉਨ੍ਹਾਂ ਜਦੋਂ ਗੁਰੂ ਜੀ ਪਾਸੋਂ ਧੀਰ ਮਲ ਦੇ ਮਸੰਦ ਦੇ ਹਮਲੇ ਦੀ ਗੱਲ ਸੁਣੀ ਤਾਂ ਸਲਾਹ ਦਿੱਤੀ ਕਿ ਆਪ ਇਸ ਕਲਹ ਵਿੱਚੋਂ ਨਿਕਲ ਕੇ ਦੱਖਣ ਪੂਰਬ ਦੀਆਂ ਸੰਗਤਾਂ ਨੂੰ ਦਰਸ਼ਨ ਦਿਓ। ਇਹ ਸਲਾਹ ਗੁਰੂ ਜੀ ਨੂੰ ਪਸੰਦ ਆਈ। ਜਦੋਂ ਉਹ ਬਕਾਲਾ ਛੱਡ ਕੀਰਤਪੁਰ ਜਾਣ ਲਈ ਕਰਤਾਰ ਪੁਰ ਪੁਜੇ, ਜੋ ਰਾਹ ਵਿਚ ਪੈਂਦਾ ਸੀ, ਤਦੋਂ ਭਾਈ ਕ੍ਰਿਪਾਲ ਕੁਝ ਸਿੱਖਾਂ ਨੂੰ ਨਾਲ ਲੈ ਕੇ ਕਰਤਾਰ ਪੁਰ ਧਰਮਸਾਲਾ ਵਿਚ ਜਾ ਵੜਿਆ ਤੇ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਲੁਟ ਕੇ ਨਾਲ

ਜਾ ਰਲਿਆ। ਗੁਰੂ ਸਾਹਿਬ ਨੇ ਇਹ ਬੀੜ ਮੋੜ ਦੇਣ ਲਈ ਆਖਿਆ। ਮਾਤਾ ਨਾਨਕੀ ਜੀ ਨੇ ਸਮਝਾਇਆ ਕਿ ਬੀੜ ਨਾ ਮੋੜੋ ਪਰ ਗੁਰੂ ਜੀ ਨਾ ਮੰਨੇ। ਹੁਣ ਜਦੋਂ ਕੋਈ ਸਿਖ ਬੀੜ ਲੈ ਕੇ ਧੀਰ ਮਲ ਦੇ ਮੱਥੇ ਲੱਗਣ ਨੂੰ ਤਿਆਰ ਨਾ ਹੋਇਆ ਤਾਂ ਗੁਰੂ ਸਾਹਿਬ ਨੇ ਉਸ ਨੂੰ ਦਰਿਆ ਵਿਚ ਜਲ ਪਰਵਾਹ ਕਰ ਦਿੱਤਾ।

ਸੂਰਜ ਪ੍ਰਕਾਸ਼ ਦਾ ਕਰਤਾ ਵੀ ਜਿਸ ਵਿਚੋਂ ਅੱਗੇ ਜਾ ਕੇ ਕਰਤਾ ਨੇ ਟੂਕ ਦਿੱਤੀ ਹੈ, ਇਹ ਨਹੀਂ ਮੰਨਦਾ ਕਿ ਧੀਰ ਮਲ ਦੇ ਮਸੰਦ ਨੇ ਇਹ ਬੀੜ ਬਕਾਲੇ ਤੋਂ ਲੁਟ ਕੇ ਲੈ ਆਂਦੀ ਸੀ। ਜਿਹੜੀ ਟੂਕ ਕਰਤਾ ਨੇ ਦਿੱਤੀ ਹੈ ਉਸ ਵਿਚ ਇਹ ਤੁਕਾਂ ਹਨ।

ਧੀਰ ਮਲ ਕੇ ਨਿਕਟ ਕਦੀ ਕੋ।
ਅਬ ਭੀ ਦੇਯੋ ਬਨਹਿ ਤਿਸੀ ਕੋ। ੧੦।
ਛੀਨ ਲੇਨ ਇਹ ਉਚਿਤ ਨ ਹਮੈ।
ਰਿਦੈ ਬਿਸੂਰੈ ਦੁਖ ਸਭ ਸਮੈ।

ਜਿਸ ਵਿਚ ਗੁਰੂ ਸਾਹਿਬ ਦੀ ਜ਼ਬਾਨੀ ਸਾਫ ਇਹ ਕਹਿਆ ਲਿਖਿਆ ਹੈ ਕਿ "ਇਹ ਬੀੜ ਧੀਰ ਮਲ ਪਾਸ ਚਿਰੋਕਨੀ ਸੀ। ਹੁਣ ਭੀ ਉਸੇ ਨੂੰ ਦੇਣੀ ਯੋਗ ਹੈ। ਸਾਨੂੰ ਖੋਹਣੀ ਨਹੀਂ ਚਾਹੀਦੀ। ਉਹ ਹਰ ਵੇਲੇ ਕੁੜ੍ਹਦਾ ਰਹੇਗਾ।" ਗੁਰੂ ਸਾਹਿਬ ਨੇ ਇਹ ਨਹੀਂ ਕਿਹਾ ਕਿ ਭਾਵੇਂ ਉਹ ਬੀੜ ਸਾਡੇ ਪਾਸੋਂ ਖੋਹ ਕੇ ਲੈ ਆਇਆ ਹੈ ਤਾਂ ਵੀ ਮੋੜ ਦਿਓ। ਇਕ ਹੋਰ ਲੁਤਫ਼ ਦੀ ਗੱਲ ਵੇਖੋ। ੪੭ ਸਫੇ ਪੁਰ ਲਿਖਿਆ ਹੈ "ਜਦ ਸਮਾਂ ਪਾਕੇ ਅਸਲੀ ਵਾਕਿਆਤ ਭੁਲ ਭੁਲਾ ਗਏ, ਉਹਨਾਂ (ਧੀਰਮਲ ਜੀ ਕਿਆਂ) ਨੇ ਇਕ ਕਹਾਣੀ ਘੜੀ। ਜਿਸ ਵਿਚ ਦੱਸਿਆ ਕਿ ਕਿਸ ਤਰਹ ਗ੍ਰੰਥ ਸਾਹਿਬ ਦਰਿਆ ਬਿਆਸ ਵਿਚ ਭਿਜਨ ਗਲਨ ਤੋਂ ਬੱਚ ਰਿਹਾ, ਅਤੇ ਚੌਧਵੇਂ ਦਿਨ ਧੀਰ ਮਲ ਜਾ ਕੇ ਕੱਢ ਲਿਆਇਆ"। ਖੂਬ! ਬਕਾਲੇ ਤੋਂ ਤੁਰੀਏ ਤਾਂ ਬਿਆਸ ਲੰਘ ਕੇ ਕਰਤਾਰ ਪੁਰ ਆਂਵਦਾ ਹੈ। ਨੌਵੇਂ ਗੁਰੂ ਸਾਹਿਬ ਦੇ ਸਾਥੀਆਂ ਆਦਿ ਬੀੜ ਕਰਤਾਰ ਪੁਰੋਂ

ਲੁਟੀ ਤੇ ਫਿਰ ਰਾਹ ਵਿਚ ਗੁਰੂ ਸਾਹਿਬ ਨੂੰ ਜਾ ਮਿਲੇ। ਹੁਣ ਕਰਤਾਰ ਪੁਰੋਂ ਅੱਗੇ ਕਿਹੜਾ 'ਬਿਆਸ' ਆ ਗਿਆ, ਜਿਸ ਵਿਚ ਉਨ੍ਹਾਂ ਬੀੜ ਧਰ ਦਿੱਤੀ ਤੇ ਜੇ ਤੁਸਾਡੀ ਧੀਰ ਮਲ ਕਿਆਂ ਬਾਬਤ ਦਿੱਤੀ ਕਹਾਣੀ ਠੀਕ ਹੈ ਤਾਂ ਗੁਰੂ ਸਾਹਿਬ ਜੇ ਬਿਆਸ ਵਿਚ ਬੀੜ ਧਰਨ ਆਏ ਤੇ ਰਾਹ ਵਿਚ ਕਰਤਾਰਪੁਰ ਪੈਂਦਾ ਸੀ, ਧੀਰਮਲ ਨੂੰ ਹੀ ਕਿਉਂ ਨਾ ਮੋੜ ਦਿੱਤੀ?

ਕਰਤਾ ਦਰਿਆ ਵਿਚ ਨਾਵੇਂ ਗੁਰੂ ਜੀ ਦਾ ਬੀੜ ਨੂੰ ਸਣੇ ਪਾਲਕੀ ਛੋੜ ਦੇਣਾ ਤਾਂ ਸੂਰਜ ਪ੍ਰਕਾਸ਼ ਅਨੁਸਾਰ ਮੰਨਦਾ ਹੈ ਪਰ ਸੂਰਜ ਪ੍ਰਕਾਸ਼ ਦੀ ਇਸੇ ਸਾਖੀ ਦਾ ਅਗਲਾ ਹਿੱਸਾ ਜਿਸ ਵਿਚ ਇਹ ਲਿਖਿਆ ਹੈ ਕਿ ਧੀਰ ਮਲ ਨੇ ਮਗਰੋਂ ਆ ਕੇ ਇਹ ਬੀੜ ਕੱਢ ਲਈ ਨਹੀਂ ਮੰਨਦਾ ਕਿਉਂਕਿ ਇਹ ਕਰਾਮਾਤ ਬਣ ਜਾਂਦੀ ਹੈ। ਸਾਨੂੰ ਅਧੇ ਹਿਸੇ ਦੇ ਮੰਨਣ ਤੇ ਬਾਕੀ ਹਿਸੇ ਦੇ ਛਡ ਦੇਣ ਦੀ ਦਲੀਲ ਸਮਝ ਨਹੀਂ ਆਈ। ਯਾ ਤਾਂ ਸਾਰੀ ਕਹਾਣੀ ਹੀ ਨਾ ਮੰਨੋ। ਦਰਿਆ ਵਿਚ ਬੀੜ ਦਾ ਰੱਖਣਾ ਵੀ ਤਾਂ ਸੂਰਜ ਪ੍ਰਕਾਸ਼ ਨੇ ਹੀ ਲਿਖਿਆ ਹੈ। ਇਹ ਅੱਧੀ ਗੱਲ ਮੰਨ ਲੈਂਦੇ ਹੋ ਪਰ ਫਿਰ ਧੀਰ ਮਲ ਨੂੰ ਬੀੜ ਲੱਭ ਪੈਣ ਦੀ ਗੱਲ ਜੋ ਉਸੇ ਲੇਖਕ ਨੇ ਲਿਖੀ ਹੈ ਤੁਸੀਂ ਕਿਸ ਤਰਹ ਅਪਰਵਾਣ ਕਰ ਸਕਦੇ ਹੋ?

ਜੇ ਸਾਰੀ ਕਹਾਣੀ ਤੋਂ ਇਨਕਾਰ ਕਰੀਏ, ਤਦ ਸਿੱਧੀ ਗੱਲ ਇਹ ਨਿਕਲੀ ਕਿ ਧੀਰ ਮਲ ਜੀ ਪਾਸੋਂ ਆਦਿ ਬੀੜ ਦਾ ਖੋਹ ਲੈਣਾ ਗੁਰੂ ਜੀ ਨੂੰ ਪਸੰਦ ਨਾ ਆਇਆ ਤੇ ਕਿਉਂਕਿ ਇਹ ਬੀੜ ਧੀਰ ਮਲ ਜੀ ਦੇ ਕਬਜ਼ੇ ਵਿਚ ਛੇਵੇਂ ਗੁਰੂ ਸਾਹਿਬ ਉਨ੍ਹਾਂ ਦੇ ਪਿਤਾ ਦੇ ਵੇਲੇ ਤੋਂ ਸੀ ਇਸ ਲਈ ਉਨ੍ਹਾਂ ਬੀੜ ਵਾਪਸ ਕਰਵਾ ਦਿੱਤੀ। ਆਦਿ ਬੀੜ ਨੂੰ ਝਗੜਾ ਝਾਂਝਾ ਕਰ ਕੇ ਵੀ ਛੇਵੇਂ ਗੁਰੂ (ਕਰਤਾ ਦੇ ਲਿਖੇ ਮੂਜਬ) ਆਪਣੀ ਵੱਡੀ ਨੂੰਹ ਨੂੰ ਵੀ ਨਾ ਦੇਣ ਪੁਰ ਉਨ੍ਹਾਂ ਦੇ ਸਪੁਤ੍ਰ ਸਹਿਜ ਸੁਭਾ ਹੀ ਇਕ ਅਮੁਲ ਚੀਜ਼ ਨੂੰ ਜਲ ਪਰਵਾਹ ਕਰ ਦੇਣ ਕਿਉਂਕਿ ਇਸ ਤੋਂ ਝਗੜਾ ਵਧਦਾ ਹੈ, ਇਹ ਗੱਲ ਮੰਨਣੋਂ

ਅਸੀਂ ਅਸਮਰਥ ਹਾਂ। ਕਿਉਂਕਿ ਝਗੜਾ ਬੀੜ ਦੇ ਕਬਜ਼ੇ ਦਾ ਨਹੀਂ ਸੀ, ਝਗੜਾ ਤਾਂ ਗੁਰਗੱਦੀ ਦਾ ਸੀ। ਉਹ ਤਾਂ ਨਾਵੇਂ ਗੁਰੂ ਜੀ ਨੇ ਨਾ ਛੇੜੀ। ਪਰੰਤੂ ਵੱਡਿਆਂ ਦੀ ਅਮੁੱਲ ਯਾਦਗਾਰ ਨੂੰ ਸਦਾ ਲਈ ਨਕਾਰ ਕਰ ਦਿੱਤਾ? ਇਹ ਗੱਲ ਕੋਈ ਵਿਚਾਰਵਾਨ ਮਨੁੱਖ ਤਾਂ ਨਹੀਂ ਮੰਨ ਸਕਦਾ। ਪਰ ਕਰਤਾ ਨੇ ਇਹ ਕਹਾਣੀ ਕਿਉਂ ਘੜੀ ਹੈ, ਇਸ ਤੇ ਅਸੀਂ ਹੁਣ ਵਿਚਾਰ ਕਰਦੇ ਹਾਂ। ਅੰਤ ਵਿਚ ਇਹ ਲਿਖਣਾ ਜ਼ਰੂਰੀ ਹੈ ਕਿ ਗੈਜ਼ੀਟੀਅਰ ਦੀ ਗਵਾਹੀ ਦਾ, ਜੋ ਕਰਤਾ ਨੇ ਪੇਸ਼ ਕੀਤੀ ਹੈ, ਕੱਖ ਵੀ ਮੂਲ ਨਹੀਂ। ਗੈਜ਼ੀਟੀਅਰ ਵਿਚ ਲਿਖਿਆ ਹੈ "ਕੁਝ ਅਸ਼ਰਧਕ ਕਹਿੰਦੇ ਹਨ ਕਿ ਗ੍ਰੰਥ ਜੋ ਦੱਸਿਆ ਜਾਂਦਾ ਹੈ ਉਹ ਅਸਲੀ ਨਹੀਂ ਬਣਾਵਟੀ ਹੈ। ਅਸਲੀ ਕਦੀ ਦਰਿਆ ਵਿੱਚੋਂ ਕਢਿਆ ਨਹੀਂ ਸੀ ਗਿਆ।" ਅਸ਼ਰਧਕਾਂ ਦਾ ਕਦੀ ਬੀਜ ਨਾਸ ਨਹੀਂ ਹੋਇਆ। ਛੇਵੇਂ ਗੁਰੂ ਜੀ ਵੇਲੇ ਕਈ ਅਸ਼ਰਧਕ ਉਨ੍ਹਾਂ ਨੂੰ ਗੁਰੂ ਨਹੀਂ ਸਨ ਮੰਨਦੇ। ਹੁਣ ਵੀ ਕਰਤਾ 'ਪ੍ਰਾਚੀਨ ਬੀੜਾਂ' ਵਰਗੇ ਅਸ਼ਰਧਕ ਮੌਜੂਦ ਹਨ ਜੋ ਗਲਤ ਬਿਆਨੀਆਂ ਕਰਕੇ ਇਸ ਗੱਲ ਨੂੰ ਸਿੱਧ ਕਰਨ ਦਾ ਜਤਨ ਕਰ ਰਹੇ ਹਨ।

———

੪. ਆਦਿ ਬੀੜ ਬਾਬਤ ਮਨ ਘੜਤ ਗੱਲਾਂ

ਆਦਿ ਬੀੜ ਬਾਬਤ ਨਿਰਮੂਲ ਤੇ ਮਨ ਘੜਤ ਗੱਲਾਂ ਲਿਖਣ ਬਾਬਤ ਕਰਤਾ ਦਾ ਬਹੁਤਾ ਆਸਰਾ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਦੀ ਚਿੱਠੀ ਹੈ ਜੋ ਉਨ੍ਹਾਂ ਅਖ਼ਬਾਰ 'ਪੰਥ ਸੇਵਕ' ਵਿਚ ੨੩ ਜਨਵਰੀ ੧੯੧੮ ਨੂੰ* ਛਪਵਾਈ ਸੀ ਅਤੇ ਜੋ ਚਿੱਠੀ ਕਰਤਾ ਨੇ ਆਪਣੀ ਪੁਸਤਕ ਵਿਚ ਸਫ਼ਾ ੨੫੨ ਤੋਂ ੨੫੬ ਤਕ ਮੁੜ ਛਾਪੀ ਹੈ। ਸ਼ੋਕ ਹੈ ਕਿ 'ਪ੍ਰਾਚੀਨ ਬੀੜਾਂ' ਦੇ ਕਰਤਾ ਨੇ ਆਪ ਦਰਸ਼ਨ ਕਰਨ ਤੋਂ ਬਿਨਾਂ ਇਕ ਊਲ ਜਲੂਲ ਕਹਾਣੀ ਇਸ ਬੀੜ ਬਾਬਤ ਇਸ ਚਿੱਠੀ ਦੀ ਬਿਨਾ ਤੇ ਘੜ ਲਈ ਹੈ। ਉਸ ਕਹਾਣੀ ਦੀ ਫੋਲਾ ਫੋਲੀ ਕਰਨ ਤੋਂ ਪਹਿਲਾਂ ਅਸੀਂ ਚਿੱਠੀ ਵਿਚ ਆਦਿ ਬੀੜ ਬਾਬਤ ਕਹੀਆਂ ਕੁਝ ਗੱਲਾਂ ਦੀ ਤਰਦੀਦ ਕਰਨੀ ਜ਼ਰੂਰੀ ਸਮਝਦੇ ਹਾਂ। ਇਹ ਤਰਦੀਦ ਅਸੀਂ ਕਿਸੇ ਸੁਣੀ ਸੁਣਾਈ ਗੱਲ ਦੇ ਆਧਾਰ ਤੇ ਨਹੀਂ ਕਰ ਰਹੇ। ਅਸਾਂ ਲਗ ਭਗ ਇਕ ਹਫ਼ਤਾ ਪਵਿਤ੍ਰ ਆਦਿ ਬੀੜ ਦੇ ਚਾਰ ਵਾਰੀ ਇਕ ਸਿਰੇ ਤੋਂ ਦੂਜੇ ਸਿਰੇ ਤਕ ਦਰਸ਼ਨ ਕਰਨ ਵਿਚ ਖ਼ਰਚ ਕੀਤਾ ਹੈ ਅਤੇ ਹਰ ਇਕ ਪੱਤਰੇ, ਕੋਰੇ ਅਥਵਾ ਲਿਖੇ ਹੋਏ, ਨੂੰ ਗਹੁ ਨਾਲ ਵੇਖਿਆ ਹੈ ਅਤੇ ਉਸ ਵਾਕਫ਼ੀ ਦੇ ਆਧਾਰ ਤੇ ਜੋ ਬੀੜ ਦੇ ਆਪਣੀ ਅੱਖੀਂ ਦਰਸ਼ਨ ਕਰਨ ਨਾਲ ਸਾਨੂੰ ਹੋਈ ਹੈ, ਇਹ ਸਾਰੀਆਂ ਗੱਲਾਂ ਅਸੀਂ ਲਿਖ ਰਹੇ ਹਾਂ। ਭਾਈ ਕਾਹਨ ਸਿੰਘ ਜੀ ਨੂੰ ਵੀ ਕਰਤਾ ਨੇ ਇਕ ਦੋ ਥਾਂ ਬਹੁਤ ਸਤਿਕਾਰ ਨਾਲ ਯਾਦ ਨਹੀਂ ਕੀਤਾ। ਉਨ੍ਹਾਂ ਦੀ ਲਿਖਤ ਦੇ ਇਕ

ਫ਼ਿਕਰੇ ਬਾਬਤ ਆਪ ੨੫੬ ਸਫ਼ੇ ਤੇ ਇਕ ਨੋਟ ਵਿਚ ਲਿਖਦੇ ਹਨ, "ਸਦਾ ਦੇਸੀ ਰਿਆਸਤਾਂ ਵਿਚ ਰਹਿ ਕੇ ਮੁਹਮਲ ਤੇ ਵਲ ਵਿੰਗ ਪਾ ਕੇ ਲਿਖਣ ਦਾ ਸੁਭਾ ਪੈ ਜਾਂਦਾ ਹੈ ਅਤੇ ਏਸ ਨੂੰ ਡਿਪਲੋਮੇਸੀ ਜਾਂ ਹਿਕਮਤੇ ਅਮਲੀ ਕਿਹਾ ਜਾਂਦਾ ਹੈ।" ਫਿਰ ਭਾਈ ਕਾਹਨ ਸਿੰਘ ਜੀ ਦੀ ਚਿੱਠੀ ਦੇ ਇਨ੍ਹਾਂ ਲਫਜ਼ਾਂ ਪੁਰ ਕਿ "ਮੈਂ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦਾ ਨਿਰਣਯ 'ਗੁਰੂ ਗਿਰਾ ਕਸੌਟੀ' ਵਿਚ ਵਿਸਥਾਰ ਨਾਲ ਕੀਤਾ ਹੈ ਪਰ ਇਹ ਪੋਥੀ ਮਸੰਦਾਂ ਤੇ ਬੁਰਛਿਆਂ ਦੇ ਉਪਦ੍ਰਵ ਤੇ ਭਯ ਤੋਂ ਹੁਣ ਤੋੜੀ ਪ੍ਰਕਾਸ਼ਤ ਨਹੀਂ ਕੀਤੀ", ਟੀਕਾ ਟਿਪਣੀ ਕਰਦੇ ਹੋਏ ਆਪ ੨੫੯ ਸਫ਼ੇ ਪਰ ਲਿਖਦੇ ਹਨ "ਪੋਥੀ 'ਗੁਰੁ ਗਿਰਾ ਕਸੌਟੀ' (ਮਤਲਬ ਗੁਰਬਾਣੀ ਦੀ ਪਛਾਣ) ਜਿਸ ਦਾ ਜ਼ਿਕਰ ਸਰਦਾਰ ਕਾਹਨ ਸਿੰਘ ਜੀ ਨੇ ਉਪਰ ਆਪਣੀ ਚਿੱਠੀ ਵਿਚ ਕੀਤਾ ਹੈ, ਉਸ ਦੇ ਛਪਾਉਣ ਦੀ ਦਲੇਰੀ ਸਰਦਾਰ ਕਾਹਨ ਸਿੰਘ ਜੀ ਨੂੰ ਸੰਨ ੧੯੧੯ ਦੇ ਪਿਛੋਂ ਵੀ ਜੀਵਨ ਪ੍ਰਯੰਤ ਨਹੀਂ ਹੋ ਸਕੀ। ਉਨ੍ਹਾਂ ਦੇ ਪਿਛੋਂ 'ਗੁਰੂ ਗਿਰਾ ਕਸੌਟੀ' ਦਾ ਖਰੜਾ, ਮੈਂ ਸੁਣਦਾ ਹਾਂ, ਉਨ੍ਹਾਂ ਹੀ 'ਮਸੰਦਾਂ ਤੇ ਬੁਰਛਿਆਂ' ਦੇ ਹੱਥ ਆਇਆ ਜਿਨ੍ਹਾਂ ਦੇ 'ਉਪਦ੍ਰਵ ਤੇ ਭਯ ਤੋਂ' ਉਹ ਡਰਦੇ ਰਹੇ, ਬਾਵਜੂਦ ਡੌਲੇ ਵਜਾਣ ਦੇ।"

ਅਸੀਂ ਸ: ਜੀ. ਬੀ. ਸਿੰਘ ਨਾਲ ਇਸ ਗੱਲ ਵਿਚ ਸਹਿਮਤ ਨਹੀਂ। ਭਾਈ ਸਾਹਿਬ ਨੇ ਡਰ ਵਜੋਂ ਉਸ ਪੁਸਤਕ ਦਾ ਪ੍ਰਕਾਸ਼ਤ ਹੋਣਾ ਨਹੀਂ ਰੋਕਿਆ। ਸਾਡੀ ਰਾਇ ਵਿਚ ਉਨ੍ਹਾਂ ਨੂੰ ਆਪਣੀ ਭੁਲ ਦੀ ਸਮਝ ਪੈ ਗਈ ਸੀ ਅਤੇ ਜਿਸ ਤਰਹ ਡਾਕਟਰ ਬਲਬੀਰ ਸਿੰਘ ਨੇ 'ਖ਼ਾਲਸਾ ਸਮਾਚਾਰ' ਦੇ ਕਾਲਮਾਂ ਵਿਚ ਸਾਬਤ ਕਰ ਦਿਤਾ ਹੈ ਉਹ ਆਪਣੀ ਭੁਲ ਨੂੰ ਆਪਣੇ ਚਲਾਣੇ ਤੋਂ ਪਹਿਲੋਂ ਸੋਧ ਗਏ ਹਨ। ਇਹ ਤਾਂ ਸੀ ਵਿੱਚ ਆ ਗਈ ਲਾਂਭੇ ਦੀ ਵਿਚਾਰ, ਹੁਣ ਅਸੀਂ ਉਸ ਚਿੱਠੀ ਵਲ ਆਉਂਦੇ ਹਾਂ। ਭਾਈ

ਕਾਹਨ ਸਿੰਘ ਜੀ ਲਿਖਦੇ ਹਨ:—

"ਪ੍ਰੇਮੀ ਸਜਣੋ! ਜ਼ਰਾ ਧਿਆਨ ਨਾਲ ਸੁਣੋ। ਸਤਿਗੁਰਾਂ ਦੇ ਜ਼ਮਾਨੇ ਵਿਚ ਜੋ ਹੁਕਮ ਨਾਮੇ ਸੰਗਤਾਂ ਦੇ ਨਾਉਂ ਜਾਰੀ ਕੀਤੇ ਜਾਂਦੇ ਸਨ, ਉਨ੍ਹਾਂ ਦੇ ਹੇਠਾਂ ਸਤਿਗੁਰਾਂ ਦੇ ਦਸਤਖਤਾਂ ਤੋਂ ਉਪਰ, ਹੁਕਮ ਨਾਮੇ ਦੀਆਂ ਸਤਰਾਂ ਦੀ ਗਿਣਤੀ ਅਖਰੀਂ ਲਿਖੀ ਜਾਂਦੀ ਸੀ, ਤਾਕਿ ਦਸਤਖਤ ਹੋਣ ਪਿਛੋਂ ਕੋਈ ਲਿਖਾਰੀ ਸਤਰਾਂ ਨਾ ਵਧਾ ਸਕੇ।* ਐਸੇ ਹੀ ਨਾਵੇਂ ਸਤਿਗੁਰਾਂ ਦੇ ਅਹਿਦ ਤਕ ਇਹ ਰੀਤੀ ਰਹੀ ਕਿ ਜੋ ਕਾਪੀ ਗੁਰੂ ਗ੍ਰੰਥ ਸਾਹਿਬ ਦੀ ਹੁੰਦੀ, ਉਸ ਦੇ ਪਤਰਿਆਂ ਦੀ ਗਿਣਤੀ ਤਤਕਰੇ ਦੇ ਅੰਤ ਵਿੱਚ ਦਰਜ ਕੀਤੀ

---

*ਇਸ ਪੁਰ 'ਪ੍ਰਾਚੀਨ ਬੀੜਾਂ' ਦੇ ਕਰਤਾ ਨੇ ਆਪਣੀ ਪੁਸਤਕ ਵਿੱਚ ਇਹ ਨੋਟ ਦਿਤਾ ਹੈ, "ਕਈ ਹੁਕਮ ਨਾਮਿਆਂ ਵਿਚ ਚਿੱਠੀ ਦੀਆਂ ਸਤਰਾਂ ਦੀ ਗਿਣਤੀ ਅਖਰਾਂ ਅਤੇ ਹਿੰਦਸਿਆਂ ਦੋਹਾਂ ਵਿੱਚ ਦਿਤੀ ਹੈ, ਪਰ ਇਹ ਕੋਈ ਨਿਯਮ ਨਹੀਂ ਸੀ, ਹਰ ਇਕ ਚਿੱਠੀ ਵਿਚ ਸੱਤਰਾਂ ਨਹੀਂ ਸਨ ਦਿੱਤੀਆਂ ਹੁੰਦੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਝ ਚਿੱਠੀਆਂ ਵਿੱਚ ਜ਼ਰੂਰ ਇਹ ਗਿਣਤੀ ਹੈ। 'ਦਸਤਖਤ' ਤੋਂ ਮਤਲਬ ਜੇ ਅੱਜ ਕਲ ਵਾਂਗ ਆਪਣਾ ਨਾਮ ਲਿਖਣ ਦਾ ਹੈ ਤਾਂ ਇਹ ਗੱਲ ਗ਼ਲਤ ਹੈ, ਏਸ ਗੱਲ ਦਾ ਉਸ ਵੇਲੇ ਰਵਾਜ ਹੀ ਨਹੀਂ ਸੀ। 'ਸਤਰਾਂ ਦੀ ਗਿਣਤੀ' ਜਿਸ ਪਾਲ ਵਿੱਚ ਦਿੱਤੀ ਹੁੰਦੀ ਸੀ, ਉਹ ਚਿੱਠੀ ਦੇ ਝਟ ਹੀ ਹੇਠਾਂ ਹੁੰਦੀ ਸੀ, ਉਸ ਦੇ ਪਿਛੋਂ ਕੁਝ ਨਹੀਂ ਸੀ ਹੁੰਦਾ। ਮੈਂ ਅੱਜ ਤਕ ਕੋਈ ਹੁਕਮਨਾਮਾ ਨਹੀਂ ਦੇਖਿਆ, ਜਿਸ ਵਿੱਚ ਦਸਤਖਤ ਹੋਏ ਹੋਣ। ਸਾਡੇ ਲਿਖਾਰੀ 'ਦਸਖਤ' ਲਿਖਦੇ ਹੁੰਦੇਸਨ ਅਤੇ ਇਸਤੋਂ ਮੁਰਾਦ hand-writing (ਹਥ ਦੀ ਲਿਖਤ) ਦਾ ਹੁੰਦਾ ਸੀ ਨਾ ਕਿ signature (ਹਥੀਂ ਨਾਮ ਲਿਖਣ ਦਾ)"।

ਜਾਂਦੀ* । ਇਸ ਨਿਯਮ ਅਨੁਸਾਰ ਕਰਤਾਰ ਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਦੇ ਅੰਤ ਇਹ ਲਿਖਿਆ ਗਿਆ ਹੈ:–

> "ਸੰਮਤ ੧੬੬੧ ਮਿਤੀ ਭਾਦੋਂ ਵਦੀ ੧ ਪੋਥੀ
> ਲਿਖਿ ਪਹੁੰਚੇ । ਸਾਰੇ ਪਤਰੇ ਗੁਰੂਬਾਬੇ ਦੇ੯੭੪ ।"

ਸ਼ੋਕ ਹੈ ਕਿ ਭਾਈ ਕਾਹਨ ਸਿੰਘ ਵਰਗੇ ਵਿਦਵਾਨ ਦੇ ਲੇਖ ਵਿੱਚ ਇਤਨੀਆਂ ਭੁੱਲਾਂ ਹੋਣ । ਸੰਮਤ ਵਾਲਾ ਲੇਖ ਤਤਕਰੇ ਦੇ ਅੰਤ ਵਿੱਚ ਨਹੀਂ । ਇਹ ਲੇਖ ਤਤਕਰੇ ਦੇ ਆਰੰਭ ਵਿਚ ਹੈ ਅਤੇ ਇਸ ਪ੍ਰਕਾਰ ਹੈ "ਸੂਚੀ ਪਤ੍ਰ ਪੋਥੀ ਕਾ ਤਤਕਰਾ ਰਾਗਾਂ ਦਾ ਸੰਮਤ ੧੬੬੧ ਮਿਤੀ ਭਾਦੋਂ ਵਦੀ ਏਕਮ ੧ ਪੋਥੀ ਲਿਖਿ ਪਹੁੰਚੇ" ਅਤੇ 'ਸਾਰੇ ਪਤਰੇ ਗੁਰੂ ਬਾਬੇ ਕੇ ੯੭੪' ਇਹ ਵਾਕੰਸ ਨਾ ਤਤਕਰੇ ਦੇ ਮੁੱਢ ਵਿੱਚ ਹੈ ਨਾ ਅੰਤ ਵਿੱਚ, ਨਾ ਹੀ ਕਿਸੇ ਹੋਰ ਥਾਂ ਸਾਰੀ ਬੀੜ ਵਿੱਚ ਹੈ । 'ਪ੍ਰਾਚੀਨ ਬੀੜਾਂ' ਦਾ ਕਰਤਾ ਆਪ ਇਸ ਕੁਲ ਪਤਰੇ ਦੇਣ ਵਾਲੀ ਰੀਤੀ ਨੂੰ ਪੁਰਾਣਾ ਨਹੀਂ ਮੰਨਦਾ । ਭਾਈ ਸਾਹਿਬ ਦੀ ਇਸ ਟੂਕ ਪੁਰ ਜੋ ਅਸਾਂ ਉਪਰ ਦਿਤੀ ਹੈ ਦੋ ਥਾਂ ਨੋਟ ਦੇ ਕੇ ਸ: ਜੀ. ਬੀ. ਸਿੰਘ ਨੇ ਉਨ੍ਹਾਂ ਨਾਲ ਆਪਣੀ ਅਸੰਮਤੀ ਪ੍ਰਗਟ ਕੀਤੀ ਹੈ, ਪਰ ਫਿਰ ਵੀ ਇਹ ਮੰਨ ਲਿਆ ਹੈ ਕਿ ਇਹ ਇੰਦਰਾਜ ਠੀਕ ਹੈ ਕਿਉਂਕਿ ਉਸ ਨੇ ਆਪਣੇ ਇਕ ਮਨਘੜਤ ਸਿਧਾਂਤ ਨੂੰ ਸਿਧ ਕਰਨਾ ਸੀ ।

---

*ਇਸ ਪੁਰ ਭੀ 'ਪ੍ਰਾਚੀਨ ਬੀੜਾਂ' ਦਾ ਕਰਤਾ ਆਪਣਾ ਨੋਟ ਇਉਂ ਦਿੰਦਾ ਹੈ । "ਇਹ ਭੀ ਕੋਈ ਨਿਯਮ ਨਹੀਂ ਸੀ । ਬਹੁਤ ਥੋੜੇ ਗ੍ਰੰਥ ਸਾਹਿਬਾਂ ਵਿੱਚ ਪਤਰਿਆਂ ਦੀ ਗਿਣਤੀ ਏਸ ਸ਼ਕਲ ਵਿੱਚ ਦਿੱਤੀ ਹੈ । ਹਾਂ ਤਤਕਰੇ ਵਿੱਚ ਸਫਿਆਂ ਦੇ ਅੰਕ ਤਾਂ ਪ੍ਰਤੀਕਾਂ ਦੇ ਸਾਹਮਣੇ ਦਿਤੇ ਹਨ ਅਤੇ ਇਹ ਗਿਣਤੀ ਭੀ ਬਹੁਤ ਪਿਛੋਂ ਸ਼ੁਰੂ ਹੋਈ ਹੋਣੀ ਏ ਜੇ ਇਹ ਕਦੇ ਰੀਤੀ ਬਣੀ ਭੀ ਸੀ । 'ਗੁਰੂ ਬਾਬਾ' ਨਾਮ ਹੀ ਇਹ ਗੱਲ ਦਸ ਰਿਹਾ ਹੈ । ਇਹ ਨਾਮ ਗ੍ਰੰਥ ਸਾਹਿਬ ਵਾਸਤੇ ਬਹੁਤ ਪਿਛੋਂ ਵਰਤੀਣ ਲਗਾ ਹੈ" ।

ਅੱਗੇ ਦਿੱਤੀ [illegible] ਤੁਲਨੀ ਹੈ, "[illegible] ਇਸ ਦਾ ਨਿਰਨਾ ਤਾਂ "ਗੁਰੂ ਗਿਰਾ ਕਸੌਟੀ" ਵਿਚ ਕੀਤਾ [illegible] ਪਰ ਏਸ ਥਾਂ ਪ੍ਰਕਰਣ ਅਨੁਸਾਰ ਦੱਸਦਾ ਹਾਂ ਕਿ ਕਰਤਾਰ ਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਦੇ ੯੭੩ ਵੇਂ ਪਤਰੇ [illegible] 'ਮੁੰਦਾਵਣੀ' ਹੈ ਅਰ ੯੭੪ ਵਾਂ ਪਤਰਾ (ਜਿਸ ਪੁਰ ਅੰਗ ੯੭੪ ਮੌਜੂਦ ਹੈ) ਕੋਰਾ ਪਿਆ ਹੈ । ਇਸ ਤੋਂ ਸਾਫ ਪਾਇਆ ਜਾਂਦਾ ਹੈ ਕਿ 'ਗੁਰੂ ਬਾਬੇ ਦੇ ਸਾਰੇ ਪਤਰੇ ੯੭੪' ਦੀ ਗਿਣਤੀ ਤੋਂ ਬਾਹਰ ਜੋ ਕੁਛ ਹੈ ਓਹ ਗੁਰੂ ਬਾਬੇ ਦਾ ਅੰਗ ਨਹੀਂ" ।

ਸ਼ੋਕ ਹੈ ਕਿ ਭਾਈ ਸਾਹਿਬ ਨੇ ਉਪਰ ਲਿਖੀ ਇਬਾਰਤ ਲਿਖਣ ਤੋਂ ਪਹਿਲਾ ਇਹ ਨਾ ਸਹੀ ਕੀਤਾ ਕਿ ਇਸ ਪਵਿਤ੍ਰ ਬੀੜ ਵਿੱਚ ਪਤਰਿਆਂ ਦੇ ਅੰਗ ਦੇਣ ਦਾ ਤਰੀਕਾ ਕਿਸ ਤਰ੍ਹਾਂ ਦਾ ਹੈ ।

ਬੀੜ ਦਾ ਦਰਸ਼ਨ ਕਰਨ ਲਈ ਜਦੋਂ ਉਸ ਦਾ ਪ੍ਰਕਾਸ਼ ਕਰੀਏ ਤਾਂ ਸਾਰੇ ਅੰਗ ਦਰਸ਼ਨ ਕਰਨ ਵਾਲੇ ਦੇ ਖੱਬੇ ਹੱਥ [illegible] ਪੰਨੇ ਪੁਰ ਆਉਣਗੇ । ਪਰ ਇਸ ਅੰਗ ਵਾਲੇ ਪੰਨੇ ਨਾਲ ਦੂਜਾ ਪੰਨਾ ਜੋ ਰਲਾ ਕੇ ਪਤਰਾ ਬਣਦਾ ਹੈ ਉਹ ਸੱਜੇ ਹਥ ਵਾਲੇ ਪਤਰੇ ਦਾ ਪਹਿਲਾ ਪੰਨਾ ਹੈ । ਅਰਥਾਤ ਦਰਸ਼ਨ ਕਰਨ ਲਗਿਆਂ ਜੋ ਦੋ ਪੰਨੇ ਦੋ ਵਖੋ ਵਖ ਪਤਰਿਆਂ ਦੇ ਦਰਸ਼ਨ ਕਰਨ ਵਾਲੇ ਦੇ ਸਾਹਮਣੇ ਹੁੰਦੇ ਹਨ ਉਹ ਦੋਵੇਂ ਰਲਾ ਕੇ ਇਕ ਪਤਰਾ ਬਣਦਾ ਹੈ । ਇਹ ਅੰਗ ਦੇਣ ਦਾ ਢੰਗ ਅਜ ਕਲ ਦੇ ਢੰਗ ਨਾਲੋਂ ਵਖਰਾ ਹੈ । ਪ੍ਰੋਫੈਸਰ ਤੇਜਾ ਸਿੰਘ, ਪ੍ਰਿੰਸੀਪਲ ਗੰਗਾ ਸਿੰਘ ਤੇ ਇਨ੍ਹਾਂ ਸਤਰਾਂ ਦੇ ਲੇਖਕ ਦੀ ਜੋ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਦੀ ਬਣਾਈ ਸਬ ਕਮੇਟੀ [illegible] ਅਕਤੂਬਰ ੧੯੪੫ ਨੂੰ ਸ੍ਰੀ ਕਰਤਾਰ ਪੁਰ ਵਾਲੀ ਆਦਿ ਬੀੜ ਦੇ ਦਰਸ਼ਨ ਲਈ ਗਈ ਸੀ ਉਸ ਨੇ ਅੰਗ ਦੇਣ ਦੇ ਇਸ ਤਰੀਕੇ [illegible] ਤਤਕਰੇ ਵਿੱਚ ਆਏ ਪਤਰਿਆਂ ਦੇ ਅੰਗਾਂ ਨੂੰ ਚੰਗੀ ਤਰ੍ਹਾਂ ਪੜਤਾਲ ਕੇ ਸਹੀ ਕੀਤਾ । ਇਸ ਢੰਗ ਅਨੁਸਾਰ ਰਾਗਮਾਲਾ ਦਾ [illegible]

੯੭੪ ਅੰਗ ਵਾਲੇ ਪੰਨੇ ਦਾ ਦੂਜਾ ਪੰਨਾ ਬਣਦਾ ਹੈ ਜਿਸ ਨੂੰ ਨਾਲ ਰਲਾ ਕੇ ੯੭੪ ਅੰਗ ਵਾਲਾ ਸਾਬਤ ਪਤਰਾ ਬਣਦਾ ਹੈ। ਇਸ ਗੱਲ ਨੂੰ ਸਹੀ ਕਰਕੇ ਸਬ ਕਮੇਟੀ ਨੇ ਆਪਣੀ ਰਪੋਟ ਵਿੱਚ ਇਉਂ ਲਿਖਿਆ ਹੈ: "ਇਸ ਬੀੜ ਦੇ ਅੰਤ ਵਿਚ ਰਾਗਮਾਲਾ ਹੈ ਅਤੇ ਇਹ ਉਨ੍ਹਾਂ ਹੀ ਦਸਤਖਤਾਂ ਤੇ ਉਸ ਲਿਖਤ ਵਿਚ ਹੈ ਜਿਸ ਨਾਲ ਰਾਗਮਾਲਾ ਤੋਂ ਪਹਿਲਾਂ ਆਵਣ ਵਾਲੇ ਕਈ ਸਫੇ ਲਿਖੇ ਹੋਏ ਹਨ।" ਫਿਰ ਇਸ ਬੀੜ ਵਿਚ ਪਤਰਿਆਂ ਦੇ ਅੰਗਣ ਦੇ ਢੰਗ ਦਾ ਜ਼ਿਕਰ ਕਰਕੇ ਲਿਖਿਆ ਹੈ: "ਉਪਰ ਦੱਸੇ ਢੰਗ ਮੁਤਾਬਕ ਰਾਗਮਾਲਾ ਦਾ ਪਤਰਾ ਅੰਕ ਤਤਕਰੇ ਵਿਚ ੯੭੪ ਤੇ ਬੀੜ ਵਿਚ ਵੀ ਇਹ ਅੰਕ ੯੭੪ ਹੈ।" ਸੋ ਇਸ ਤੁਕ ਦੇ ਆਧਾਰ ਪੁਰ ਜੋ 'ਪ੍ਰਾਚੀਨ ਬੀੜਾਂ' ਦੇ ਕਰਤਾ ਨੇ ਖਿਆਲੀ ਮਹਿਲ ਉਸਾਰੇ ਹਨ ਉਹ ਭੀ ਰੇਤ ਦੀ ਨੀਂਹ ਤੇ ਨਿਕਲੇ।

ਭਾਈ ਕਾਹਨ ਸਿੰਘ ਸਾਹਿਬ ਫਿਰ ਲਿਖਦੇ ਹਨ: ਆਦਿ ਅੰਤ ਦੇ ਵਾਧੂ ਪਤਰਿਆਂ ਪੁਰ ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਵਿਖੇ ਕੇਵਲ ਰਾਗਮਾਲਾ ਹੀ ਨਹੀਂ ਕਿੰਤੂ ਰਤਨ ਮਾਲਾ ਹੈ, ਰਾਹ ਮੁਕਾਮ ਦੀ ਸਾਖੀ ਹੈ, ਅਰ ਐਸੇ ਲੇਖ ਭੀ ਹਨ:—

"ਸੰਮਤ ੧੬੫੫ ਜਹਾਂਗੀਰ ਪਾਤਸ਼ਾਹ ਨੇ ਗੁਰੂ ਅਰਜਨ ਜੀ ਨੂੰ ਰਕਬਾ ਕਰਤਾਰ ਪੁਰ ਦਿਤਾ ਧਰਮਸਾਲਾ ਨੂੰ ੯੯੬੪ ਘੁਮਾਂ ਕਨਾਲ ੭ ਮਰਲੇ ੧੫।"

ਵਾਧੂ ਪਤਰਿਆਂ ਤੋਂ ਭਾਈ ਸਾਹਿਬ ਦਾ ਭਾਵ ਜੇ 'ਬਿਨਾ ਅੰਕ ਵਾਲੇ ਪਤਰੇ' ਹੈ ਤਾਂ ਇਹ ਗੱਲ ਗ਼ਲਤ ਹੈ। ਬਿਨਾ ਅੰਕ ਵਾਲੇ ਪਤਰੇ ਜੋ ਤਤਕਰੇ ਤੋਂ ਪਹਿਲਾਂ ਤੇ ਰਾਗਮਾਲਾ ਤੋਂ ਪਿਛੋਂ ਉਸ ਕਾਗਜ਼ ਦੇ ਹਨ ਜਿਨ੍ਹਾਂ ਪੁਰ ਪਵਿਤ੍ਰ ਬੀੜ ਲਿਖੀ ਗਈ ਹੈ ਉਹ ਬਿਲਕੁਲ ਕੋਰੇ ਹਨ। ਨਾ ਨਿਰਾ ਇਹ ਗੱਲ ਠੀਕ ਹੈ ਸਗੋਂ ਕਿਸੇ ਅੰਕ ਵਾਲੇ ਪਤਰੇ ਤੇ ਵੀ ਜਿਨ੍ਹਾਂ ਵਿਚ ਕਈ ਕੋਰੇ ਹਨ ਨਾ 'ਰਤਨ

ਮਾਲਾ' ਹੈ ਤੇ ਨਾ 'ਰਾਹ ਮੁਕਾਮ ਕੀ ਸਾਖੀ' ਹੈ ਅਤੇ ਨਾ ਜਹਾਂਗੀਰ ਬਾਦਸ਼ਾਹ ਦੇ ਜ਼ਮੀਨ ਦੇਣ ਵਾਲਾ ਲੇਖ ਹੈ। ਜੋ ਕੁਝ ਵੀ ਇਸ ਵਿਚ ਲਿਖਿਆ ਹੈ ਉੱਕਾ ਹੀ ਗ਼ਲਤ ਹੈ।

"ਚਲਿਤ੍ਰ ਜੋਤੀ ਜੋਤ ਸਮਾਉਣੇ ਕਾ" ਜ਼ਰੂਰ ਦਰਜ ਹੈ ਪਰ ਇਹ ਲਗ ਭਗ ਸਾਰੀਆਂ ਪੁਰਾਣੀਆਂ ਬੀੜਾਂ ਵਿਚ ਹੈ। ਇਹ ਇੰਦਰਾਜ ਤਤਕਰੇ ਦੇ ਅੰਤ ਤੇ ਬੀੜ ਦੇ ਆਰੰਭ ਵਿਚ ਜਪੁਜੀ ਸਾਹਿਬ ਤੋਂ ਪਹਿਲੇ ਜੋ ਅੰਕੇ ਹੋਏ ਪਤਰੇ ਖਾਲੀ ਰਹਿ ਗਏ ਸਨ ਉਨ੍ਹਾਂ ਵਿਚੋਂ ਇਕ ਤੇ ਹੈ। ਪਹਿਲੇ ਪੰਜ ਸਤਿਗੁਰਾਂ ਦੇ ਸੰਮਤ ਇਕ ਕਲਮ ਦੇ ਹਨ। ਪਰੰਤੂ ਬਾਬਾ ਗੁਰਦਿਤਾ ਜੀ ਤੇ ਛੇਵੇਂ ਸਤਿਗੁਰੂ ਜੀ ਦੇ ਸੰਮਤ ਹੋਰ ਕਲਮ ਤੇ ਲਿਖਣ ਢੰਗ ਵਿਚ ਹਨ। ਅਖਰਾਂ ਦੀ ਬਣਾਉਟ ਵਿਚ ਬਹੁਤ ਫਰਕ ਹੈ। ਇਬਾਰਤ ਜੋ ਭਾਈ ਕਾਹਨ ਸਿੰਘ ਸਾਹਿਬ ਨੇ ਦਿਤੀ ਹੈ ਉਹ ਇਉਂ ਹੈ:—

"ਸੰਮਤ ੧੬੯੫ ਚੇਤ ਸੁਦੀ ੧੦ ਸਤਿਗੁਰੂ ਬਾਬਾ ਜੀ ਸਮਾਣੇ ਕੀਰਤਪੁਰ। ਸੰਮਤ ੧੭੦੧ ਚੇਤ ਸੁਦੀ ੫, ਐਤਵਾਰ ੯ ਘੜੀਆਂ ਰਾਤ ਜਾਂਦੀ ਨੂੰ ਸਤਿਗੁਰੂ ਕਰਣ ਕਾਰਣ ਸਮਰਥ ਕਰਤਾ ਪੁਰਖ ਨਿਰਵੈਰ ਅਕਾਲ ਮੂਰਤਿ ਸ੍ਰੀ ਹਰਿ ਗੋਬਿੰਦ ਜੀ ਸਮਾਣੇ ਕੀਰਤ ਪੁਰ।"

ਪਰ ਅਸਲ ਬੀੜ ਵਿਚ ਇਹ ਇਬਾਰਤ ਇਸ ਪ੍ਰਕਾਰ ਹੈ:—

"ਸੰਮਤ ੧੬੯੫ ਚੇਤ ਸ਼ੁਦੀ ੧੦, ਸ੍ਰੀ ਗੁਰੂ ਬਾਬਾ ਜੀ ਸਮਾਣੇ ਕੀਰਤ ਪੁਰ।

ਸੰਮਤ ੧੭੦੧ ਚੇਤ ਸੁਦੀ ੫ ਆਇਤਵਾਰ ਨਉ ਘੜੀਆਂ ਰਾਤ ਜਾਂਦੀ ਨੂੰ ਸ੍ਰੀ ਸਤਿਗੁਰੂ ਕਰਣ ਕਾਰਣ ਸਮਰਥ ਕਰਤਾ ਪੁਰਖ ਨਿਰੰਕਾਰ ਨਿਰਵੈਰ ਅਕਾਲ ਮੂਰਤਿ ਕਰਤਾ ਪੁਰਖ ਸ੍ਰੀ ਹਰਿ ਗੋਬਿੰਦ ਜੀ ਸਮਾਣੇ ਕੀਰਤ ਪੁਰ ਕੇ ਹੇਠ ਬਾਪਲ ਪਤਾਲ ਗੜ੍ਹ ਨਾਉ ਥਾਂ ਕੋਠੇ ਵਿਚਿ ਪੰਜ ਦਿਹੁੰ ਸਾਂਗ ਹੋਆ। ਰਾਤਿ ਆਵਦੀ ਸਮਾਣੇ।

ਨਦੀ ਉਤੇ ਦਾਗ ਦਿਤਾ। ਰਾਜ ਕਹਲੂਰ ਕੇ ਵਿਚਿ ਅਗੇ ਜੋ ਗੁਰੂ ਭਾਵੇਗਾ ਸੋ ਹੋਵੇਗਾ ਤਾ ਕੋਈ ਜੀਵੇਗਾ ਸੋ ਲਿਖੇਗਾ। ਗੁਰੂ ਕੀ ਗਲ ਗੁਰੂ ਜਾਣੇ।''

ਭਾਈ ਕਾਹਨ ਸਿੰਘ ਜੀ ਨੇ ਕੀਰਤ ਪੁਰ ਤੋਂ ਮਗਰੋਂ ਦੀ ਲਿਖਤ ਛਡ ਦਿਤੀ ਹੈ ਅਤੇ ਜੋ ਲਿਖਤ ਦਿਤੀ ਹੈ ਉਸ ਵਿਚ ਵੀ 'ਸ੍ਰੀ' ਦੀ ਥਾਂ 'ਸਤਿ' ਲਿਖ ਦਿਤਾ ਹੈ ਅਤੇ 'ਨਿਰੰਕਾਰ' ਤੇ 'ਕਰਤਾ ਪੁਰਖ' ਪਦ ਛਡ ਦਿਤੇ ਹਨ।

'ਪ੍ਰਾਚੀਨ ਬੀੜਾਂ' ਦੇ ਕਰਤਾ ਨੇ ਇਨ੍ਹਾਂ ਦੋਹਾਂ ਲਿਖਤਾਂ, ਪੰਜਾਂ ਪਾਤਸ਼ਾਹੀਆਂ ਦੇ ਜੋਤੀ ਜੋਤ ਸਮਾਉਣ ਦੇ ਸੰਮਤ ਤੇ ਬਾਬਾ ਗੁਰਦਿਤਾ ਜੀ ਤੇ ਛੇਵੀਂ ਪਾਤਸ਼ਾਹੀ ਦੇ ਜੋਤੀ ਜੋਤ ਸਮਾਉਣ ਦੇ ਸੰਮਤ, ਨੂੰ ਆਪਣੀ ਪੁਸਤਕ ਦੇ ਪੰਨੇ ੧੯੪ ਤੇ ਦਿਤਾ ਹੈ। ਉਹ ਵੀ ਇਹ ਸ਼ਬਦ 'ਨਿਰੰਕਾਰ ਨਿਰਵੈਰ ਅਕਾਲ ਮੂਰਤਿ ਕਰਤਾ ਪੁਰਖੁ' ਛਡ ਗਿਆ ਹੈ। 'ਕਰਤਾ ਪੁਰਖੁ' ਸ਼ਬਦ ਦਾ ਦੋ ਵੇਰ ਆਉਣਾ ਇਸ ਛੋਟ ਦਾ ਕਾਰਨ ਹੋ ਸਕਦਾ ਹੈ। ਪਹਿਲਾਂ 'ਕਰਤਾ ਪੁਰਖੁ' ਲਿਖਣ ਮਗਰੋਂ ਨਜ਼ਰ ਦੂਜੀ ਵਾਰ ਲਿਖੇ 'ਕਰਤਾ ਪੁਰਖ' ਤੇ ਜਾ ਟਿਕੀ ਤੇ ਵਿਚਲੇ ਸ਼ਬਦ ਰਹਿ ਗਏ। ਇਸ ਇੰਦਰਾਜ ਦਾ ਜ਼ਿਕਰ ਅਸੀਂ ਅੱਗੇ ਜਾ ਕੇ ਫਿਰ ਕਰਾਂਗੇ।

ਭਾਈ ਕਾਹਨ ਸਿੰਘ ਜੀ ਅੱਗੇ ਫਿਰ ਇਉਂ ਲਿਖਦੇ ਹਨ: ''ਇਨ੍ਹਾਂ ਵਾਧੂ ਪਤਰਿਆਂ ਵਿਚ ਨਿਰੰਜਨ ਰਾਇ ਜੀ ਦੀ, ਜੋ ਧੀਰ ਮਲ ਜੀ ਦੇ ਪੜੋਤੇ ਸੀ, ਬਹੁਤ ਮਹਿਮਾ ਗਾਈ ਹੈ, ਜਿਸ ਵਿਚ ਲਿਖਿਆ ਹੈ ਕਿ:—

''ਕਰਤਾਰਪੁਰ, ਹਰ ਗੋਬਿੰਦਪੁਰਾ, ਸੰਗਤ ਸਾਹਿਬ,
ਨਿਰੰਜਨ ਰਾਇ ਨੂੰ ਸਭ ਕੁਝ ਦਿਤਾ, ਇਸ ਦਾ
ਸਰੀਕ ਕੋਈ ਨਾਹੀਂ। ਮੇਰਾ ਵਰ।''

ਅਸਲੀਅਤ ਇਹ ਹੈ ਕਿ ਤਤਕਰਾ ੨੦ਵੇਂ ਪਤਰੇ ਤੇ ਮੁਕ

ਜਾਂਦਾ ਹੈ ਤੇ ਬਾਣੀ ੪੫ਵੇਂ ਪਤਰੇ ਤੋਂ ਆਰੰਭ ਹੁੰਦੀ ਹੈ। ਲਿਖਾਰੀ ਨੂੰ ਆਰੰਭ ਕਰਨ ਵੇਲੇ ਇਹ ਪਤਾ ਨਹੀਂ ਸੀ ਕਿ ਬਾਣੀ ਕਿਤਨੀ ਕੁ ਹੋਣੀ ਹੈ ਤੇ ਉਸ ਦਾ ਤਤਕਰਾ ਕਿਤਨੇ ਪਤਰੇ ਲਵੇਗਾ। ਉਸ ਨੇ ਅੰਦਾਜ਼ਨ ੪੯ ਪਤਰੇ ਅਥਵਾ ੬ ਜੁਜ਼ਾਂ ਅੱਠ ਅੱਠ ਪਤਰਿਆਂ ਦੀਆਂ ਛਡ ਦਿਤੀਆਂ। ਪਹਿਲੇ ਤਿੰਨ ਪਤਰੇ ਅੰਕਾਂ ਤੋਂ ਬਿਨਾਂ ਹਨ ਤੇ ਚੌਥੇ ਤੇ ਅੰਕ ੧ ਹੈ। ਛੇਵੀਂ ਜੁਜ਼ ਦੇ ਆਖਰੀ ਸਫ਼ੇ ਤੇ ਅੰਕ ੪੫ ਹੈ। ਹੁਣ ਤਤਕਰੇ ਦੇ ਅੰਤ ਤੇ ਜਪੁਜੀ ਦੇ ਆਰੰਭ ਦੇ ਵਿਚਕਾਰ ਜਿਹੜੇ ਕੋਰੇ ਪਤਰੇ ਹਨ ਉਨ੍ਹਾਂ ਵਿਚੋਂ ਅੰਕ ੨੯ ਵਾਲੇ ਪਤਰੇ ਪਰ ਇਕ ਹਲਕੇ ਸਾਵੇ ਰੰਗ ਦਾ ਪਤਲਾ ਕਾਗਜ਼ ਚਿਮੋੜਿਆ ਗਿਆ ਹੈ। ਇਸ ਪੁਰ ਇਹ ਲਿਖਿਆ ਹੈ:—

''ਗੁਰੂ ਰਖੇਗੁ ਸਰਬਤਿ ਸੰਗਤਿ ਨੋ, ਹੁਕਮ ਹੈ, ਸਾਹਿਬ ਨਿਰੰਜਨ ਰਾਇ ਦਾ ਜੁ ਦਰਸ਼ਨ ਕਰਗੁ ਸੋ ਮੇਰਾ ਕਰਗੁ, ਰਾਇ ਜੀ ਨੋ ਮਨਗੁ ਸੋ ਅਸਾਨੋ ਮਨਗੁ, ਮਨਗੁ ਸੋ ਨਿਹਾਲੁ ਹੋਗੁ, ਗੁਰੂ ਉਨ੍ਹਾਂ ਦੇ ਸਭ ਕੰਮ ਰਾਸ ਕਰਗੁ, ਰਾਇ ਜੀ ਜੁ ਕੁਛ ਹੁਕਮ ਕਰੇਗਾ ਸੋ ਸਰਬਤਿ ਸੰਗਤ ਮੇਰਾ ਹੁਕਮ ਕਰਕੈ ਮੰਨਣਾ, ਰਾਇ ਜੀ ਦੀ ਸੇਵਾ ਕਰਗੁ ਸੋ ਮੇਰੀ ਕਰਗੁ, ਕਰਤਾਰ ਪੁਰ, ਹਰਗੋਬਿੰਦ ਪੁਰ, ਸੰਗਤ ਸਾਹਿਬ, ਨਿਰੰਜਨ ਰਾਇ ਕੋ ਸਭ ਕੁਛ ਦਿਤਾ ਹੈ, ਇਸ ਦਾ ਸ਼ਰੀਕ ਕੋਈ ਨਾਹੀਂ, ਮੇਰਾ ਵਾਰਸ ਰਾਇ ਜੀ ਹੈ, ਹੋਰ ਕੋਈ ਦਾਵਾ ਕਰੇ ਸੋ ਮਾਰਿਆ ਜਾਏ ਅਰ ਮੇਰੇ ਤੇਰੇ ਵਿਚ ਝੂਠਾ ਹੋਵੇਗੁ।''

ਇਹ ਸਾਫ ਇਕ ਵਸੀਅਤ ਦਿਸਦੀ ਹੈ। ਮੁਮਕਨ ਹੈ ਧੀਰ ਮਲ ਜੀ ਦੇ ਖਾਨਦਾਨ ਦੇ ਕਾਗਜ਼ ਫੋਲਿਆਂ ਇਸ ਦਾ ਕੁਝ ਪਤਾ ਚਲ ਜਾਏ ਕਿ ਇਹ ਵਸੀਅਤ ਕਿਸ ਨੇ ਲਿਖੀ। ਹਾਲੀ ਗੁਬੀ ਸਿੰਘ ਕੁਝ ਚਾਨਣਾ ਇਸ ਪੁਰ ਪਾ ਨਹੀਂ ਸਕਦੇ। ਪਰ ਇਹ ਕਾਗਜ਼ ਹੋਰ ਲਿਖਤ ਵਿਚ ਸਾਫ ਬੀੜ ਤੋਂ ਵਖਰੀ ਕਿਸਮ ਦੇ ਕਾਗਜ਼ ਪੁਰ ਲਿਖਿਆ ਪਿਛੋਂ ਚਮੋੜਿਆ ਗਿਆ ਹੈ, ਜਿਸ ਦਾ ਤਤਕਰੇ ਵਿਚ ਕੋਈ ਜ਼ਿਕਰ ਨਹੀਂ। ਇਹ ਵਸੀਅਤ ਨਿਰੰਜਨ

ਰਾਇ ਜੀ ਨੇ ਹੀ ਸਾਂਭ ਕੇ ਰਖਣ ਵਾਸਤੇ ਇਥੇ ਚਮੋੜ ਦਿਤੀ ਹੋਣੀ ਹੈ।

ਭਾਈ ਕਾਹਨ ਸਿੰਘ ਜੀ ਅੱਗੇ ਲਿਖਦੇ ਹਨ:—'ਇਸ ਤੋਂ ਛੁਟ ਅਨੇਕਾਂ ਤਾਰੀਖੀ ਬਾਤਾਂ ਵੀ ਹਨ, ਜਿਨ੍ਹਾਂ ਵਿਚ ਇਹ ਹੈ ਕਿ:—

"੧੯੧੪ ਕਰਤਾਰ ਪੁਰ ਮੇਂ ਅਗ ਲਗੀ।"

"੧੯੯੯ ਫਾਗਨ ਮੇਂ ਰਣਜੀਤ ਸਿੰਘ ਕਰਤਾਰ ਪੁਰ ਆਇਆ।"

ਇਤਿਆਦਿ ਅਨੇਕ ਪ੍ਰਕਰਣ ਹਨ, ਜਿਨ੍ਹਾਂ ਦੀ ਇਥੇ ਲਿਖਣ ਦੀ ਲੋੜ ਨਹੀਂ।'

ਪਾਠਕ ਜੀ! ਜੋ ਕੁਝ ਉਪਰ ਲਿਖਿਆ ਹੈ ਇਹ ਉੱਕਾ ਹੀ ਗ਼ਲਤ ਹੈ। ਅਨੇਕਾਂ ਪ੍ਰਕਰਣ ਤਾਂ ਕਿਤੇ ਰਹੇ ਪਵਿਤ੍ਰ ਆਦਿ ਬੀੜ ਵਿਚ 'ਕਰਤਾਰ ਪੁਰ ਦੀ ਅੱਗ' ਤੇ ਰਣਜੀਤ ਸਿੰਘ ਦੇ ਆਵਣ ਦੀ ਕੋਈ ਯਾਦਦਾਸ਼ਤ ਕਿਤੇ ਨਹੀਂ ਲਿਖੀ ਹੋਈ। ਇਨ੍ਹਾਂ ਹੈਰਾਨ ਕਰਨ ਵਾਲੀਆਂ ਭੁਲਾਂ ਦਾ ਇਕੋ ਹੀ ਕਾਰਨ ਮਿਥਿਆ ਜਾ ਸਕਦਾ ਹੈ। ਜੇ ਇਸ ਨੂੰ ਅਤਿ ਨਰਮੀ ਦੀ ਨਿਗਾਹ ਨਾਲ ਵੇਖੀਏ ਤਾਂ ਇਹ ਮੰਨਣਾ ਪਵੇਗਾ ਕਿ ਉਨ੍ਹਾਂ ਨੇ ਕਰਤਾਰ ਪੁਰ ਵਾਲੀ ਬੀੜ ਦੇ ਆਪ ਦਰਸ਼ਨ ਕਰਕੇ ਨੋਟ ਨਹੀਂ ਲੀਤੇ ਪਰ ਸੁਣੀਆਂ ਸੁਣਾਈਆਂ ਗੱਲਾਂ ਹੀ ਲਿਖ ਦਿਤੀਆਂ ਹਨ। ਪਰੰਤੂ ਵਾਸਤਵ ਵਿਚ ਉਸ ਆਦਿ ਬੀੜ ਵਿਚ ਜੋ ਕਰਤਾਰ ਪੁਰ ਵਿਰਾਜਮਾਨ ਹੈ 'ਚਲਿਤ੍ਰ ਜੋਤੀ ਜੋਤਿ ਸਮਾਉਣੇ ਕਾ' ਅਤੇ ਵਸੀਅਤ ਨਿਰੰਜਨ ਰਾਇ ਜੀ, ਜੋ ਵਖਰੇ ਸਾਵੇ ਰੰਗ ਦੇ ਕਾਗਜ਼ ਪੁਰ ਲਿਖੀ ਨਾਲ ਚਮੋੜੀ ਹੈ ਤੋਂ ਬਿਨਾ ਹੋਰ ਜੋ ਕੁਝ ਵੀ ਚਿਠੀ ਵਿਚ ਲਿਖਿਆ ਹੈ ਕਿਤੇ ਵੀ ਨਹੀਂ ਲਭਦਾ।

---

੫. ਆਦਿ ਬੀੜ ਸੰਬੰਧੀ 'ਪ੍ਰਾਚੀਨ ਬੀੜਾਂ' ਦੇ ਕਰਤਾ ਦੇ ਆਪਣੇ ਕੁਸੱਤਿ

ਭਾਈ ਸਾਹਿਬ ਭਾਈ ਕਾਹਨ ਸਿੰਘ ਦੀ ਚਿੱਠੀ ਵਿਚ ਜੋ ਗ਼ਲਤ ਬਿਆਨੀਆਂ ਕੀਤੀਆਂ ਗਈਆਂ ਹਨ ਉਹ ਅਸੀਂ ਉਪਰ ਦੱਸ ਆਏ ਹਾਂ। ਜੇ ਉਹ ਯਾਦਦਾਸ਼ਤਾਂ ਬੀੜ ਦੇ ਵਾਧੂ ਪੱਤਰਿਆਂ ਪਰ ਹੁੰਦੀਆਂ ਵੀ ਤਾਂ ਵੀ ਬੀੜ ਦੀ ਅਸਲੀਅਤ ਵਿਚ ਕੋਈ ਫਰਕ ਨਹੀਂ ਸੀ ਪੈਣ ਲਗਾ। ਇਹ ਗੱਲਾਂ ਸਾਫ ਪਿਛੋਂ ਦੀਆਂ ਲਿਖੀਆਂ ਦਿਸ ਪੈਂਦੀਆਂ ਹਨ। ਪਰ ਕਰਤਾ 'ਪ੍ਰਾਚੀਨ ਬੀੜਾਂ' ਨੇ ਉਨ੍ਹਾਂ ਤੋਂ ਵੀ ਵਧ ਜੋ ਆਪ ਅਨਰਥ ਤੋਲੇ ਹਨ ਉਹ ਬੀੜ ਦੇ ਅਸਲੀ ਹੋਣ ਤੇ ਸ਼ਕ ਪਾਂਦੇ ਹਨ ਤੇ ਉਹ ਹੁਣ ਅਸੀਂ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕਰਦੇ ਹਾਂ। ਸਫਾ ੨੬੦ ਤੇ ਆਪ ਨੇ ਲਿਖਿਆ ਹੈ:—

"(੧) ਨਾਵੇਂ ਗੁਰੂ ਦੀ ਬਾਣੀ ਕਰਤਾਰ ਪੁਰ ਵਾਲੀ ਬੀੜ ਵਿਚ ਥਾਂ ਥਾਂ ਸਿਰ ਰਾਗਾਂ ਦੇ ਹੇਠਾਂ ਅਤੇ ਹਰ ਥਾਂ 'ਗੁਰਬਾਣੀ' ਅਤੇ 'ਭਗਤ ਬਾਣੀ' ਦੇ ਵਿਚਾਲੇ ਲਿਖੀ ਹੈ, ਠੀਕ ਜਿਸ ਤਰ੍ਹਾਂ ਕਿ ਛਪੇ ਹੋਏ ਮਾਮੂਲੀ (ਗੁਰੂ) ਗਰੰਥ ਸਾਹਿਬ ਵਿਚ ਹੈ। ਜੋ ਬੀੜਾਂ ਸੰਮਤ ੧੭੩੨ ਤੋਂ ਪਹਿਲੇ ਲਿਖੀਆਂ ਜਾ ਚੁਕੀਆਂ ਸਨ, ਉਹਨਾਂ ਵਿਚ ਅਵਸ਼ੋਂ ਇਹ ਬਾਣੀ ਸਲੋਕਾਂ ਸਮੇਤ ਬੀੜ ਦੇ ਛੇਕੜ ਪੁਰ ਸਾਰੀ ਇਕ ਥਾਂ ਇਕੱਠੀ ਲਿਖੀ ਮਿਲਦੀ ਹੈ, ਲੋੜ ਅਨੁਸਾਰ ਵਾਧੂ ਵਰਕੇ ਲਗਾ ਲਏ ਗਏ ਹਨ ਅਤੇ ਕੁਦਰਤੀ ਤੌਰ ਤੇ ਇਹ ਬਾਣੀ ਅਸਲੀ ਲਿਖਾਰੀ ਤੋਂ ਭਿੰਨ ਹੱਥ ਦੀ ਲਿਖੀ ਹੁੰਦੀ ਹੈ। ਨਾਵੇਂ ਮਹਿਲ ਦੀ ਬਾਣੀ ਦਾ ਏਸ ਤਰ੍ਹਾਂ ਇਕੱਠੇ ਲਿਖੇ ਹੋਣਾ, ਉਹ...

ਬੀੜਾਂ ਦੇ ਪ੍ਰਾਚੀਨ ਹੋਣ ਦੀ ਤਸਦੀਕ ਹੈ । ਪਰ ਕਰਤਾਰ ਪੁਰ
ਵਾਲੀ ਬੀੜ ਸੰਮਤ ੧੭੩੨ ਤੋਂ ਪਹਿਲੇ ਦੀਆਂ ਪ੍ਰਾਚੀਨ ਬੀੜਾਂ
ਵਿਚੋਂ ਨਹੀਂ ਹੋ ਸਕਦੀ।''

ਦੇਖੋ ਨਿਰਮੂਲ ਗੱਲਾਂ ਲਿਖਣ ਵਿਚ ਜੀ. ਬੀ. ਸਿੰਘ ਜੀ ਕਿਤਨੇ ਦਲੇਰ ਹਨ ? ਬਾਬਾ ਮੋਹਨ ਜੀ ਦੀਆਂ ਪੋਥੀਆਂ ਤਾਂ ਗੋਇੰਦਵਾਲੋਂ ਚਲੀਆਂ ਗਈਆਂ ਸਨ। ਇਸ ਲਈ ਸ: ਜੀ. ਬੀ. ਸਿੰਘ ਨੂੰ ਇਹ ਖਿਆਲ ਹੋਣਾ ਕੋਈ ਅਚਰਜ ਗੱਲ ਨਹੀਂ ਸੀ ਕਿ ਕਿਹੜਾ ਸਿਖ ਹੁਣ ਲਭਣ ਦੀ ਖੇਚਲ ਕਰ ਕੇ ਮੇਰੀਆਂ ਗਲਤ ਬਿਆਨੀਆਂ ਪਕੜੇਗਾ, ਪਰ ਕਰਤਾਰਪੁਰ ਦੀ ਆਦਿ ਬੀੜ ਅਜੇ ਉਥੇ ਹੀ ਹੈ। ਇਸ ਬਾਬਤ ਇਤਨਾ ਕੁਸੱਤਿ ਲਿਖਣਾ, ਇਹ ਆਪ ਵਰਗੇ ਖੋਜੀ ਤੋਂ ਹੀ ਸੰਭਵ ਹੈ। ਸੱਚ ਇਹ ਹੈ ਕਿ ਇਸ ਕਰਤਾਰਪੁਰ ਵਾਲੀ ਆਦਿ ਬੀੜ ਵਿਚ ਕਿਤੇ ਵੀ ਨਾ ਰਾਗਾਂ ਹੇਠ ਗੁਰਬਾਣੀ ਤੇ ਭਗਤ ਬਾਣੀ ਦੇ ਵਿਚਕਾਰ, ਨਾ ਇਕੱਠੀ ਪਿੱਛੇ ਕਿਤੇ ਵੀ ਨਾਵੇਂ ਮਹਿਲ ਦੀ ਬਾਣੀ ਨਹੀਂ ਲਿਖੀ ਹੋਈ। ਇਕ ਸ਼ਬਦ ਵੀ ਨਹੀਂ। ਇਸ ਨੀਂਹ ਪੁਰ ਜੋ ਜੀ. ਬੀ. ਸਿੰਘ ਜੀ ਨੇ ਦਲੀਲ ਘੜੀ ਹੈ, ਉਹ ਆਪੇ ਫੋਕੀ ਤੇ ਨਿਰਮੂਲ ਹੋ ਗਈ।

ਪਰ ਆਪ ਨੂੰ ਸ਼ਾਇਦ ਇਹ ਦਲੇਰੀ ਇਸ ਲਈ ਹੋ ਗਈ ਹੈ: ੨੬ ਵਰ੍ਹੇ ਹੋ ਗਏ ਹਨ ਭਾਈ ਕਾਹਨ ਸਿੰਘ ਗਲਤ ਬਿਆਨੀਆਂ ਕਰ ਗਏ ਹਨ; ਕਿਸੇ ਸਿਖ ਨੇ ਇਹ ਖੇਚਲ ਨਹੀਂ ਕੀਤੀ ਕਿ ਆਦਿ ਬੀੜ ਦੇ ਦਰਸ਼ਨ ਕਰਕੇ ਉਨ੍ਹਾਂ ਦਾ ਸਚ ਝੂਠ ਨਿਤਾਰੇ; ਮੈਂ ਵੀ ਜੋ ਮਰਜ਼ੀ ਲਿਖ ਜਾਵਾਂ ਕੌਣ ਤਕਲੀਫ ਕਰਨ ਲਗਾ ਹੈ ? ਆਪ ਦੀ ਬਦਕਿਸਮਤੀ ਇਹ ਹੋਈ ਹੈ ਕਿ ਆਪ ਨੇ ਆਦਿ ਬੀੜ ਦੇ ਨਾਸ ਹੋ ਜਾਣ ਦਾ ਹੀ ਐਲਾਨ ਕਰ ਦਿਤਾ ਅਤੇ ਆਪਣੀ ਪੁਸਤਕ ਵਿਚ ਅਜਿਹੇ ਸਖਤ ਲਫ਼ਜ਼ ਵਰਤੇ ਕਿ ਪੰਥ ਵਿਚ ਕੁਰਲਾਹਟ ਮਚ ਗਈ। ਇਕ ਤਰ੍ਹਾਂ ਤਾਂ ਸਿਖਾਂ ਨੂੰ ਆਪ ਦਾ [illegible] ਧੰਨਵਾਦੀ ਹੋਣਾ ਚਾਹੀਦਾ ਹੈ ਜਿਸ ਤਰ੍ਹਾਂ ਕਬੀਰ ਜੀ ਨੇ ਨਿੰਦਕ [illegible]

[illegible]
ਤੇ [illegible] ਦੂਰ ਕਰ ਦਿਤਾ ਹੈ। ਇਸ [illegible]
ਬਾਬਤ ਜੋ ਪੁਰਾਣੀਆਂ ਗਲਤ ਬਿਆਨੀਆਂ ਕੀਤੀਆਂ ਗ[illegible]
ਸਨ ਉਹ ਵੀ ਦੂਰ ਹੋ ਜਾਣਗੀਆਂ ਅਤੇ ਉਨ੍ਹਾਂ ਦੀ ਨੀਂਹ [illegible]
ਜੋ ਖਿਆਲਾਂ ਦੇ ਵਖੇਵੇਂ ਪੈ ਗਏ ਸਨ ਉਹ ਵੀ ਮਿਟ ਜਾਣ[illegible]
ਆਪ ਦਾ ਇਹ ਕਥਨ ਕਿ ਇਹ "ਬੀੜ ਸੰਮਤ ੧੭੩੨ ਤੋਂ ਪਹਿਲੇ ਦੀਆਂ ਪ੍ਰਾਚੀਨ ਬੀੜਾਂ ਵਿਚੋਂ ਨਹੀਂ ਹੋ ਸਕਦੀ,'' ਉੱਕਾ [illegible] ਰੇਤ ਦਾ ਕਿਲਾ ਠਹਿਰਿਆ।

ਅੱਗੇ ਆਪ ਨੇ "ਕਰਤਾਰਪੁਰ ਵਿਚ ਅੱਗ ਲਗੀ [illegible] ਯਾਦਦਾਸ਼ਤ'' ਦੀ ਨੀਂਹ ਪੁਰ ਜੋ ਲਿਖਿਆ ਹੈ ਉਹ ਵੀ ਨਿਰਮੂਲ ਹੈ। ਇਸ ਬੀੜ ਵਿਚ ਕੋਈ ਅਜਿਹੀ ਯਾਦਦਾਸ਼ਤ ਨਹੀਂ। ਇਹ ਅਮਰ ਵਾਕਿਆ ਹੈ ਕਿ ਸੰਮਤ ੧੮੮੭ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇਸ ਬੀੜ ਨੂੰ ਦਰਸ਼ਨਾਂ ਲਈ ਲਾਹੌਰ ਮੰਗਾਇਆ [illegible] ੧੯੧੭ ਵਿਚ ਮਹਾਰਾਜਾ ਨਰੇਂਦ੍ਰ ਸਿੰਘ ਨੇ ਪਟਿਆਲੇ, ਪਰ ਇਨ੍ਹਾਂ ਦੋਹਾਂ ਗੱਲਾਂ ਤੋਂ ਆਪ ਦਾ ਪੱਖ ਕਿਸੇ ਤਰ੍ਹਾਂ ਸਿਧ ਨਹੀਂ ਹੁੰਦਾ।

ਅੱਗੇ ਆਪ ਰਾਗਮਾਲਾ ਦਾ ਸਵਾਲ ਛੇੜਦੇ ਹੋਏ ਲਿਖਦੇ ਹਨ:—

"(੨) ਭਾਈ ਸੰਤੋਖ ਸਿੰਘ 'ਰਾਗਮਾਲਾ' ਨੂੰ ਮਾਧਵਾਨਲ ਸੰਗੀਤ ਵਿਚੋਂ ਲੈ ਕੇ ਕਿਸੇ ਸਿਖ ਦੀ ਪਿਛੋਂ ਪਾਈ ਮੰਨਦਾ ਹੈ, ਅਤੇ ਉਹ ਭੀ ਬਹੁਤ ਸਾਰੀ ਗਲਤ, ਪਰ ਨਾਲ ਹੀ ਉਹ ਜਦ ਕਰਤਾਰਪੁਰ ਵਾਲੀ ਬੀੜ ਨੂੰ ਅਸਲ ਮੰਨ ਰਿਹਾ ਹੈ, ਤਦ ਪ੍ਰਤੱਖ ਹੈ ਕਿ ਰਾਗਮਾਲਾ ਏਸ ਬੀੜ ਵਿਚ ਹੋਰ ਹੱਥ ਦੀ ਲਿਖੀ ਹੋਣੀ ਚਾਹੀਏ।''

ਗਲਤ ਬਿਆਨੀਆਂ ਵਿਚ ਆਪ ਨੇ ਕਮਾਲ ਕਰ ਦਿਤਾ ਹੈ। ਭਾਈ ਸੰਤੋਖ ਸਿੰਘ ਜੀ ਰਾਗਮਾਲਾ ਨੂੰ ਸਤਿਗੁਰਾਂ ਦੀ ਬਾਣੀ ਨਹੀਂ ਲਿਖਦੇ, ਪਰ ਉਹ ਦਰਜ ਹੋਣ ਬਾਬਤ ਇਹ ਲਿਖਦੇ ਹਨ [illegible]

''ਇਹ ਸੁਧ ਨਹੀਂ ਲਿਖੀ ਇਹ ਗੁਰ ਨੇ ਕਿਸੇ ਸਿਖ ਕਾਹੂ
ਲਿਖ ਦੀਨ ॥ ਰਾਗ ਨਾਮ ਸਭ ਜਾਨਹਿ ਰਾਗੀ, ਇਹ
ਕਾਰਣ ਲਿਖ ਦਈ ਪ੍ਰਬੀਨ ॥''

ਅਰਥਾਤ ਮੈਨੂੰ ਇਹ ਪਤਾ ਨਹੀਂ ਕਿ ਬੀੜ ਵਿੱਚ ਸਤਿਗੁਰਾਂ ਲਿਖੀ ਜਾਂ ਕਿਸੇ ਸਿਖ ਨੇ। ਪਰ ਜੀ. ਬੀ. ਸਿੰਘ ਹੋਰੀਂ ਇਹ ਲਿਖਣੋਂ ਨਹੀਂ ਸੰਗਦੇ ਕਿ ''ਭਾਈ ਸੰਤੋਖ ਸਿੰਘ 'ਰਾਗਮਾਲਾ' ਨੂੰ ਮਾਧਵਾ ਨਲ ਸੰਗੀਤ ਵਿਚੋਂ ਲੈਕੇ ਕਿਸੇ ਸਿਖ ਦੀ ਪਾਈ ਹੋਈ ਮੰਨਦਾ ਹੈ,'' (ਲਕੀਰਾਂ ਮੇਰੀਆਂ) ਹਾਲਾਂ ਕਿ ਭਾਈ ਸੰਤੋਖ ਸਿੰਘ ਦੀ ਲਿਖਤ ਉਸ ਦਾ ਇਸ ਗਲ ਵਿੱਚ ਨਿਰਾ ਸ਼ਕ ਦੱਸਦੀ ਹੈ। ਹੁਣ ਜੀ. ਬੀ. ਸਿੰਘ ਹੋਰਾਂ ਦੀ ਹੋਰ ਕਪੋਲ ਕਲਪਨਾ ਸੁਣੋ।

''(੩) ਕਰਤਾਰ ਪੁਰ ਵਾਲੀ ਬੀੜ ਬਾਬਤ ਇਹ ਦਾਅਵਾ ਕਰਨ ਲਈ ਇਹ ਜਰੂਰੀ ਸੀ ਕਿ ਜੋ ਬੀੜ ਲੋਕਾਂ ਦੇ ਸਾਹਮਣੇ ਪੇਸ਼ ਕੀਤੀ ਜਾਏ, ਇਕ ਤਾਂ ਉਹ ਪੁਰਾਣੀ ਹੋਵੇ, ਅਤੇ ਦੂਜੇ ਲੋਕਾਂ ਦੇ ਆਮ ਨਿਸਚਿਆਂ ਦੇ ਮੁਤਾਬਕ ਹੋਵੇ। ਇਹ ਮਸ਼ਹੂਰ ਕੀਤਾ ਗਿਆ ਸੀ ਕਿ ਧੀਰਮਲ ਅਸਲ 'ਆਦਿ ਬੀੜ' ਨੂੰ ਚੌਦਾਂ ਦਿਨ ਪਿਛੋਂ ਦਰਯਾ ਵਿਚੋਂ ਕਢ ਲਿਆਇਆ ਸੀ। ਹਰਫਾਂ ਤਕ ਪਾਣੀ ਨਹੀਂ ਪਹੁੰਚਾ ਸੀ, ਪਰ ਹਾਸ਼ੀਏ ਗਲ ਗਏ ਸਨ। ਸੋ ਜੋ ਬੀੜ ਪੇਸ਼ ਕੀਤੀ ਜਾਂਦੀ ਉਸ ਲਈ ਜ਼ਰੂਰੀ ਸੀ ਕਿ ਇਕ ਤਾਂ ਉਸ ਦਾ ਕਾਗਜ਼ ਪੁਰਾਣਾ ਹੋਵੇ, ਅਤੇ ਦੂਜਾ ਗਏ ਹੋਏ ਹਾਸ਼ੀਆਂ ਨੂੰ ਕੱਟਕੇ ਉਸ ਪੁਰ ਨਵੇਂ ਕਾਗਜ਼ ਦੀਆਂ ਕਾਤਰਾਂ ਲੇਵੀ ਨਾਲ ਜੋੜੀਆਂ ਹੋਣ। ਕਾਗਜ਼ ਲਗੀ ਬੀੜ ਨੂੰ ਜੇ ਤੁਸੀਂ 'K ੩' ਕਹੋ ਤਦ ਕਾਗਜ਼ ਲਗਨ ਤੋਂ ਪਹਿਲੇ 'K ੨' ਕਹਿ ਸਕਦੇ ਹੋ।

''ਹੁਣ 'K ੨' ਵਿਚ ਨਿਰੇ ਕਾਗਜ਼ ਲਗਾਇਆਂ ਕੰਮ ਨਹੀਂ ਸੀ ਚਲਦਾ। ਇਹ ਆਮ ਪ੍ਰਸਿੱਧ ਗੱਲ ਸੀ ਕਿ ਆਦਿ–ਬੀੜ ਤੋਂ ਉਤਾਰਾ ਕਰਦੇ ਸਮੇ ਭਾਈ ਬੰਨੋ ਨੇ ਸੂਰਦਾਸ ਦਾ ਇਕ ਵਾਧੂ ਸ਼ਬਦ (ਛਾਡ ਮਨ ਹਰਿ ਬੇਮੁਖਨ ਕੋ ਸੰਗੁ, ਇਤਿਆਦਿ) ਅਤੇ

[illegible] ਮੀਰੀ ਬਾਣੀ ਦਾ [illegible] ਆਪਣੀ ਬੀੜ ਵਿਚ [illegible] ਕੀਤੇ ਹਨ। ਅਤੇ ਇਹ ਆਦਿ ਬੀੜ ਵਿਚ ਨਹੀਂ ਸਨ। 'K ੨' ਬੀੜ ਭਾਈ ਬੰਨੋ ਵਾਲੀ ਬੀੜ ਦੇ ਕਿਸੇ ਉਤਾਰੇ ਤੋਂ ਨਕਲ ਦਰ ਨਕਲ ਕੀਤੀ ਹੋਈ ਸੀ। ਉਸ ਵਿਚ ਇਹ ਸ਼ਬਦ ਮੌਜੂਦ ਸਨ। ਸੋ ਇਹਨਾਂ ਨੂੰ ਮਿਟਾਨ ਲਈ ਏਹਨਾਂ ਪੁਰ ਹੜਤਾਲ ਫੇਰੀ। ਪਰ ਜਿਸ ਤਰਾਂ ਕਹਿੰਦੇ ਹਨ ਕਿ ਖੂਨ ਕੀਤਾ ਛਪਿਆ ਨਹੀਂ ਰਹਿੰਦਾ, ਸੋਈ ਏਥੇ ਹੋਇਆ ਹੈ। ਸੂਰਦਾਸ ਦੇ ਵਾਧੂ ਸ਼ਬਦ ਦੀ ਪਹਿਲੀ ਤੁਕ ਜੋ ਉਪਰ ਦਿਤੀ ਹੈ, ਏਸ ਤੋਂ ਪਹਿਲੋਂ ਆਏ ਭਗਤ ਪਰਮਾਨੰਦ ਦੇ ਸ਼ਬਦ ਦੀ ਅਖੀਰਲੀ ਤੁਕ ਨਾਲ ਮਿਲਾ ਕੇ ਇਕ ਪਾਲ ਵਿਚ ਲਿਖੀ ਸੀ, ਅਤੇ ਦੋਹਾਂ ਦੇ ਵਿਚਾਲੇ 'ਸੂਰਦਾਸ' ਦਾ ਨਾਮ ਫਰਕ ਕਰਨ ਵਾਸਤੇ ਨਹੀਂ ਸੀ ਦਿਤਾ, ਠੀਕ ਜਿਵੇਂ ਕਿ ਮਾਂਗਟ ਵਾਲੀ ਬੀੜ ਵਿੱਚ ਵੀ ਨਹੀਂ ਕੀਤਾ। ਸੋ ਹੜਤਾਲ ਲਗਾਂਦੇ ਸਮੇ ਬਾਕੀ ਪਾਲਾਂ ਪੁਰ ਤਾਂ ਹੜਤਾਲ ਫਿਰ ਗਈ, ਪਰ ਪਹਿਲੀ ਤੁਕ ਬਚ ਗਈ। ਫੇਰ ਏਸ ਪਾਲ ਦੀ 'ਪ੍ਰਤੀਕ' ਤਤਕਰੇ ਵਿੱਚ ਦਿੱਤੀ ਸੀ ਅਤੇ ਸੂਰਦਾਸ ਦੀ ਬਾਣੀ ਲਿਖ ਕੇ ਗਿਣਤੀ ਕੀਤੀ ਹੋਈ ਸੀ, ਜਿਸ ਗੇਣਤਰੀ ਵਿਚ ਇਹ ਪਹਿਲਾ ਸ਼ਬਦ ਵੀ ਗਿਣਿਆ ਹੋਇਆ ਸੀ। 'ਖੂਨੀ' ਨੂੰ ਇਹਨਾਂ ਦੇ ਮਿਟਾਨ ਦਾ ਖਿਆਲ ਨਹੀਂ ਸੁਝਾ ਸੋ ਇਹ ਦੋਵੇਂ ਬਚ ਗਏ। ਪ੍ਰਤੀਕ ਵੀ ਤੇ ਗੇਣਤਰੀ ਵੀ। 'ਖੂਨੀ' ਆਪਣੇ ਫਨ ਵਿਚ ਕਾਮਲ ਨਹੀਂ ਸੀ।''

ਜੇ ਕਦੀ ਜੀ. ਬੀ. ਸਿੰਘ ਹੋਰਾਂ ਕਰਤਾਰਪੁਰ ਵਾਲੀ ਆਦਿ ਬੀੜ ਦੇ ਦਰਸ਼ਨ ਕੀਤੇ ਹੁੰਦੇ ਤਾਂ ਸ਼ਾਇਦ ਸ਼ਰਮ ਨਾਲ ਹੀ ਇਤਨਾ ਅਨਰਥ ਨਾ ਤੋਲਦੇ। ਹੁਣ ਅਸਲੀਅਤ ਕੀ ਹੈ। ਪਵਿਤ੍ਰ ਆਦਿ–ਬੀੜ ਦੇ ੯੯੫ ਅੰਕ ਵਾਲੇ ਪੱਤਰੇ ਦੇ ਸੱਜੇ ਪੰਨੇ ਪੁਰ ਪਰਮਾਨੰਦ ਜੀ ਦਾ ਸ਼ਬਦ ਥੋੜੀ ਜਿਹੀ ਥਾਂ ਲੈ ਕੇ ਮੁਕ ਜਾਂਦਾ ਹੈ। ਅਖੀਰਲੀ ਪਾਲ ਦੇ ਅੰਤ ਵਿਚ ਸਤਰ ਦੀ ਥੋੜੀ ਜਿਹੀ ਥਾਂ ਰਹਿ ਗਈ ਹੈ ਉਹ ਖਾਲੀ ਪਈ ਹੈ। ਫਿਰ ਪਾਲ ਕੁ ਦੀ ਵਿਥ ਛਡ ਕੇ

ਇਹ ਤੁਕ ਲਿਖੀ ਹੈ 'ਛਾਡ ਮਨ ਹਰਿ ਬਿਮੁਖਨ ਕੋ ਸੰਗੁ' ...
ਤੁਕ ਪੰਨੇ ਪੁਰ ਇਕੱਲੀ ਸਾਫ ਨਜ਼ਰ ਪੈ ਜਾਂਦੀ ਹੈ। ਅਗੇ ...
ਚਾਰ ਕੁ ਪਾਲਾਂ ਦੀ ਥਾਂ ਖਾਲੀ ਹੈ। ਇਹ ਬਿਲਕੁਲ ਅਸੱਤ ਹੈ ...
ਸਾਰਾ ਸ਼ਬਦ ਲਿਖਕੇ ਹੜਤਾਲ ਫੇਰੀ ਗਈ ਹੈ। ਕੇਵਲ ਇਕੋ ...
ਪਰਮਾਨੰਦ ਦੇ ਸ਼ਬਦ ਤੋਂ ਵਿਥ ਤੇ ਸਾਫ ਵਖਰੀ ਦਿੱਤੀ ਹੈ ...
ਹੜਤਾਲ ਤਾਂ ਕਿਤੇ ਰਹੀ ਸਾਰਾ ਸ਼ਬਦ ਲਿਖਕੇ ਕੱਟਿਆ ਵੀ ਨਹੀਂ ...
ਹੋਇਆ। ਹੋਰ ਅਸੱਤ ਸੁਣੋ। ਆਦਿ ਬੀੜ ਵਿੱਚ ਭਗਤਾਂ ਦੇ ਸ਼ਬਦਾਂ ...
ਦੀਆਂ ਪ੍ਰਤੀਕਾਂ ਹੀ ਕੋਈ ਨਹੀਂ ਦਿੱਤੀਆਂ ਹੋਈਆਂ। ਪਰ ਜੀ. ਬੀ. ...
ਸਿੰਘ ਹੋਰਾਂ (ਇਨ੍ਹਾਂ ਅੱਖਾਂ ਨਾਲ ਤਾਂ ਦਰਸ਼ਨ ਕੀਤੇ ਨਹੀਂ) ...
ਕਲਪਨਾ ਨੇ ਇਹ ਇਕ ਨਵਾਂ ਕੂੜ ਰਚ ਲਿਆ ਹੈ ਕਿ ਪ੍ਰਤੀਕ ...
ਵਿਚ ਇਹ ਤੁਕ ਜਿਉਂ ਕੀ ਤਿਉਂ ਰਹਿ ਗਈ ਹੈ। ਭਗਤ ਬਾਣੀ ...
ਦੇ ਕਿਸੇ ਸ਼ਬਦ ਦੀ ਵੀ ਪ੍ਰਤੀਕ ਬੀੜ ਵਿੱਚ ਨਹੀਂ। ਇਸ ਦੀ ਪ੍ਰਤੀਕ ...
ਰਹਿ ਕਿਸਤਰਾਂ ਗਈ ਜਿਹੜੀ ਕਦੀ ਸੀ ਹੀ ਨਹੀਂ, ਅਸਲ ਗੱਲ ...
ਇਹ ਹੈ ਕਿ ਆਦਿ ਬੀੜ ਵਿਚ ਇਹ ਇਕੋ ਹੀ ਤੁਕ ਦਿਤੀ ਸੀ ...
ਜੋ ਭਾਈ ਬਨੋ ਦੇ ਲਿਖਾਰੀਆਂ ਵੀ ਨਕਲ ਕਰ ਲਈ। ਬਾਕੀ ...
ਸਾਰਾ ਸ਼ਬਦ ਕਿਸੇ ਹੋਰ ਲਿਖਾਰੀ ਨੇ ਪੂਰਾ ਕੀਤਾ। ਇਹ ਗੱਲ ...
ਅਗੇ ਜਾ ਕੇ ਅਸੀ ਪ੍ਰਾਚੀਨ ਬੀੜਾਂ ਵਿਚ ਕਰਤਾ ਦੇ ਆਪਣੇ ਦਿਤੇ ...
ਮਸਾਲੇ ਤੋਂ ਹੀ ਸਾਬਤ ਕਰਾਂਗੇ। ਹੁਣ ਖੂਨੀ ਤਾਂ ਖੂਨ ਤੋਂ ਬਚ ...
ਗਿਆ ਹੈ ਤੁਸੀ ਗ਼ਲਤ ਜ਼ਰੂਰ ਸਾਬਤ ਹੋ ਗਏ ਹੋ।

ਅਗੇ ਹੋਰ ਸੁਣੋ।

"(੪) ਜੋ ਲਿਖੇ ਜਾਣ ਦਾ ਸੰਮਤ ਬੀੜ ਵਿਚ ਦਿਤਾ ਹੈ ...
ਉਸ ਵਿਚ ਇਹ ਲਫਜ਼ ਵੀ ਹਨ ? 'ਪੋਥੀ ਲਿਖਿ ਪਹੁਚੇ', ਇਹ ਵੀ ...
ਭਾਈ ਬਨੋ ਦੀ ਬੀੜ ਦੀ ਨਕਲ ਸਨ ਜਿਸਨੂੰ 'ਖੂਨੀ' ਸਮਝ ਨਹੀਂ ...
ਸਕਿਆ, ਸੋ ਇਹ ਲਫਜ਼ ਜਿਉਂ ਕਿ ਤਿਉਂ ਪਏ ਰਹਿ ਗਏ।"

"ਗੁਰੂ ਬਾਬਾ ਨਾਮ ਵੀ ਗ੍ਰੰਥ ਸਾਹਿਬ ਵਾਸਤੇ ਬਹੁਤ ਪਿਛੋਂ ...
ਵਰਤੀਨ ਲਗਾ ਹੈ, ਕਿਤੇ ਸਿਖ ਮਿਸਲਾਂ ਦੇ ਸਮੇ ਆਕੇ, ਸ੍ਰੀ ਗੁ... ਪਹੁਚੇ' ...

... ਗੋਬਿੰਦ ਸਿੰਘ ਜੀ ਨਾਲ ... ਪਿਛੋਂ।"

ਅਸੀਂ ਛੋਟੇ ਹੁੰਦੇ ਇਕ ਕਹਾਣੀ ਸੁਣੀ ਸੀ ਕਿ ਇਕ
... ਫਿਲਾਸਫਰ ਗਲੀ ਵਿਚੋਂ ਲੰਘ ਰਿਹਾ ਸੀ ਤੇ ਉਸਨੇ ਇਕ ਗਊ
... ਦੀ ਫੋਸੀ ਉਚੇ ਮਕਾਨ ਦੀ ਕੰਧ ਨਾਲ ਲਗੀ ਦੇਖੀ। ਖੜੋ ਗਿਆ ਤੇ
... ਸੋਚੀਂ ਪੈ ਗਿਆ, 'ਗਊ ਇਸ ਸਿੱਧੀ ਕੰਧ ਤੇ ਕਿਸ ਤਰਹ ਚੜ੍ਹ ਗਈ
... ਉਥੇ ਜਾ ਜੋ ਫੋਸੀ ਕੀਤੀ ਉਸਦਾ ਗੋਹਾ ਹੇਠਾਂ ਕਿਉਂ ਨਾ ਡਿਗਾ।'
... ਚਿਰ ਸੋਚਦਾ ਰਿਹਾ ਕੁਝ ਸਮਝ ਨਾ ਆਵੇ। ਕੋਲੋਂ ਇਕ ਰਾਹ-
ਗੁਜ਼ਰੂ ਲੰਘਿਆ ਤਾਂ ਉਹ ਇਕ ਵਿਚਾਰ ਵਿਚ ਡੁਬੇ ਮਨੁਖ ਨੂੰ ਫੋਸੀ
... ਵਲ ਨੀਝ ਲਾਈ ਵੇਖਕੇ ਖੜੋ ਗਿਆ। ਥੋੜੇ ਚਿਰ ਮਗਰੋਂ ਪੁਛਣ
... ਦੀ ਦਲੇਰੀ ਕੀਤੀ ਕਿ ਮਹਾਰਾਜ ! ਕੀ ਸੋਚ ਰਹੇ ਹੋ ? ਫਿਲਾਸਫਰ
... ਨੇ ਆਪਣੀ ਗੁੰਝਲ ਦੱਸੀ। ਰਾਹਗੁਜ਼ਰੂ ਕਹਿਣ ਲੱਗਾ, ਮਹਾਰਾਜ
... ਇਸ ਦਾ ਤਾਂ ਸਿਧਾ ਉਤਰ ਹੈ ਕਿ ਗਊ ਨੇ ਗਲੀ ਵਿਚੋਂ ਲੰਘਦਿਆਂ
... ਫੋਸੀ ਕੀਤੀ ਤੇ ਕਿਸੇ ਨੇ ਵਗਾਹ ਕੇ ਕੰਧ ਨਾਲ ਚਮੋੜ ਦਿਤੀ।
... ਫਿਲਾਸਫਰ ਨੂੰ ਸਮਝ ਆ ਗਈ ਤੇ ਉਹ ਹੱਸਕੇ ਤੁਰ ਗਿਆ।

ਖੋਜੀ ਵੀ ਨਵੀਨ ਅਰਥ ਕਢਣ ਦੇ ਬੜੇ ਸ਼ੌਕੀਨ ਹੁੰਦੇ ਹਨ।
... ਕਰਤਾ 'ਪ੍ਰਾਚੀਨ ਬੀੜਾਂ' ਨੇ ਸਫਾ ੨੪੨ ਤੋਂ ੨੪੪ ਤਕ 'ਪੋਥੀ
ਲਿਖਿ ਪਹੁੰਚੇ' ਦਾ ਅਰਥ ਖੋਲ੍ਹ ਕੇ ਦੱਸਣ ਤੇ ਹੋਰ ਅਰਥ-ਕਾਰਾਂ ਦੀ
... ਅਗਿਆਨਤਾ ਤੇ ਆਪਣੀ ਚਤੁਰਾਈ ਦਿਖੌਣ ਵਿਚ ਖਰਚ ਕੀਤੇ
... ਹਨ, ਜੋ ਅਸੀਂ ਪਾਠਕਾਂ ਦੀ ਦਿਲਚਸਪੀ ਲਈ ਦਰਜ ਕਰਦੇ ਹਾਂ।
... ਤਤਕਰਾ ਆਦਿ-ਬੀੜ' ਵਿੱਚ ਸੀ ਕਿ ਨਹੀਂ, ਇਸ ਤੇ ਬਹਿਸ
... ਕਰਦੇ ਹੋਏ ਸ: ਜੀ; ਬੀ, ਸਿੰਘ ਨੇ ਲਿਖਿਆ ਹੈ:--

"ਤਤਕਰੇ ਬਾਬਤ ਏਸ ਸ਼ੱਕ ਦੇ ਪੈਦਾ ਹੋਣ ਦੀ ਇਕ ਖਾਸ
ਵਜਾ ਸੀ ਅਤੇ ਉਹ ਵਜਾ ਇਹ ਸੀ ਕਿ ਪੁਰਾਣੇ ਹਥ ਦੇ ਲਿਖੇ (ਗੁਰੂ)
ਗ੍ਰੰਥ ਸਾਹਿਬਾਂ ਵਿਚ ਲਿਖਣ ਦਾ ਸੰਮਤ ਦਿੰਦੇ ਹੋਏ ਇਕ ਫਿਕਰਾ
... ਵਾਕ ਲਿਖਿਆ ਹੈ:--'ਪੋਥੀ ਲਿਖਿ ਪਹੁਚੇ' ਜਾਂ 'ਪੋਥੀ ਲਿਖਿ
... ਪਹੁਚੇ'। ਮੈਂ ਪਹਿਲੀ ਵਾਰ ਇਹ ਫਿਕਰਾ ਨਾਨਕ ਮਤਾ ਵਿਚ ...

ਘੀਲੀ ਭੀਤ ਦੇ ਪੁਰਾਣੇ ਉਦਾਸੀਆਂ ਦੇ ਸਥਾਨ ਦੀ ਪ੍ਰਾਚੀਨ ਬੀੜ ਵਿੱਚ ਪੜ੍ਹਿਆ, ਜੋ ਬੀੜ ਸੰਮਤ ੧੭੪੨ ਦੀ ਲਿਖੀ ਹੋਈ ਹੈ। ਫੇਰ ਮੈਂ ਗੁਰਦੁਵਾਰਾ ਬ੍ਰਹਮਕੁੰਡ ਅਜੁਧਿਆ ਦੀ ਲਿਖਤੀ ਬੀੜ ਵਿਚ ਇਹੋ ਕੁਝ ਲਿਖਿਆ ਦੇਖਿਆ ਮੈਨੂੰ ਇਸ colophon ਜਾਂ ਟਿਪਣੀ ਦੀ ਸਮਝ ਨਾ ਆਈ। ਹੁਣ 'ਪਹੁਚੇ' ਜਾਂ 'ਪਹੋਆ' ਦੋਵੇਂ ਸ਼ਬਦ ਇਕ ਹਨ ਅਤੇ ਇਕ ਤੀਰਥ ਦੇ ਨਾਮ ਹਨ। ਹੋਰ ਬੀੜਾਂ ਵਿਚ 'ਪਹੋਚੇ' ਦੇ ਅਗੇ ਲਫਜ਼ 'ਕੁਰਖੇਤ੍ਰ' ਵੀ ਲਿਖਿਆ ਦੇਖਿਆ ਗਿਆ ਹੈ। ਮੈਨੂੰ ਅਜੁਧਿਆ ਵਿਚ ਪੁਜਾਰੀ ਭਾਈ ਸਤਰੂਜੀਤ ਸਿੰਘ ਜੀ ਨੇ ਇਹ ਦੱਸਿਆ ਕਿ 'ਸੂਚੀ ਪੱਤ੍ਰ ਪੋਥੀ' (ਮਤਲਬ ਸ਼ਬਦਾਂ ਦਾ ਤਤਕਰਾ) ਪਹਿਲੇ ਪਹੋਚੇ ਵਿਚ ਲਿਖੀ ਗਈ ਸੀ, ਉਸੇ ਦੀ ਨਕਲ ਸਾਰੇ ਲਿਖਾਰੀ ਕਰਦੇ ਆਏ ਹਨ। ਸਰਦਾਰ ਕਾਹਨ ਸਿੰਘ ਜੀ ਨੇ ਵੀ ਏਸ ਫਿਕਰੇ ਦਾ ਇਹੋ ਮਤਲਬ ਸਮਝਿਆ ਸੀ। ਇਹਨਾਂ ਸਜਨਾਂ ਦੇ ਦੱਸਣ ਪੁਰ ਮੇਰਾ ਭੀ ਇਹੋ ਨਿਸਚਾ ਬਝ ਗਿਆ ਸੀ। ਪਰ ਜਦ ਹੋਰ ਹਸਤ-ਲਿਖਤ ਗ੍ਰੰਥ ਸਾਹਿਬ ਵੇਖੇ, ਜਿਨ੍ਹਾਂ ਵਿਚ ਇਹ ਲਫ਼ਜ਼ ਨਹੀਂ ਸਨ, ਅਤੇ ਤਤਕਰੇ ਮੌਜੂਦ ਸਨ, ਦਿਲ ਵਿਚ ਸ਼ਕ ਪੈਦਾ ਹੋ ਗਿਆ ਅਤੇ ਜਾਨਣਾ ਚਾਹਿਆ ਕਿ ਅਸਲ ਗੱਲ ਕੀ ਹੈ। ਇਹ ਸ਼ਕ ਮੇਰਾ ਮਾਂਗਟ ਜਾਣ ਤਕ ਦੂਰ ਨਹੀਂ ਸੀ ਹੋਇਆ। ਉਥੇ ਜਦ ਮੈਂ ਭਾਈ ਬਿਸ਼ਨ ਸਿੰਘ ਜੀ ਬਨੋਆਨੀਆ ਨਾਲ ਗੱਲ ਕੀਤੀ, ਤਦ ਉਹਨਾਂ ਕਿਹਾ ਕਿ ਇਹ ਲਫਜ਼ ਉਹਨਾਂ ਦੀ ਬੀੜ ਵਿਚ ਵੀ ਹਨ। ਜਦ ਮੈਂ ਉਸ ਬੀੜ ਦੇ ਦਰਸ਼ਨ ਕੀਤੇ ਅਤੇ ਇਹ ਤਸੱਲੀ ਹੋ ਗਈ ਕਿ ਇਹ ਭਾਈ ਬਨੋ ਵਾਲੀ ਅਸਲੀ ਬੀੜ ਹੈ, ਅਤੇ ਉਸ ਵਿਚ ਇਹ ਲਫਜ਼ ਵੀ ਲਿਖੇ ਦੇਖ ਲਏ, ਤਦ ਮਨ ਵਿਚ ਆਪਣੇ ਆਪ ਚਾਨਣ ਹੋ ਆਇਆ ਅਤੇ ਸਾਰੀ ਗੁੰਝਲ ਦਾ ਹੱਲ ਲੱਭ ਪਿਆ। ਸਾਫ ਦਿਸ ਪਿਆ ਕਿ ਇਹ ਲਫ਼ਜ਼ ਭਾਈ ਬੰਨੋ ਜੀ ਆਪਣੀ ਬਾਬਤ ਲਿਖ ਰਹੇ ਹਨ ਕਿ 'ਪੋਥੀ' ਜਾਂ ਗ੍ਰੰਥ ਲਿਖਕੇ ਅਸੀਂ ਲਾਹੌਰ ਪਹੁੰਚੇ। ਲਾਹੌਰ ਇਸ ਵਾਸਤੇ ਕਿ ਲਾਹੌਰੋਂ ਜਿਲਦ

ਬਨ੍ਹਵਾਕੇ ਉਨ੍ਹਾਂ ਫੇਰ ਗੁਰੂ ਸਾਹਿਬ ਦੇ ਹਾਜ਼ਰ ਹੋਕੇ ਇਹ ਬੀੜ ਪੇਸ਼ ਕੀਤੀ ਸੀ। ਲਾਹੌਰ ਪਹੁੰਚਣ ਦੀ ਤਾਰੀਖ ਹੈ ਜੋ ਭਾਈ ਸਾਹਿਬ ਨੇ ਆਪਣੀ ਬੀੜ ਵਿੱਚ ਦਿੱਤੀ ਹੈ। ਗ੍ਰੰਥ ਸਾਹਿਬ ਨੂੰ ਗੁਰੂ ਸਾਹਿਬਾਨ ਦੇ ਵਕਤ ਤਕ ਅਕਸਰ 'ਪੋਥੀ' ਹੀ ਆਖਦੇ ਸਨ ਅਤੇ ਕਦੇ ਕਦੇ 'ਗ੍ਰੰਥ'। ਪਿਛੋਂ ਆਉਣਵਾਲੇ ਲਿਖਾਰੀਆਂਨੇ ਏਸਗੱਲ ਨੂੰ ਨਾ ਸਮਝਕੇ ਤੇ ਇਸ ਫਿਕਰੇ ਨੂੰ ਇਕ ਗੂੜ੍ਹ ਅਰਥਾਂ ਵਾਲਾ ਫਾਰਮੂਲਾ ਸਮਝਕੇ ਇਸ ਦੀ ਨਕਲ ਕਰ ਦਿੱਤੀ। ਅਤੇ ਜਿਨ੍ਹਾਂ ਨੇ ਸਮਝਨ ਦੀ ਕੋਸ਼ਸ਼ ਕੀਤੀ 'ਪਹੁਚੇ' ਦਾ 'ਪਹੋਚੇ' ਤੇ 'ਪਹੋਏ ਕੁਰਖੇਤਰ' ਬਣਾ ਦਿਤਾ।

ਤਾਂਤੇ ਜਿਨਾਂ ਬੀੜਾਂ ਵਿੱਚ ਉਹਨਾਂ ਦੇ ਲਿਖੇ ਜਾਣ ਦੀ ਤਾਰੀਖ ਸੰਮਤ ਦੇਂਦਿਆਂ ਇਹ ਲਫ਼ਜ਼ ਲਿਖੇ ਹਨ। ਉਹ ਸਭ ਭਾਈ ਬੰਨੋ ਜੀ ਦੀ ਬਦੌਲਤ ਹਨ, ਅਤੇ ਮਾਂਗਟ ਵਾਲੀ ਬੀੜ ਤੋਂ ਸਿਧੀ ਜਾਂ ਨਕਲ ਦਰ ਨਕਲ ਹਨ।''

ਪਹਿਲੋਂ ਤਾਂ ਅਸੀਂ ਇਹ ਦੱਸਣਾ ਚਾਹੁੰਦੇ ਹਾਂ ਕਿ ਦੋਵੇਂ ਪਾਠ 'ਪੋਥੀ ਲਿਖਿ ਪਹੋਚੇ' ਜਾਂ 'ਪੋਥੀ ਲਿਖ ਪਹੁਚੇ' ਜੋ ਕਰਤਾ ਨੇ ਦਿਤੇ ਹਨ ਅਸ਼ੁਧ ਹਨ। ਅਸਲ ਪਾਠ ਇਹ ਹੈ:--'ਸੂਚੀ ਪਤ੍ਰ ਪੋਥੀ ਕਾ ਤਤਕਰਾ ਰਾਗਾਂ ਕਾ ਸੰਮਤ ੧੬੬੧ ਮਿਤੀ ਭਾਦੋਉਂ ਵਦੀ ਏਕਮ ੧ ਪੋਥੀ ਲਿਖਿ ਪਹੁਚੇ'। ਹੁਣ ਜੇ ਕਦੀ 'ਪ੍ਰਾਚੀਨ ਬੀੜਾਂ' ਦਾ ਕਰਤਾ ਭਾਈ ਬੰਨੋ ਜੀ ਵਾਲੀ ਬੀੜ ਨਾਲੋਂ ਭਾਈ ਗੁਰਦਾਸ ਜੀ ਦੀ ਹੱਥੀਂ ਲਿਖੀ ਕਰਤਾਰਪੁਰ ਵਾਲੀ ਆਦਿ ਬੀੜ ਦਾ ਦਰਸ਼ਨ ਪਹਿਲੋਂ ਕਰ ਲੈਂਦਾ ਤਾਂ ਭਾਈ ਗੁਰਦਾਸ ਜੀ ਦਾ ਖਬਰੇ ਕਿਹੜੇ ਸ਼ਹਿਰ ਪਹੁੰਚਣਾ ਮਿਥਦਾ। ਫੇਰ ਭਾਈ ਬੰਨੋ ਜੀ ਲਾਹੌਰ 'ਸ਼ਬਦ ਲਿਖਣਾ ਕਿਉ' ਛਡ ਗਏ ? ਫਿਰ ਇਹ ਲਾਹੌਰ ਪਹੁੰਚਣ ਦੀ ਤਰੀਕ ਤਤਕਰੇ ਦੇ ਆਰੰਭ ਵਿਚ ਕਿਉਂ ਦਿਤੀ ? ਹੁਣ ਗਿਆਨੀ ਸਤਰੂਜੀਤ ਸਿੰਘ ਜੀ ਤੇ ਭਾਈ ਕਾਹਨ ਸਿੰਘ ਜੀ ਦੇ ਅਰਥਾਂ ਦਾ ਅਸਾਨੂੰ ਪਤਾ ਨਹੀਂ ਪਰ ਜੇਹੋ ਜਿਹੀਆਂ ਘਾੜਤਾਂ ਜੀ. ਬੀ. ਸਿੰਘ ਹੋਰਾਂ ਆਦਿ ਬੀੜ ਵਿਚ ਨਾਵੇਂ ਮਹਿਲ ਦੇ ਸ਼ਬਦਾਂ ਆਦਿ

ਵਾਲੀਆਂ ਘੜੀਆਂ ਹਨ, ਕੁਝ ਅਸਚਰਜ ਨਹੀਂ ਕਿ ਇਹ 'ਪਹੋਏ' ਅਰਥ ਵਾਲੀ ਘਾੜਤ ਵੀ ਆਪਣੇ 'ਚਾਨਣ' ਦਾ ਚਮਤਕਾਰ ਦੱਸਣ ਲਈ ਆਪ ਹੀ ਘੜ ਲਈ ਹੋਵੇ। ਪੁਰਾਣੇ ਲਿਖਾਰੀ ਇਸ ਦੇ ਅਰਥਾਂ ਤੋਂ ਜਾਣੂ ਸਨ। ਅਸਲ ਸ਼ਬਦ ਆਦਿ ਬੀੜ ਵਿਚ ਇਹ ਹਨ 'ਸੂਚੀ ਪਤ੍ਰ ਪੋਥੀ ਕਾ ਤਤਕਰਾ ਰਾਗਾਂ ਕਾ ਸੰਮਤ ੧੬੬੧ ਮਿਤੀ ਭਾਦੋਉ ਵਦੀ ਏਕਮ ੧ ਪੋਥੀ ਲਿਖਿ ਪਹੁਚੇ', ਜਿਸਦਾ ਸਾਫ ਭਾਵ ਇਹ ਹੈ ਕਿ ਲਿਖਾਰੀ ਪੋਥੀ ਮੁਕਾਕੇ ਤਤਕਰੇ ਤੇ ਸੰਮਤ੧੬੬੧ ਮਿਤੀ ਭਾਦੋਉ ਵਦੀ ੧ ਨੂੰ ਪੁਜਾ ਹੈ। ਇਹ ਆਦਿ-ਬੀੜ ਦੇ ਖਤਮ ਹੋਣ ਤੇ ਤਤਕਰੇ ਦੇ ਆਰੰਭ ਕਰਨ ਦੀ ਤਰੀਕ ਹੈ। ਕਿਸੇ ਸ਼ਹਿਰ ਪੁਜਣ ਦੀ ਨਹੀਂ। ਇਸੇ ਤਰਾਂ ਭਾਈ ਬੰਨੋ ਜੀ ਨੇ ਅਸੂ ਵਦੀ ੧ ਨੂੰ ਬੀੜ ਦਾ ਲਿਖਣਾ ਖਤਮ ਕਰਕੇ ਫਿਰ ਤਤਕਰਾ ਲਿਖਿਆ। ਪੁਰਾਣੇ ਲਿਖਾਰੀ ਇਸ ਢੰਗ ਨਾਲ ਆਪੇ ਆਪਣੇ ਨਕਲ ਕਰਣ ਦੀ ਤਰੀਕ ਦਿੰਦੇ ਰਹੇ ਹਨ। ਭਾਈ ਬੰਨੋ ਨੇ ਆਦਿ ਬੀੜ ਦਾ ਉਤਾਰਾ ਕਰਾਉਣ ਲਗਿਆਂ ਪਹਿਲੋਂ ਤਤਕਰਾ ਕਿਉਂ ਨਾ ਨਕਲ ਕੀਤਾ। ਇਸਦਾ ਮੁਖ ਕਾਰਨ ਹੀ ਇਹ ਸੀ ਕਿ ਕਿਸੇ ਗ੍ਰੰਥ ਯਾ ਪੁਸਤਕ ਦੇ ਨਕਲ ਕਰਨ ਵੇਲੇ ਤਤਕਰਾ ਹਮੇਸ਼ਾਂ ਹੀ ਗ੍ਰੰਥ ਯਾ ਪੁਸਤਕ ਦੀ ਸਮਾਪਤੀ ਪਿਛੋਂ ਤਿਆਰ ਕੀਤਾ ਜਾਂਦਾ ਹੈ, ਕਿਉਂਕਿ ਪਹਿਲੋਂ ਪਤਾ ਨਹੀਂ ਹੁੰਦਾ ਕਿ ਕਿਹੜਾ ਸ਼ਬਦ ਕਿਹੜੇ ਸਫੇ ਤੇ ਆਵੇਗਾ ਤੇ ਤਤਕਰੇ ਵਿਚ ਪਹਿਲੋਂ ਕਿਸੇ ਸ਼ਬਦ ਦਾ ਪਤਾ ਦੇਣਾ ਇਉਂ ਅਸੰਭਵ ਹੋ ਜਾਂਦਾ ਹੈ। ਛਾਪੇ ਖਾਨਿਆਂ ਵਿਚ ਵੀ ਅੱਜ ਕਲ ਇਹੀ ਰਿਵਾਜ ਹੈ ਕਿ ਤਤਕਰੇ ਆਦਿਕ ਪੁਸਤਕ ਦੀ ਛਪਾਈ ਤੋਂ ਬਾਦ ਛਾਪੇ ਜਾਂਦੇ ਹਨ।

ਆਦਿ ਬੀੜ ਦੀ ਰਚਨਾਂ ਵੇਲੇ, ਲਿਖਾਈ ਦੇ ਅਸੂਲਾਂ ਅਨੁਸਾਰ ਭਾਈ ਗੁਰਦਾਸ ਜੀ ਨੇ ਚਾਰ ਚਾਰ ਜਾਂ ਅੱਠ ਅੱਠ ਪਤਰਿਆਂ ਦੀਆਂ (ਵਿਸ਼ੇਸ਼ ਕਰਕੇ ਅੱਠ ਅੱਠ ਪਤਰਿਆਂ ਦੀਆਂ) ਸੰਚੀਆਂ ਤਿਆਰ ਕਰ ਲਈਆਂ ਸਨ ਤੇ ਉਨਾਂ ਪੁਰ ਅੰਕ ਲਾ ਲਏ

ਅਤੇ ਹਾਸ਼ੀਏ ਦੀਆਂ ਲਕੀਰਾਂ ਖਿਚ ਲਈਆਂ ਸਨ। ਬਾਣੀ ਦੇ ਲਿਖਣ ਵੇਲੇ ਅੱਡ ਅੱਡ ਰਾਗਾਂ ਦੀਆਂ ਅੱਡ ਅੱਡ ਕ੍ਰਮ ਦੀਆਂ ਬਾਣੀਆਂ ਅੱਡ ਅੱਡ ਸੰਚੀਆਂ ਤੋਂ ਸ਼ੁਰੂ ਕੀਤੀਆਂ ਤੇ ਨਾਲੋ ਨਾਲ ਸੰਚੀਆਂ ਜੋੜ ਜੋੜ ਲਿਖੀਂਦੀਆਂ ਰਹੀਆਂ। ਵਖ ਵਖ ਰਾਗਾਂ ਦੇ ਵਖ ਵਖ ਪਾਤਸ਼ਾਹੀਆਂ ਦੇ ਸ਼ਬਦਾਂ ਦੇ ਕ੍ਰਮ ਵਾਲੀਆਂ ਜਦ ਵਖ ਵਖ ਸੰਚੀਆਂ ਬੀੜ ਦੀ ਸਮਾਪਤੀ ਪੁਰ ਤਰਤੀਬ ਵਿਚ ਕੀਤੀਆਂ ਗਈਆਂ, ਤਾਂ ਜਰੂਰੀ ਸੀ ਕਿ ਥਾਂ ਪਰ ਥਾਂ ਖਾਲੀ ਪਤਰੇ ਰਹਿ ਜਾਂਦੇ ਜੋ ਅੰਕੇ ਹੋਏ ਪਰ ਖਾਲੀ ਪਤਰੇ ਆਦਿ ਬੀੜ ਵਿੱਚ ਮੌਜੂਦ ਹਨ। ਇਹ ਸੁਭਾਵਕ ਰਹਿ ਗਏ ਪਤਰੇ ਜੋ ਆਦਿ ਬੀੜ ਵਿਚ ਹੋਣੇ ਜ਼ਰੂਰੀ ਸਨ ਭਾਈ ਬੰਨੋ ਜੀ ਨੂੰ ਕੋਈ ਲੋੜ ਨਹੀਂ ਸੀ ਕਿ ਉਹ ਨਕਲ ਕਰਾਣ ਵੇਲੇ ਆਪਣੀ ਬੀੜ ਵਿਚ ਖਾਲੀ ਛਡ ਦੇਵੇ। ਕਿਉਂਕਿ ਉਨਾਂ ਨੇ ਤਾਂ ਬੀੜ ਇਕ ਸਿਰੇ ਤੋਂ ਅਖੀਰ ਤਕ ਲਗਾਤਾਰ ਨਕਲ ਕਰਨੀ ਸੀ ਜਿਸ ਨਾਲ ਭਾਈ ਬੰਨੋ ਜੀ ਦਾ ਪੱਤਰਾ ਕ੍ਰਮ ਕੁਦਰਤੀ ਤੌਰ ਤੇ ਬਦਲ ਜਾਣਾ ਸੀ ਤੇ ਇਉਂ ਤਤਕਰਾ ਉਨ੍ਹਾਂ ਨੇ ਬੀੜ ਤੋਂ ਬਾਦ ਹੀ ਲਿਖਣਾ ਸੀ। ਸ਼ੋਕ ਹੈ ਕਰਤਾ ਜੀ ਦਾ ਚਾਨਣ ਉਨ੍ਹਾਂ ਨੂੰ ਵਧੀਕ ਅਨ੍ਹੇਰੇ ਵਿੱਚ ਲੈ ਗਿਆ ਹੈ ਤੇ ਉਨ੍ਹਾਂ ਇਹ ਸ਼ਰਤ ਹੀ ਰਖ ਦਿਤੀ ਹੈ ਕਿ ਜਿਸ ਬੀੜ ਵਿੱਚ ਇਹ ਪਦ 'ਪੋਥੀ ਲਿਖਿ ਪਹੁੰਚੇ' ਹੋਣ ਉਹ ਭਾਈ ਬੰਨੋ ਜੀ ਦੀ ਨਕਲ ਹੈ। ਹਾਲਾਂ ਕਿ ਭਾਈ ਬੰਨੋ ਜੀ ਨੇ ਇਹ ਪਦ ਖੁਦ ਆਦਿ-ਬੀੜ ਦੇ ਵਿਚੋਂ ਨਕਲ ਕੀਤੇ।

ਬਹੁਤੀਆਂ ਲਿਖਤੀ ਬੀੜਾਂ ਜੋ ਕਰਤਾ ਨੇ ਵੇਖੀਆਂ ਹਨ ਉਹ ਭਾਈ ਬੰਨੋ ਜੀ ਦੀ ਬੀੜ ਦੀਆਂ ਨਕਲਾਂ ਹਨ। ਇਸ ਗੱਲ ਨੇ ਕਰਤਾ ਦਾ ਖਿਆਲ ਹੋਰ ਪੱਕਾ ਕਰ ਦਿਤਾ ਹੋਣਾ ਹੈ। ਅਸਲ ਕਾਰਨ ਭਾਈ ਬੰਨੋ ਜੀ ਦੀ ਬੀੜ ਦੀਆਂ ਬਹੁਤੀਆਂ ਨਕਲਾਂ ਹੋਣ ਦਾ ਹੋਰ ਹੈ। ਆਦਿ-ਬੀੜ ਤਾਂ ਪੰਜਵੇਂ ਤੇ ਛੇਵੇਂ ਪਾਤਸ਼ਾਹਾਂ ਵੇਲੇ ਰੋਜ਼ ਸ੍ਰੀ ਹਰਿ ਮੰਦਰ ਸਾਹਿਬ, ਅਮ੍ਰਿਤਸਰ ਜੀ ਵਿਚ ਪ੍ਰਕਾਸ਼ ਹੁੰਦੀ ਸੀ। ਉਸ ਦਾ ਉਤਾਰਾ ਤਾਂ ਸਮਝੋ ਉਨ੍ਹੀਂ ਦਿਨੀਂ ਬਹੁਤ ਮੁਸ਼ਕਲ ਸੀ।

ਭਾਈ ਬੰਨੋ ਜੀ ਦੀ ਬੀੜ ਦਾ ਉਤਾਰਾ ਹਰ ਸਮੇਂ ਹੋ ਸਕਦਾ ਸੀ। ਫਿਰ ਜਦੋਂ ਇਹ ਅਸਲੀ ਆਦਿ ਬੀੜ ਧੀਰਮਲ ਜੀ ਪਾਸ ਗਈ ਤਾਂ ਉਤਾਰੇ ਹੋਰ ਵੀ ਔਖੇ ਹੋ ਗਏ। ਇਸ ਕਾਰਨ ਬਹੁਤੀਆਂ ਪ੍ਰਾਚੀਨ ਬੀੜਾਂ ਭਾਈ ਬੰਨੋ ਵਾਲੀ ਬੀੜ ਦੇ ਹੀ ਉਤਾਰੇ ਹਨ।

'ਗੁਰੂ ਬਾਬਾ' ਨਾਮ ਗੁਰੂ ਗ੍ਰੰਥ ਸਾਹਿਬ ਜੀ ਦਾ ਕਰਤਾਰ ਪੁਰ ਵਾਲੀ ਆਦਿ ਬੀੜ ਵਿਚ ਕਿਤੇ ਵੀ ਨਹੀਂ। ਉਥੇ ਤਾਂ 'ਪੋਥੀ' ਹੀ ਆਇਆ ਹੈ ਅਤੇ ਉਹ ਤਤਕਰੇ ਦੇ ਆਰੰਭ ਵਿਚ ਹੈ।

ਇਸ ਲਈ ਆਪ ਦੀਆਂ ਇਹ ਦੋਵੇਂ ਯੁਕਤੀਆਂ ਜੋ ਵਾਕੰਸ 'ਪੋਥੀ ਲਿਖਿ ਪਹੁਚੇ' ਅਤੇ 'ਗੁਰੂ ਬਾਬਾ' ਪਦ ਦੀ ਵਰਤੋਂ ਤੇ ਨਿਰਭਰ ਰਖਦੀਆਂ ਹਨ, ਕਰਤਾਰਪੁਰ ਵਾਲੀ ਆਦਿ ਬੀੜ ਦੇ ਵਿਰੁਧ ਗਲਤ ਹੋਈਆਂ। ਹੁਣ ਨੌ ਧੁਨਾਂ ਬਾਬਤ ਆਪ ਨੇ ਜੋ ਲਿਖਿਆ ਹੈ ਉਹ ਵੀ ਠੀਕ ਨਹੀਂ।

''(੫) ਭਾਈ ਬੰਨੋ ਦੀ ਬੀੜ ਦੀ ਓਹ ਨਕਲ ਜਿਸ ਤੋਂ ਇਹ ਕਰਤਾਰ ਪੁਰ ਵਾਲੀ ਬੀੜ ਉਤਾਰਾ ਕੀਤੀ ਗਈ, ਉਸ ਵਿਚ ਨੌ ਧੁਨਾਂ ਦਰਜ ਨਹੀਂ ਸਨ। ਉਹ ਧੁਨਾਂ ਦਰਜ ਹੋਣ ਤੋਂ ਪਹਿਲੇ ਨਕਲ ਹੋ ਚੁਕੀ ਸੀ। ਏਸ ਕਰਕੇ ਇਸ ਕਰਤਾਰਪੁਰ ਵਾਲੀ ਬੀੜ ਵਿੱਚ ਵੀ ਪਹਿਲੇ ਨਹੀਂ ਸਨ। ਜਿਵੇਂ ਮਾਂਗਟ-ਵਾਲੀ ਬੀੜ ਵਿਚ ਪਿਛੋਂ ਕਟ ਵਢਕੇ ਧੁਨਾਂ ਚੜ੍ਹਾਈਆਂ, ਉਸੇ ਤਰਾਂ ਏਸ ਕਰਤਾਰ ਪੁਰ ਵਾਲੀ ਬੀੜ ਵਿਚ ਵੀ ਕੀਤਾ ਗਿਆ ਹੈ। ਇਹਨਾਂ ਧੁਨਾਂ ਦਾ ਪਿਛੋਂ ਲਿਖੇ ਜਾਣਾ ਸਾਫ ਨਜ਼ਰ ਆ ਰਿਹਾ ਹੈ।'' ਅਗੇ ਨੋਟ ਵਿਚ ਆਪ ਲਿਖਦੇ ਹਨ। ''ਏਸ ਤੋਂ ਜਾਪਦਾ ਹੈ ਕਿ ਗੁਰੂ ਹਰ ਗੋਬਿੰਦ ਸਾਹਿਬ ਨੇ 'ਧੁਨਾਂ' ਆਦਿ ਬੀੜ ਵਿੱਚ, ਜੋ ਉਹਨਾਂ ਪਾਸ ਸੀ, ਪਿਛੋਂ ਕੀਰਤਪੁਰ ਜਾਕੇ ਵਧਾਈਆਂ।''

ਇਹ ਜੋ ਕੁਝ ਜੀ. ਬੀ. ਸਿੰਘ ਹੋਰਾਂ ਲਿਖਿਆ ਹੈ ਸਭ ਕਪੋਲ ਕਲਪਨਾ ਹੈ। ਕਰਤਾਰਪੁਰ ਵਾਲੀ ਆਦਿ ਬੀੜ ਵਿਚ ਆਸਾ ਤੇ ਮਾਝ ਦੀ ਵਾਰ ਤੋਂ ਬਿਨਾਂ ਸਭ ਧੁਨਾਂ ਉਸੇ ਲਿਖਤ ਵਿਚ

ਨਾਲ ਹੀ ਲਿਖੀਆਂ ਹੋਈਆਂ ਹਨ। ਪਿਛੋਂ ਹੜਤਾਲ ਲਾਕੇ ਜਾਂ ਹਾਸ਼ੀਏ ਤੇ ਨਹੀਂ। ਆਸਾ ਦੀ ਵਾਰ ਦੀ ਧੁਨੀ ਵੀ ਹਾਸ਼ੀਏ ਤੇ ਜਾਂ ਹੜਤਾਲ ⁀ ਲਾਕੇ ਨਹੀਂ। ਪਰ ਵਾਰ ਆਰੰਭ ਕਰਨ ਵੇਲੇ '੧ ੳ ਸਤਿਗੁਰਪ੍ਰਸਾਦਿ ਆਦਿ' ਮੰਗਲਾ ਚਰਨ ਤੋਂ ਪਹਿਲੋਂ ਜੋ ਥਾਂ ਪਿਛਲੇ ਸ਼ਬਦ ਅਤੇ ਵਾਰ ਦੇ ਸਿਰ ਲੇਖ ਦੀ ਸਤਰ ਦੇ ਵਿਚਕਾਰ ਖਾਲੀ ਰਹਿ ਗਈ ਸੀ ਉਸ ਵਿਚ ਬਰੀਕ ਕਲਮ ਨਾਲ ਲਿਖੀ ਹੋਈ ਹੈ ਪਰ ਲਿਖਤ ਭਾਈ ਗੁਰਦਾਸ ਜੀ ਦੀ ਹੀ ਹੈ। ਮਾਝ ਦੀ ਵਾਰ ਦੀ ਧੁਨੀ ਵੀ ਇਸੇ ਤਰਾਂ ਬਰੀਕ ਕਲਮ ਨਾਲ ਲਿਖੀ ਹੋਈ ਹੈ। ਇਸ ਗਲ ਨੂੰ ਹੋਰ ਸਪਸ਼ਟ ਸਮਝਾਣ ਲਈ ਕੁਝ ਇਤਿਹਾਸਕ ਵਾਕਫੀਅਤ ਦੇਣ ਦੀ ਲੋੜ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਤਿਆਰੀ ਜਦੋਂ ਆਰੰਭ ਹੋਈ ਤਦੋਂ ਗੁਰੂ ਹਰਿ ਗੋਬਿੰਦ ਜੀ ਦੀ ਆਯੂ ਅਠ ਕੁ ਸਾਲ ਦੀ ਸੀ। ਛੇਵੀਂ ਪਾਤਸ਼ਾਹੀ ਦਾ ਗੁਰ ਬਿਲਾਸ ਦਸਦਾ ਹੈ ਕਿ ਗੁਰੂ ਅਰਜਨ ਸਾਹਿਬ ਨੇ ਆਪ ਇਨ੍ਹਾਂ ਦਿਨਾਂ ਵਿਚ ਗੁਰੂ ਹਰਿਗੋਬਿੰਦ ਜੀ ਨੂੰ ਆਗਿਆ ਕੀਤੀ ਕਿ ਤੁਸੀਂ ਬਾਈ ਵਾਰਾਂ ਜੋ ਗੁਰੂ ਗ੍ਰੰਥ ਸਾਹਿਬ ਲਈ ਸੰਕਲਤ ਕੀਤੀਆਂ ਹਨ ਉਨ੍ਹਾਂ ਨੂੰ ਸੁਣੋ। ਤੁਸਾਂ ਭਾਈ ਬੁਢਾ ਜੀ ਦੇ ਕਥਨ ਅਨੁਸਾਰ ਧੁਨਾਂ ਕਰਨੇ ਹਨ। ਇਸ ਲਈ ਇਨ੍ਹਾਂ ਵਾਰਾਂ ਵਿਚੋਂ ਜਿਨ੍ਹਾਂ ਤੇ ਤੁਸੀਂ ਪਸੰਦ ਕਰੋ ਧੁਨਾਂ ਚੜ੍ਹਾ ਦਿਓ। ਕਰਤਾ ਪ੍ਰਾਚੀਨ ਬੀੜਾਂ ਨੇ ਜੋ ਹਵਾਲਾ ਗੁਰ ਬਿਲਾਸ ਛੇਵੀਂ ਪਾਤਸ਼ਾਹੀ ਵਿਚੋਂ ਸਫਾ ੨੩੭ ਤੇ ਦਿਤੀ ਹੈ ਉਸ ਨੂੰ ਪੜ੍ਹਿਆਂ ਜੋ ਗੱਲ ਅਸਾਂ ਲਿਖੀ ਹੈ ਸਾਫ ਹੋ ਜਾਂਦੀ ਹੈ। ਹਵਾਲਾ ਇਸ ਪ੍ਰਕਾਰ ਹੈ:—

'ਸ੍ਰੀ ਸਤਿਗੁਰੂ ਦਿਖ ਲਗੋ ਦਿਵਾਨਾ।
ਬੁੱਢੇ ਆਦਿਕ ਸੱਭ ਇਕ ਠਾਨਾ।
ਹਰਿ ਗੋਬਿੰਦ ਕੋ ਕਹਾ ਸੁਨਾਈ।
ਆਗਿਆ ਮੋਰ ਸੁਨੋ ਚਿਤ ਲਾਈ।
ਸਾਹਿਬ ਬੁੱਢੇ ਬਚਨ ਬਖਾਨਾ।

ਤੁਮ ਕਰਨੇ ਯੁਧ ਮਹਾਂ ਭੈਆਨਾ ।
ਗ੍ਰੰਥ ਬੀਚ ਹਮ ਜੋਇ ਲਿਖਾਈ ।
ਬਾਈ ਵਾਰ ਸੁਨਹੁ ਮਨ ਲਾਈ ।
ਮਨ ਪਸੰਦ ਸੁਨ ਵਾਰ ਜੋ ਪਾਵੋ ।
ਤਬੈ ਧੁਨਾਂ ਤੁਮ ਤਾਹਿ ਚੜ੍ਹਾਵੋ ।

'ਆਦਿ–ਬੀੜ', ਜੋ ਕਰਤਾਰਪੁਰ ਵਿਚ ਮੌਜੂਦ ਹੈ, ਉਸ ਵਿਚ ਬਹੁਤੀਆਂ (੭) ਧੁਨਾਂ ਨਾਲ ਹੀ ਲਿਖੀਆਂ ਜਾਣ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਗੁਰੂ ਹਰਿ ਗੋਬਿੰਦ ਜੀ ਨੇ ਇਹ ਧੁਨਾਂ ਸਾਰੀਆਂ ਵਾਰਾਂ ਬੀੜ ਵਿਚ ਦਰਜ ਹੋਣ ਤੋਂ ਪਹਿਲੋਂ ਹੀ ਲੱਭ ਲਈਆਂ ਸਨ। ਕੇਵਲ 'ਆਸਾ ਦੀ ਵਾਰ' ਤੇ 'ਮਾਝ ਦੀ ਵਾਰ' ਦੀਆਂ ਧੁਨਾਂ ਉਨ੍ਹਾਂ ਦੇ ਲਿਖੇ ਜਾਣ ਮਗਰੋਂ ਲੱਭੀਆਂ ਜੋ ਭਾਈ ਗੁਰਦਾਸ ਜੀ ਨੇ ਪਿਛੋਂ ਬਰੀਕ ਕਲਮ ਨਾਲ ਖਾਲੀ ਥਾਂ ਜਾਂ ਪਾਲਾਂ ਦੇ ਵਿਚਕਾਰ ਲਿਖ ਦਿਤੀਆਂ। ਇਨਾਂ ਦੋਹਾਂ ਵਾਰਾਂ ਦੀਆਂ ਧੁਨਾਂ ਪਿਛੋਂ ਚੜ੍ਹਨ ਕਰਕੇ ਇਹ ਗੱਲ ਪ੍ਰਸਿਧ ਹੋ ਗਈ ਕਿ ਧੁਨਾਂ ਇਨਾਂ ਦੋਹਾਂ ਵਾਰਾਂ ਦੀਆਂ ਪਿਛੋਂ ਚੜ੍ਹੀਆਂ ਹਨ। ਹੌਲੀ ਹੌਲੀ ਇਨਾਂ ਦੋਹਾਂ ਵਾਰਾਂ ਦਾ ਚੇਤਾ ਭੁਲਕੇ ਇਹ ਗੱਲ ਆਖੀ ਜਾਣ ਲਗ ਪਈ ਕਿ ਸਾਰੀਆਂ ਧੁਨਾਂ ਹੀ ਪਿਛੋਂ ਚੜ੍ਹਾਈਆਂ ਗਈਆਂ ਸਨ। ਪਰ ਵਾਸਤਵ ਵਿਚ ਇਹ ਗਲ ਨਹੀਂ। ਇਸ ਲਈ ਜੀ. ਬੀ. ਸਿੰਘ ਹੋਰਾਂ ਜੋ ਕਲਪਨਾ ਇਸ ਆਧਾਰ ਤੇ ਕੀਤੀ ਹੈ ਕਿ ਭਾਈ ਬੰਨੋ ਸਾਹਿਬ ਦੀ ਬੀੜ ਦੀ ਇਹ ਕਰਤਾਰਪੁਰ ਵਾਲੀ ਬੀੜ ਇਕ ਨਕਲ ਹੋਣ ਕਰਕੇ ਧੁਨਾਂ ਇਸ ਬੀੜ ਵਿਚ ਮਗਰੋਂ ਹੜਤਾਲ ਆਦਿ ਲਾ ਕੇ ਲਿਖੀਆਂ ਗਈਆਂ ਉਹ ਅਸਲੀਅਤ ਦੀ ਨੀਂਹ ਤੇ ਨਾ ਹੋਣ ਕਰਕੇ ਨਿਰੋਲ ਨਿਰਮੂਲ ਸਾਬਤ ਹੋ ਗਈ। 'ਪ੍ਰਾਚੀਨ ਬੀੜਾਂ' ਦੇ ਕਰਤਾ ਨੇ ਇਹ ਬਨਾਵਟ ਇਸ ਵਾਸਤੇ ਘੜ ਲਈ ਹੈ ਕਿ ਉਹ ਇਹ ਸਾਬਤ ਕਰ ਸਕੇ ਕਿ ਕਰਤਾਰਪੁਰ ਵਾਲੀ ਬੀੜ ਭਾਈ ਗੁਰਦਾਸ ਜੀ ਦੀ ਲਿਖਤ ਨਹੀਂ।

ਅਗੇ ਹੁਣ ਸੰਮਤ ਬਾਬਤ ਜੋ ਮਨਘੜਤ ਗੱਲਾਂ ਲਿਖੀਆਂ ਹਨ ਉਨ੍ਹਾਂ ਦੀ ਪੁਣ ਛਾਣ ਕੀਤੀ ਜਾਂਦੀ ਹੈ। ਆਪ ਲਿਖਦੇ ਹਨ:—

"(੬) K ੨ ਦੇ ਲਿਖੇ ਜਾਣ ਦਾ ਸੰਮਤ ਵੀ ਉਸ ਵਿਚ ਦਿੱਤਾ ਸੀ। ਏਸ ਨੂੰ ਭੀ ਬਦਲਕੇ ਵਾਕਿਆਤ ਦੇ ਨੇੜੇ ਲਿਆਉਣਾ ਜ਼ਰੂਰੀ ਸੀ। ਇਹ ਨਿਹਸੰਦੇਹ ਮਲੂਮ ਸੀ ਕਿ ਗੁਰੂ ਅਰਜਨ ਦੇਵ ਸੰਮਤ ੧੬੬੩ ਵਿਚ ਸਮਾਏ ਸਨ, ਸੋ ਏਸ ਬੀੜ ਦੇ 'ਆਦਿ–ਬੀੜ' ਬਨਣ ਲਈ ਇਹ ਜ਼ਰੂਰੀ ਸੀ ਕਿ K ੨ ਵਿਚ ਲਿਖਿਆ ਸੰਮਤ ੧੬੬੩ ਤੋਂ ਪਹਿਲੇ ਦਾ ਹੋਣਾ ਚਾਹੀਏ। ਸੋ ਪਹਿਲੇ ਲਿਖੇ ਸੰਮਤ ਨੂੰ ਥੋੜੀ ਤਬਦੀਲੀ ਕਰਕੇ ਜੇ ਇਹ ਕੰਮ ਬਣ ਜਾਏ ਤਾਂ ਕਿਉਂ ਨਾ ਕੀਤਾ ਜਾਏ। ਮਹੀਨਾ ਤੇ ਥਿਤ ਬਦਲਨ ਦੀ ਕੋਈ ਲੋੜ ਹੀ ਨਹੀਂ ਸੀ। ਆਓ ਹੁਣ ਦੇਖੀਏ ਕਿ ਓਹ ਸੰਮਤ ਕਿਹੜਾ ਸੀ ਜਿਸਨੂੰ ਬਦਲਕੇ ਸੰਮਤ ੧੬੬੧ ਬਨਾਇਆ ਗਿਆ।"

(ਇਸ ਸੰਬੰਧੀ ਇਕ ਹੋਰ ਨੋਟ ਆਪ ਨੇ ਦਿਤਾ ਹੈ "ਚੰਗੇ ਮੈਗਨੀਫਾਈਇੰਗ ਗਲਾਸ ਨਾਲ ਇਹ ਤਬਦੀਲੀ ਨਜ਼ਰ ਆ ਜਾਣੀ ਚਾਹੀਏ, ਅਤੇ ਸੰਮਤ ਪੁਰ ਜੇ ਅਸੀ ਸੌਲਯੂਸ਼ਨ ਲਗਾ ਸਕੀਏ, ਤਦ ਨਵੀਂ ਅਤੇ ਪੁਰਾਣੀ ਸਿਆਹੀ ਦਾ ਫਰਕ ਵੀ ਨਜ਼ਰ ਆ ਜਾਏ)"।

ਇਸ ਸੰਬੰਧੀ ਅਸੀ ਇਤਨਾ ਹੀ ਦੱਸ ਦੇਣਾ ਚਾਹੁੰਦੇ ਹਾਂ ਕਿ ਸੰਮਤ ੧੬੬੧ ਦੇ ਚਵ੍ਹਾਂ ਹੀ ਅੰਕਾਂ ਵਿਚ ਕਿਸੇ ਕਿਸਮ ਦੀ ਕੋਈ ਭੰਨ-ਘੜ ਨਹੀਂ। ਜਦੋਂ ੪ ਅਕਤੂਬਰ ੧੯੪੫ ਨੂੰ ਸ਼ਰੋਮਣੀ ਗੁਰਦੁਵਾਰਾ ਪ੍ਰਬੰਧ ਕਮੇਟੀ ਦੇ ਧਾਰਮਿਕ ਸਲਾਹਕਾਰਾਂ ਦੀ ਸਬ ਕਮੇਟੀ ਦੇ ਇਕ ਮੈਂਬਰ ਦੀ ਹੈਸੀਅਤ ਵਿਚ ਅਸੀ ਆਦਿ–ਬੀੜ ਦੇ ਦਰਸ਼ਨਾਂ ਲਈ ਕਰਤਾਰ ਪੁਰ ਗਏ ਤਾਂ ਅਸਾਡੇ ਪਾਸ ਦੋ ਚੰਗੇ ਮੈਗਨੀਫਾਈਇੰਗ ਗਲਾਸ (ਖੁਰਦਬੀਨਾਂ) ਸਨ ਪਰ ਉਨ੍ਹਾਂ ਦੀ ਵਰਤੋਂ ਦੀ ਕੋਈ ਲੋੜ ਨਾ ਪਈ ਕਿਉਂਕਿ ਸਬ ਕਮੇਟੀ ਦੇ ਕਿਸੇ ਮੈਂਬਰ ਨੂੰ ਕਿਸੇ ਕਿਸਮ ਦਾ ਕੋਈ ਸ਼ਕ ਨਾ ਪਿਆ। ਸੋ ਇਹ

ਗੱਲ ਵੀ ਆਪ ਦੀ ਨਿਰੋਲ ਮਨ ਘੜਤ ਹੈ।

ਇਸੇ ਸੰਬੰਧੀ ਆਪ ਅਗੇ ਲਿਖਦੇ ਹਨ, 'ਗੁਰੂ ਹਰਗੋਬਿੰਦ ਸਾਹਿਬ ਸੰਮਤ ੧੬੯੯-੯੯ ਵਿਚ ਕੀਰਤਪੁਰ ਗਏ ਹਨ, ਜਿਥੇ ਸੰਮਤ ੧੬੯੫ ਵਿਚ ਬਾਬਾ ਗੁਰਦਿਤਾ ਜੀ ਛੋਟੀ ਉਮਰ ਵਿਚ ਹੀ ਚਲ ਬਸੇ। ਉਹਨਾਂ ਦੀ ਵਿਧਵਾ ਨਿਹਾਲ ਕੌਰ ਕੀਰਤਪੁਰ ਵਿਚ ਗੁਰੂ ਸਾਹਿਬ ਪਾਸ ਰਹਿਣਾ ਨਹੀਂ ਸੀ ਚਾਹੁੰਦੀ, ਕਰਤਾਰਪੁਰ ਆਪਣੇ ਪੇਕੇ ਆਕੇ ਰਹਿਣਾ ਪਸੰਦ ਕਰਦੀ ਸੀ। ਕੁਛੜ ਵਰ੍ਹੇ ਡੇਢ ਦਾ ਪੁਤ ਧੀਰਮਲ ਸੀ। ਬਾਬਾ ਗੁਰਦਿਤਾ ਦੇ ਪਿਛੋਂ ਗੁਰ ਗੱਦੀ ਦਾ ਹਕ ਉਸਨੂੰ ਪਹੁੰਚਦਾ ਸੀ। ਸੋ ਇਸ ਬਿਨਾ ਪੁਰ ਉਸ ਨੇ ਲੋਕਾਂ ਦੇ ਸਿਖਾਏ ਪੜ੍ਹਾਏ ਕਰਤਾਰ ਪੁਰ ਵਿੱਚ ਵਖਰੀ ਗੁਰਗੱਦੀ ਧੀਰਮਲ ਦੇ ਨਾਮ ਪੁਰ ਕਾਇਮ ਕਰਨੀ ਚਾਹੀ। ਗੁਰੂ ਸਾਹਿਬ (ਸੌਹਰੇ) ਪਾਸੋਂ ਗ੍ਰੰਥ ਸਾਹਿਬ ਦੀ 'ਆਦਿ-ਬੀੜ' ਮੰਗੀ ਜੋ ਉਨਾਂ ਨਾ ਦਿਤੀ। ਇਹ ਮੌਕਿਆ ਸੀ ਜਦ ਗੱਦੀ ਲਈ (ਗੁਰੂ) ਗ੍ਰੰਥ ਸਾਹਿਬ ਦੀ ਲੋੜ ਸੀ। ਸੋ ਇਕ ਉਤਾਰਾ ਹੋਇਆ ਤੇ ਉਹ ਸੰਮਤ ੧੭੯੭ (?੧੬੯੭) ਵਿਚ ਮੁੱਕਾ। ਇਹ ਇਥੋਂ ਦੀ ਪਹਿਲੀ ਬੀੜK ੧ ਸੀ। ਜਦ ਏਸ K ੧ ਨੂੰ K ੨ ਵਿਚ ਬਦਲਿਆ ਗਿਆ, ਤਦ ਇਹੋ ਸੰਮਤ ੧੭੯੭ (? ੧੬੯੭) ਉਸ ਵਿਚ ਨਕਲ ਕਰ ਲਿਆ ਗਿਆ। ਉਸ ਵਕਤ ਤਕ ਕੋਈ ਧਿਆਨ ਏਸ ਨੂੰ 'ਆਦਿ-ਬੀੜ' ਮਸ਼ਹੂਰ ਕਰਨ ਦਾ ਨਹੀਂ ਸੀ। K੧ ਨੂੰ K੨ ਵਿਚ ਕਿਉਂ ਬਦਲਿਆ ? ਏਸਦਾ ਸਬੱਬ ਅਸੀ ਹੇਠਾਂ ਦੱਸਦੇ ਹਾਂ''।

ਹੁਣ ਆਮ ਪ੍ਰਸਿਧ ਇਤਿਹਾਸ, ਜਿਸ ਦਾ ਸੰਖੇਪ ਅਸੀ ਉਪਰ ਦੇ ਆਏ ਹਾਂ ਇਹ ਦੱਸਦਾ ਹੈ ਕਿ ਕੀਰਤਪੁਰ ਵਿੱਚ ਰਿਹਾਇਸ਼ ਗੁਰੂ ਹਰ ਗੋਬਿੰਦ ਸਾਹਿਬ ਨੇ ਕਰਤਾਰਪੁਰ ਵਾਲੇ ਚੌਥੇ ਯੁਧ ਮਗਰੋਂ ਅਖਤਿਆਰ ਕੀਤੀ। ਇਸ ਯੁਧ ਦੀ ਤ੍ਰੀਕ ਮੈਕਾਲਿਫ ਸੰਮਤ ੧੬੯੧, ੨੪ ਹਾੜ ਲਿਖਦਾ ਹੈ। ਬਾਬਾ ਗੁਰਦਿਤਾ ਜੀ ਜ਼ਰੂਰ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਪਹਿਲੋਂ ਹੀ ਕੀਰਤਪੁਰ ਚਲੇ

ਗਏ ਸਨ ਅਤੇ ਗੁਰੂ ਹਰਿਰਾਇ ਜੀ ਦਾ ਜਨਮ ਮਾਘ ਸੁਦੀ [illegible] ਸੰਮਤ ੧੬੮੭ ਨੂੰ ਉਥੇ ਹੀ ਹੋਇਆ। ਬਾਬਾ ਗੁਰਦਿਤਾ ਜੀ ਸੰਮਤ ੧੬੯੫ ਵਿਚ ਸਮਾਏ ਜਦੋਂ ਉਨਾਂ ਦੀ ਉਮਰ ੨੪ ਸਾਲ ਦੀ ਸੀ। ਗੁਰੂ ਹਰਿਰਾਇ ਜੀ ਓਦੋਂ ਅੱਠ ਸਾਲ ਦੇ ਸਨ। ਧੀਰਮਲ ਉਨਾਂ ਨਾਲੋਂ ਵਡੇ ਸਨ। ਉਹ ਜ਼ਰੂਰ ਦਸ ਯਾਰਾਂ ਸਾਲ ਦੇ ਹੋਣ ਗੇ। ਕਰਤਾ ਪ੍ਰਾਚੀਨ ਬੀੜਾਂ ਦਾ ਲਿਖਦਾ ਹੈ ਕਿ ਬਾਬਾ ਗੁਰਦਿਤਾ ਜੀ ਦੇ ਸਮਾਉਣ ਮਗਰੋਂ ਮਾਤਾ ਨਿਹਾਲ ਕੌਰ (ਨੱਤੀ) ਡੇਢ ਦੋ ਸਾਲ ਦਾ ਧੀਰਮਲ ਕੁਛੜ ਲੈਕੇ ਕਰਤਾਰ ਪੁਰ ਆਈ। ਇਹ ਕਿਸ ਤਰਹ ਠੀਕ ਹੋ ਸਕਦਾ ਹੈ ਜਦੋਂ ਕਿ ਧੀਰਮਲ ਜੀ ਬਾਬਾ ਗੁਰਦਿਤਾ ਜੀ ਦੇ ਸਮਾਉਣ ਵੇਲੇ ਘਟੋ ਘਟ ਦਸ ਸਾਲ ਦੇ ਸਨ। ਧੀਰਮਲ ਨੂੰ ਗੁਰੂ ਥਾਪਣ ਲਈ ਇਕ ਬੀੜ ਦੀ ਲੋੜ ਸੀ, ਸੋ ਇਕ ਉਤਾਰਾ ਹੋਇਆ। ਕਰਤਾ ਇਹ ਨਹੀਂ ਦੱਸਦਾ ਕਿਹੜੀ ਬੀੜ ਤੋਂ। ਇਹ ਉਤਾਰਾ ਸੰਮਤ ੧੭੯੭ ਵਿੱਚ ਮੁੱਕਾ। ਪਰੰਤੂ ਅਸਾਨੂੰ ਸ਼ਕ ਹੈ ਕਿ ਇਹ ਸੰਮਤ ੧੭੯੭ ਛਾਪੇ ਦੀ ਗਲਤੀ ਹੈ, ਕਰਤਾ ਦਾ ਭਾਵ ੧੬੯੭ ਹੈ। ਭਾਵੇਂ ਦੋ ਵੇਰ ੧੭੯੭ ਹੀ ਛਪਿਆ ਹੋਇਆ ਹੈ। ੧੭੯੭ ਤਕ ਤਾਂ ਧੀਰਮਲ ਜੀ ਤੇ ਉਨਾਂ ਦੀ ਮਾਤਾ ਚਿਰੋਕਨੇ ਗੁਜ਼ਰ ਚੁਕੇ ਸਨ। ਜੇ ਕਰਤਾ ਦਾ ਸੱਚ ਮੁੱਚ ਭਾਵ ੧੭੯੭ ਹੈ ਤਾਂ ਸਾਰਾ ਲੇਖ ਹੀ ਇਕ ਵਡਾ ਹਾਸੋਹੀਣਾ ਹੋ ਜਾਂਦਾ ਹੈ, "ਜਦ K੧ ਨੂੰ K੨ ਵਿਚ ਬਦਲਿਆ ਗਿਆ ਤਦ ਇਹੋ ਸੰਮਤ ੧੬੯੭ ਉਸ ਵਿਚ ਨਕਲ ਕਰ ਲੀਤਾ ਗਿਆ। ਅਸਾਨੂੰ ਇਸ ਫਿਕਰੇ ਦੀ ਸਮਝ ਨਹੀਂ ਪਈ। K੧ ਬੀੜ ੧੬੯੭ ਵਿਚ ਹੀ ਪਹਿਲੋਂ ਜੀ. ਬੀ. ਸਿੰਘ ਹੋਰਾਂ ਦੇ ਲਿਖੇ ਅਨੁਸਾਰ ਨਕਲ ਹੋਈ। ਫਿਰ ਇਸ ਨੂੰ K੨ ਵਿਚ ਬਦਲਣ ਦਾ ਕੀ ਭਾਵ ਹੈ ? ਕੀ K੨ ਬੀੜ K੧ ਬੀੜ

---

* ਸਫਾ ੨੭੧ ਪੁਰ ਕਰਤਾ ਨੇ ਇਹ ਪਹਿਲੀ ਨਕਲ ੧੬੯੭ ਦੀ ਮੰਨੀ ਹੈ।

ਤੋਂ ਨਕਲ ਕੀਤੀ ਗਈ ? ਯਾ K੧ ਵਿਚ ਕੁਝ ਅਦਲਾ ਬਦਲੀ ਕਰਕੇ ਉਸਨੂੰ K੨ ਬਣਾਇਆ ਗਿਆ ? ਜੇ K੧ ਵਿਚ ਅਦਲਾ ਬਦਲੀ ਕੀਤੀ ਗਈ* ਤਾਂ ਫਿਰ ਉਸ ਵਿਚ ਸੰਮਤ ੧੬੯੭ ਤਾਂ ਅਗੇ ਹੀ ਮੌਜੂਦ ਸੀ । ਸੰਮਤ ਨਵੇਂ ਸਿਰੇਂ ਨਕਲ ਕਰਨ ਦਾ ਕੀ ਅਰਥ ? ਅਗੇ ਆਪ ਅੰਕ (੧) ਵਿਚ ਲਿਖ ਚੁਕੇ ਹਨ ਕਿ ਕਰਤਾਰ-ਪੁਰ ਵਾਲੀ ਬੀੜ ਸੰਮਤ ੧੭੩੩ ਤੋਂ ਪਹਿਲਾਂ ਦੀ ਪ੍ਰਾਚੀਨ ਬੀੜਾਂ ਵਿਚੋਂ ਨਹੀਂ ਹੋ ਸਕਦੀ । ਹੁਣ ਲਿਖਦੇ ਹਨ ਇਸਦਾ ਅਸਲੀ ਨੁਸਖਾ ਧੀਰਮਲ ਜੀ ਨੂੰ ਗੁਰੂ ਅਸਥਾਪਨ ਕਰਨ ਲਈ ਨਕਲ ਕੀਤਾ ਗਿਆ ਜੋ ਉਤਾਰਾ ਆਪ ਦੇ ਲਿਖੇ ਅਨੁਸਾਰ ੧੬੯੭ ਵਿਚ ਹੋਇਆ । ਕੇਹੀਆਂ ਬੇਥਵੀਆਂ ਠੋਕੀ ਜਾ ਰਹੇ ਹਨ । ਪਰ ਇਸ ਤੋਂ ਵੀ ਵਧ ਕਪੋਲ ਕਲਪਨਾ ਆਪ ਨੇ ਹੋਰ ਕੀਤੀ ਹੈ ।

"(੭) ਬਾਬਾ ਬੰਦਾ ਦੇ ਹੇਠਾਂ 'ਖਾਲਸਾ' ਆਪਣਾ ਬਲ ਵਿਖਾ ਚੁਕਾ ਸੀ ਅਤੇ 'ਖਾਲਸਾ' ਦਾ ਫਿਰਕਾ ਗੁਰੂ ਨਾਨਕ ਦੇ ਨਾਮ-ਲੇਵਾਂ ਵਿਚ ਆਮ ਪਸੰਦ ਹੋ ਰਿਹਾ ਸੀ । ਅਤੇ ਏਸ 'ਖਾਲਸਾ' ਨੂੰ ਅਮ੍ਰਿਤ ਛਕਨ ਵੇਲੇ ਹੁਕਮ ਹੁੰਦਾ ਸੀ ਕਿ ਮੀਣੇ, ਧੀਰਮਲੀਏ, ਰਾਮਰਾਈਏ ਤੇ ਮਸੰਦੀਏ ਇਹਨਾਂ ਨਾਲ ਨਹੀਂ ਮਿਲਣਾ, ਨਾਂ ਹੀ ਵਰਤਨਾ । ਪਰ ਹੁਣ ਦਿਨੋਂ ਦਿਨ ਖਾਲਸਾ ਵਧ ਫੁਲ ਰਿਹਾ ਸੀ, ਰਾਜ ਸੰਭਾਲਦਾ ਜਾ ਰਿਹਾ ਸੀ, ਅਤੇ ਡੇਰੇ ਦਾਰਾਂ ਦੀਆਂ ਰੋਟੀਆਂ ਉਸ ਖਾਲਸੇ ਦੇ ਕਦਮਾਂ ਦੀ ਖਾਤਰ ਸਨ । ਸੋ ਸਮੇ ਦੀ ਨੀਤੀ ਇਹ ਮੰਗਦੀ ਸੀ ਕਿ ਡੇਰੇਦਾਰ ਆਪਣੇ ਆਪ ਨੂੰ ਖਾਲਸਾ ਦੇ ਮੁਤਾਬਿਕ ਢਾਲ ਲੈਣ । ਪਹਿਲੋਂ ਇਹ ਲੋਕ ਸਤਵੇਂ,

---

*ਇਹ ਗੱਲ ਕਰਤਾ ਨੇ ਆਪ ਅਗੇ ਅੰਕ (੭) ਵਿਚ ਮੰਨੀ ਹੈ ।

[illegible] ਜਾਣਦੇ ਸਨ । ਤੇ ਉਹਨਾਂ ਨੂੰ ਗੁਰੂ [illegible] ਮੰਨਦੇ, ਸਗੋਂ ਮਾੜੇ ਸ਼ਬਦਾਂ ਨਾਲ ਯਾਦ ਕਰਦੇ ਸਨ [illegible] ਗੱਲਾਂ ਵਿਚ ਧੀਰਮਲੀਏ ਮੋਹਰੀ ਸਨ । ਖਾਲਸੇ ਨਾਲ ਰਜਾਵੰਦਗੀ ਜਾਂ ਸੁਲਹ ਸਫਾਈ ਲਈ ਪਹਿਲੀ [illegible] ਇਹ ਸੀ ਕਿ ਧੀਰਮਲੀਏ ਨਾਵੀਂ ਅਤੇ ਦਸਵੀਂ ਪਾਤਸ਼ਾਹੀ ਨੂੰ ਗੁਰੂ ਮੰਨਣ, ਅਤੇ ਨਾਵੇਂ ਮਹਲ ਦੀ ਬਾਣੀ ਦਰਜ ਕਰ ਕੇ ਆਪਣਾ ਗ੍ਰੰਥ ਸਾਹਿਬ, ਖਾਲਸਾ ਦੇ ਗ੍ਰੰਥ ਸਾਹਿਬ ਦੇ ਮੁਤਾਬਿਕ ਕਰ ਲੈਣ, ਅਤੇ ਹੋਰ ਜ਼ਾਹਰੀ ਸੂਰਤ ਆਦਿ ਬਾਰੇ ਵਿਚ ਉਹਨਾਂ ਵਰਗੇ ਹੋ ਜਾਣ, ਹੋ ਸਕੇ ਤਾਂ ਅੰਮ੍ਰਿਤ ਛਕ ਕੇ ਖਾਲਸਾ ਹੀ ਬਣ ਜਾਣ । ਇਸ ਲਈ ਆਪਣੀ ਗੱਦੀ ਦੀ ਪੁਰਾਣੀ ਬੀੜ K੧ ਨੂੰ ਲੈ ਕੇ ਉਸ ਵਿਚ ਨਾਵੇਂ ਗੁਰੂ ਦੀ ਬਾਣੀ ਨੂੰ ਦਸਮ ਪਾਤਸ਼ਾਹ ਦੇ ਦੋਹਿਰੇ ਸਮੇਤ ਦਰਜ ਕਰ ਲਿਆ । ਇਹ ਪਹਿਲਾ ਕਦਮ ਸੀ ਜੋ ਧੀਰਮਲੀਆਂ ਨੇ ਖਾਲਸੇ ਨਾਲ ਰਜਾਵੰਦਗੀ ਲਈ ਚੁਕਿਆ ।

"ਪ੍ਰਾਚੀਨ ਬੀੜਾਂ ਵਿਚ ਇਹ ਬਾਣੀ ਇਕੱਠੀ [illegible] [illegible] ਪਾਈ ਗਈ ਸੀ, ਅਤੇ ਕਰਤਾਰਪੁਰ ਵਾਲੀ ਬੀੜ ਵਿਚ ਇਹ ਗੱਲ ਨਹੀਂ ਹੋਈ । ਇਹ ਗੱਲ ਕਿ ਗੁਰੂ ਅਰਜਨਦੇਵ ਨੇ ਪਹਿਲੋਂ ਹੀ ਸ਼ਬਦਾਂ ਦੇ ਵਿਚਾਲੇ ਕੋਰੀਆਂ ਥਾਵਾਂ ਛਡੀਆਂ ਹੋਈਆਂ ਸਨ, ਜਿਥੇ ਇਹ ਬਾਣੀ ਮਿਣਵੀਂ ਭਰਵੀਂ ਸਮਾ ਗਈ, ਇਹ ਕਥਨ ਇਕ ਬੱਚਿਆਂ ਵਾਲੀ ਕਹਾਣੀ ਹੈ । ਅਸਲ ਗੱਲ ਇਉਂ ਦਿਸਦੀ ਹੈ ਕਿ ਪੁਰਾਣੇ ਵਰਕੇ ਕਢਕੇ ਉਹਨਾਂ ਦੀ ਥਾਂ ਨਵੇਂ ਲਿਖ ਕੇ ਪਾ ਦਿਤੇ, ਜਿਸ ਕਰਕੇ ਕੋਰੀਆਂ ਥਾਵਾਂ ਜੋ ਹੁਣ ਭੀ ਮੌਜੂਦ ਹਨ, ਵਿਚ ਵਿਚ ਰਹਿ ਗਈਆਂ ।"

ਇਸਦੇ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਧੀਰਮਲ ਦੇ ਕੇਸ ਰਖ ਕੇ ਅੰਮ੍ਰਿਤ ਛਕ ਕੇ ਸਿੰਘਾਂ ਨਾਲ ਰਲ ਗਏ ਪਰ [illegible]

ਬੇਈਮਾਨੀ ਕਰਤਾ 'ਪ੍ਰਾਚੀਨ ਬੀੜਾਂ' ਦੇ ਚਤੁਰ ਦਿਮਾਗ਼ ਨੇ ਸੋਚੀ ਹੈ ਉਨ੍ਹਾਂ ਗ਼ਰੀਬਾਂ ਦੇ ਦਿਮਾਗ਼ ਵਿਚ ਨਹੀਂ ਆਈ । ਉਹ ਆਪਣੇ ਵਡੇ ਗੁਰੂ ਅਰਜਨ ਸਾਹਿਬ ਲਈ ਕਰਤਾ ਨਾਲੋਂ ਬਹੁਤ ਵਧੀਕ ਸ਼ਰਧਾ ਵਾਲੇ ਸਨ । ਖ਼ਾਲਸਾ ਬਣ ਜਾਣ ਤੇ ਵੀ ਉਨ੍ਹਾਂ ਆਦਿ-ਬੀੜ ਨੂੰ ਜਿਉਂ ਕਾ ਤਿਉਂ ਸੰਭਾਲ ਕੇ ਰਖਿਆ ਹੈ । ਉਸ ਬੀੜ ਵਿਚ ਜਿਸ ਤਰਾਂ ਅਸੀਂ ਉਪਰ ਲਿਖ ਚੁਕੇ ਹਾਂ ਇਕ ਵੀ ਸ਼ਬਦ ਨਾਵੇਂ ਗੁਰੂ ਜੀ ਦਾ ਅੱਜ ਤੀਕ ਕਿਸੇ ਨਹੀਂ ਚੜ੍ਹਾਇਆ । ਗੁਰੂ ਦਾ ਸ਼ੁਕਰ ਹੈ ਕਿ ਇਹ ਬੀੜ ਧੀਰਮਲੀਆਂ ਪਾਸ ਸੀ ਉਨ੍ਹਾਂ ਦੀ ਮੁਸਲਮਾਨਾਂ ਨਾਲ ਸੁਲਹ ਸੀ ਇਸ ਲਈ ਬਚੀ ਰਹੀ । ਜੇ ਖ਼ਾਲਸੇ ਪਾਸ ਹੁੰਦੀ ਤਾਂ ਜੁੱਧਾਂ ਜੰਗਾਂ ਵਿਚ ਖਬਰ ਨਹੀਂ ਇਸ ਦਾ ਕੀ ਹਾਲ ਹੁੰਦਾ ।

ਬਾਕੀ ਰਿਹਾ ਕਿ ਇਹ ਕੋਰੀਆਂ ਥਾਵਾਂ ਕਿਉਂ ਹਨ । ਇਹ ਹੀ ਤਾਂ ਦੱਸਦਾ ਹੈ ਕਿ ਇਹ ਬੀੜ ਅਸਲੀ ਹੈ । ਅਸੀਂ ਅਗੇ ਦੱਸ ਚੁਕੇ ਹਾਂ ਕਿ ਭਾਈ ਗੁਰਦਾਸ ਜੀ ਨੇ ਚਾਰ ਚਾਰ ਜਾਂ ਅੱਠ ਅੱਠ ਪਤ੍ਰਿਆਂ ਦੀਆਂ ਜੁਜ਼ਾਂ ਬਣਾ ਲਈਆਂ ਸਨ ਤੇ ਸਾਰੇ ਕੋਰੇ ਪਤ੍ਰੇ ਅੰਕ ਦਿਤੇ ਸਨ । ਰਾਗ ਰਾਗ ਦੇ ਸ਼ਬਦ ਅਡ ਅਡ ਜੁਜ਼ਾਂ ਤੇ ਲਿਖਦੇ ਗਏ । ਜਿਹੜੇਪਤ੍ਰੇ ਖਾਲੀ ਰਹਿ ਗਏਉਹ ਰਹਿ ਗਏ । ਇਹ ਲਿਖੇ ਤੇ ਕੋਰੇ ਪਤ੍ਰੇ ਬੀੜ ਵਿਚ ਆ ਹੀ ਜਾਣੇ ਸਨ । ਨਾਲੇ ਗੁਰੂ ਅਰਜਨ ਸਾਹਿਬ ਅਜੇ ਸਾਮਰਤਖ ਬੈਠੇ ਸਨ । ਸ਼ਾਇਦ ਉਹ ਹੋਰ ਬਾਣੀ ਉਚਾਰਣ ਤੇ ਉਹ ਵੀ ਵਿਚ ਦਰਜ ਹੋ ਜਾਏ । ਇਹ ਹੋ ਸਕਦਾ ਹੈ ਕਿ ਉਸੇ ਵੇਲੇ ਉਨ੍ਹਾਂ ਆਵਣ ਵਾਲੇ ਸਤਿਗੁਰਾਂ ਦੀ ਬਾਣੀ ਦਾ ਵੀ ਖਿਆਲ ਕੀਤਾ ਹੋਵੇ, ਪਰ ਇਸ ਬੀੜ ਨੂੰ ਗਹੁ ਨਾਲ ਵੇਖਿਆਂ ਇਹ ਸਹੀ ਹੋ ਜਾਂਦਾ ਹੈ ਕਿ ਗਿਣ ਮਿਥ ਕੇ ਕੋਰੀ ਥਾਂ ਕਿਤੇ ਨਹੀਂ ਛਡੀ ਗਈ । ਅਡ ਅਡ ਸੰਚੀਆਂ ਤੇ ਬਾਣੀ ਲਿਖਦਿਆਂ ਜੋ ਪਤ੍ਰੇ ਖਾਲੀ ਰਹਿ ਗਏ ਉਹ ਸਾਰੇ ਬੀੜ ਵਿਚ ਆ ਗਏ । ਹੁਣ ਅਗੇ

ਹੋਰ ਨਵੀਆਂ ਘਾੜਤਾਂ ਵੇਖੋ । ਜੀ. ਬੀ. ਸਿੰਘ ਜੀ ਲਿਖਦੇ ਹਨ:—

"(੮) ਇਹ ਤਬਦੀਲੀ ਕਦ ਹੋਈ, ਅਰਥਾਤ K੧ ਤੋਂ K੨ ਕਦ ਬਣਿਆ, ਏਸ ਗਲ ਦੇ ਨਿਰਣਯ ਲਈ ਚਿੰਨ੍ਹ ਮੌਜੂਦ ਹਨ ।

(ਓ) ਏਸ ਬੀੜ ਵਿਚ ਪਹਿਲੇ ਛੇ ਗੁਰੂਆਂ ਅਤੇ ਬਾਬਾ ਗੁਰਦਿਤਾ ਦੇ ਚਲਾਣੇ ਦੀਆਂ ਥਿਤਾਂ ਦਰਜ ਹਨ । ਜੇ ਤਾਂ ਇਹ ਇਕ ਹਥ ਦੀਆਂ ਲਿਖੀਆਂ ਹਨ ਤਦ ਮਾਮਲਾ ਹੀ ਹੀ ਸਾਫ ਹੈ ਅਤੇ ਹੈ ਭੀ ਇਸੇ ਤਰਾਂ, ਜਿਥੋਂ ਤਕ ਸਾਨੂੰ ਮਲੂਮ ਹੋ ਸਕਿਆ ਹੈ । 'ਆਦਿ-ਬੀੜ' ਵਿਚ ਸਿਰਫ ਪਹਿਲੇ ਚਾਰ ਗੁਰੂਆਂ ਦੀਆਂ ਥਿਤਾਂ ਹੋ ਸਕਦੀਆਂ ਸਨ ਤੇ ਹੈ ਸਨ ਜਿਸ ਤਰਾਂ ਕਿ ਬੂੜੇ ਸੰਧੂ ਵਾਲੀ ਬੀੜ ਅਤੇ ਹੋਰ ਬੀੜਾਂ ਤੋਂ ਸਿੱਧ ਹੈ । ਪੰਜਵੇਂ ਗੁਰੂ ਦੀ ਥਿਤ ਛੇਵੇਂ ਗੁਰੂ ਦੇ ਵੇਲੇ ਲਿਖੀ ਗਈ । ਏਸ ਦਰਜੇ ਤੇ ਆ ਕੇ ਹੋਏ ਉਤਾਰੇ, ਜਿਨ੍ਹਾਂ ਵਿਚ ਖਾਲੀ ਪੰਜ ਗੁਰੂਆਂ ਦੀਆਂ ਚਲਾਣੇ ਦੀਆਂ ਥਿਤਾਂ ਹਨ, ਉਹ ਭੀ ਮੌਜੂਦ ਹਨ । ਪਰ ਪਿਛਲੀਆਂ ਦੋ ਥਿਤਾਂ ਦਾ ਇੰਦਰਾਜ ਤਾਰੀਖ਼ੀ ਨੁਕਤੇ ਤੋਂ ਬੜਾ ਜ਼ਰੂਰੀ ਹੈ । ਪ੍ਰਾਚੀਨ ਬੀੜਾਂ, ਇਸ ਗੱਲ ਵਿਚ ਕੋਈ ਸੰਦੇਹ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦੀਆਂ । ਇਹ ਦੋ ਥਿਤਾਂ 'ਆਦਿ-ਬੀੜ' ਵਿਚ ਸ੍ਰੀ ਹਰਿ ਕ੍ਰਿਸ਼ਨ ਜੀ ਦੀ ਹਥੀਂ ਸੰਮਤ ੧੭੧੭-੧੮ (ਸ਼ੁਰੂ) ਵਿਚ ਲਿਖੀਆਂ ਗਈਆਂ । ਉਤਾਰੇ ਕਰਨ ਵਾਲਿਆਂ ਨੇ ਸਾਫ ਸਾਫ ਇਹਨਾਂ ਦੋ ਥਿਤਾਂ ਨੂੰ, 'ਮਹਿਲੇ ਅੱਠ ੮ ਲਿਖਿਆ ਖਾਸ ਕਲਮ ਆਪਣੀ ਹਥੀਂ" ਦੱਸਿਆ ਹੈ । ਅਤੇ ਇਹਨਾਂ ਸੱਤਾਂ ਥਿਤਾਂ ਵਾਲੇ ਉਤਾਰੇ ਭੀ ਬਹੁਤ ਮੌਜੂਦ ਹਨ । ਕਰਤਾਰ ਪੁਰ ਵਾਲੀ ਬੀੜ K੨ ਵਿਚ ਇਹ ਸਾਰੀਆਂ ਥਿਤਾਂ ਇਕ ਹਥ ਦੀਆਂ ਲਿਖੀਆਂ ਹਨ, ਸੋ ਇਹ ਬੀੜ ਸੰਮਤ ੧੭੧੮ ਤੋਂ ਪਿਛੋਂ ਦੀ ਲਿਖੀ ਹੋਈ ਸਿੱਧ ਹੋਈ ।"

ਫ਼ਾਰਸੀ ਦਾ ਇਕ ਅਖਾਣ ਹੈ ਕਿ 'ਝੂਠ ਬੋਲਣ ਵਾਲੇ ਦੀ ਯਾਦ ਨਹੀਂ ਹੁੰਦੀ ।' ਅਜੇ ਹੁਣੇ ਉਪਰ ਲਿਖਿਆ ਹੈ ਕਿ ਇਹ ਬੀੜ ੧੬੬੭ ਵਿਚ ਪਹਿਲੋਂ ਲਿਖੀ ਗਈ। ਮਗਰੋਂ ਇਸ ਵਿਚ ਨਾਵੇਂ ਗੁਰੂ ਜੀ ਦੀ ਬਾਣੀ ਲਿਖੀ ਗਈ। ਹੁਣ ਕਹਿੰਦੇ ਹਨ ਕਿ ਇਹ ਬੀੜ '੧੭੧੯' ਤੋਂ ਪਿਛੋਂ ਦੀ ਲਿਖੀ ਹੋਈ ਸਿੱਧ ਹੋ ਗਈ ਹੈ ਅਤੇ ਇਹ ਉਲਟ ਬਾਜ਼ੀ ਵੀ ਇਕ ਨਿਰੋਲ ਕਲਪਤ ਦਲੀਲ ਦੇ ਆਸਰੇ ਤੇ ਲਾਈ ਹੈ। ਜੇ ਕਰਤਾ ਆਦਿ-ਬੀੜ ਦੇ ਦਰਸ਼ਨ ਕਰ ਲੈਂਦਾ ਤਾਂ ਉਸਨੂੰ ਪਤਾ ਲਗਦਾ ਕਿ ਪੰਜ ਥਿਤਾਂ ਤਾਂ ਇਕੋ ਹਥ ਦੀਆਂ ਹਨ ਕਿਉਂਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦ ਹੋਣ ਮਗਰੋਂ ਭਾਈ ਸਾਹਿਬ ਭਾਈ ਗੁਰਦਾਸ ਜੀ ਬਹੁਤ ਚਿਰ ਜੀਉਂਦੇ ਰਹੇ । ਬਾਕੀ ਦੋ ਥਿਤਾਂ ਹੋਰ ਦਸਤਖਤ ਵਿਚ ਹਨ । ਅੱਖਰਾਂ ਦੀ ਬਣਾਉਟ ਵਿਚ ਇਤਨਾ ਸਾਹਮਣੇ ਦਿਸਦਾ ਫਰਕ ਹੈ ਕਿ ਕੋਈ ਅਨਜਾਣ ਵੀ ਇਨ੍ਹਾਂ ਦੋਹਾਂ ਲਿਖਤਾਂ ਨੂੰ ਇਕ ਕਲਮ ਦੀਆਂ ਨਹੀਂ ਆਖ ਸਕਦਾ । ਧੰਨ ਖੋਜ ! ਅਗੇ ਮੁੜ ਗ਼ਲਤ ਬਿਆਨੀ ਨੂੰ ਦੂਹਰਾ ਦੂਹਰਾ ਆਪਣੇ ਮਿਥੇ ਸਿੱਟੇ ਕਢਦੇ ਹਨ ।

"(ਅ) ਅਸੀਂ ਉਪਰ ਇਹ ਭੀ ਕਹਿ ਆਏ ਹਾਂ ਕਿ ਨਾਵੇਂ ਮਹਲੇ ਦੇ ਸ਼ਬਦਾਂ ਨੂੰ ਵੰਡ ਕੇ ਰਾਗਾਂ ਹੇਠਾਂ ਲਿਖਣ ਦਾ ਰਿਵਾਜ ਲਿਖਾਰੀਆਂ ਵਿਚ ਗੁਰੂ ਗੋਬਿੰਦ ਸਿੰਘ ਤੋਂ ਵੀ ਚਿਰ ਪਿਛੋਂ ਪਿਆ । ਜੇ ਅਸੀਂ ੧੫ ਸੋਲਾਂ ਵਰ੍ਹੇ ਭੀ ਗਿਨ ਲਈਏ, ਤਦ ਸੰਮਤ ੧੭੯੦-੯੧ ਤੇ ਅਪੜਦੇ ਹਾਂ ।"

ਅਸੀਂ ਉਪਰ ਕਰਤਾ ਦੀ ਇਸ ਭੁਲ ਨੂੰ ਚੰਗੀ ਤਰਹ ਉਘਾੜ ਆਏ ਹਾਂ । ਨਾਵੇਂ ਮਹਿਲੇ ਦੇ ਸ਼ਬਦ ਤਾਂ ਆਦਿ ਬੀੜ ਵਿਚ ਹੈ ਹੀ ਨਹੀਂ ਪਰ ਕਰਤਾ ੧੭੯੦-੯੧ ਦਾ ਸੰਮਤ ਕਾਇਮ ਕਰਨ ਦੇ ਸ਼ੌਕ ਵਿਚ ਆਪਣੀ ਪਿਛਲੀ ਲਿਖਤ ਨੂੰ ਵੀ ਭੁਲ ਗਿਆ ਹੈ । ਸਫਾ ੨੧੫ ਤੇ ਦਮਦਮੇ ਵਾਲੀ ਬੀੜ ਦੇ ਸਿਰ

ਲੇਖ ਹੇਠਾਂ ਲਿਖਦਾ ਹੈ:—"ਗੁਰੂ ਤੇਗ ਬਹਾਦਰ ਮਘਰ ਸੁਦੀ ਪ ਸੰਮਤ ੧੭੩੨ ਨੂੰ ਸ਼ਹੀਦ ਹੋਏ, ਅਤੇ ਇਸ ਬੀੜ ਦੀ ਲਿਖਾਈ ਏਸ ਸਾਕੇ ਤੋਂ ੧੭ ਦਿਨ ਪਿਛੋਂ ਖਤਮ ਹੋਈ । ਤਤਕਰੇ ਦੇ ਪਿਛੇ ਲਿਖਿਆ ਹੈ:—'ਸੰਮਤ ੧੭੩੨ ਮਿਤੀ ਅਗਹਨ ਵਦੀ ੭ ਗ੍ਰੰਥ ਲਿਖਿਆ' । ਪਾਤਸ਼ਾਹੀ ੧੦ ਦਾ ਦੋਹਿਰਾ, 'ਬਲ ਹੋਓ ਬੰਧਨ ਛੁਟੇ' ਵਿਚ ਦਿਤਾ ਹੈ, ਅਤੇ ਉਸ ਤੋਂ ਪਿਛੋਂ ਦਾ ਸੰਦੇਸਾ 'ਸੰਗ ਸਖਾ ਸਭ ਤਜ ਗਏ ਕੋਈ ਨ ਨਿਬਹਿਓ ਸਾਥ' ਭੀ ਦਿਲੀ ਤੋਂ ਪੁਜ ਚੁਕਾ ਸੀ । ਗੁਰੂ ਤੇਗ ਬਹਾਦਰ ਦੀ ਬਾਣੀ ਅਡ ਅਡ ਰਾਗਾਂ ਹੇਠਾਂ ਦਿਤੀ ਹੈ । ਇਸ ਤੋਂ ਪਹਿਲੇਂ ਲਿਖਿਆ ਗ੍ਰੰਥ ਸਾਹਿਬ, ਜਿਸ ਵਿਚ ਗੁਰੂ ਤੇਗ ਬਹਾਦਰ ਦੀ ਬਾਣੀ ਥਾਂ ਥਾਂ ਸਿਰ ਦਿਤੀ ਹੋਵੇ, ਹੋਰ ਕੋਈ ਹੈ ਨਹੀਂ ਅਤੇ ਨਾ ਹੀ ਹੋਣਾ ਸੰਭਵ ਹੈ" (ਲਕੀਰਾਂ ਸਾਡੀਆਂ) । ਇਥੇ ਆਪਨੇ ਸਾਫ ਲਿਖਿਆ ਹੈ ਕਿ ੧੭੩੨ ਵਿਚ ਖ਼ਤਮ ਹੋਏ ਗੁਰੂ ਗ੍ਰੰਥ ਸਾਹਿਬ ਵਿਚ ਨਾਵੇਂ ਗੁਰੂ ਜੀ ਦੀ ਬਾਣੀ 'ਅਡ ਅਡ ਰਾਗਾਂ ਹੇਠਾਂ' ਅਤੇ 'ਥਾਂ ਥਾਂ ਸਿਰ ਹੈ' ! ਅਤੇ ਹੁਣ ਲਿਖਦੇ ਹਨ ਕਿ ਇਹ ਰਿਵਾਜ ਗੁਰੂ ਗੋਬਿੰਦ ਸਿੰਘ ਜੀ ਤੋਂ ਵੀ ਚਿਰ ਪਿਛੋਂ ਪਿਆ । ਝੂਠ ਦੇ ਪੈਰ ਨਹੀਂ ਹੁੰਦੇ ।

"(ੲ) ਗੁਰੂ ਬਾਬੇ ਦੇ ਲਫ਼ਜ਼ ਸਾਨੂੰ ਹੋਰ ਭੀ ਹੇਠਾਂ ਲੈ ਆਉਂਦੇ ਹਨ । ਪੁਰਾਣਾ ਨਾਮ ਖ਼ਾਲੀ 'ਪੋਥੀ' ਜਾਂ 'ਗ੍ਰੰਥ' ਸੀ । 'ਗੁਰੂ ਬਾਬਾ' ਗ੍ਰੰਥ ਲਈ ਬਹੁਤੇ ਨੇੜੇ ਦੀਆਂ ਲਿਖੀਆਂ ਕਿਤਾਬਾਂ ਵਿਚ ਵਰਤਿਆ ਗਿਆ ਹੈ ਅਤੇ ਕਿਸੇ ਸੂਰਤ ਵਿਚ ਬੀ ਮਿਸਲਾਂ ਦੇ ਵੇਲੇ ਤੋਂ ਪਿਛੋਂ ਨਹੀਂ ਜਾ ਸਕਦਾ, ਜੇ ਕਰ ਮਹਾਰਾਜਾ ਰਣਜੀਤ ਸਿੰਘ ਦੇ ਜ਼ਮਾਨੇ ਨੂੰ ਨਹੀਂ ਆ ਛੂੰਹਦਾ ।

"ਰਾਗ ਮਾਲਾ ਦੇ ਪੱਖੀਆਂ ਨੇ ਇਹ ਭੀ ਦਾਅਵਾ ਕੀਤਾ

ਸੀ ਕਿ ਸਾਰੀ ਬੀੜ ਜਪੁਜੀ ਤੋਂ ਲੈਕੇ ਰਾਗ ਮਾਲਾ ਤਕ ਇਕੋ ਹਥ ਦੀ ਲਿਖੀ ਹੈ ਜੇ ਦਲੀਲ ਦੀ ਖਾਤਰ ਇਹ ਮੰਨ ਲਈਏ, ਤਦ ਵੀ ਸਾਰੀ ਬੀੜ ਗੁਰੂ ਗੋਬਿੰਦ ਸਿੰਘ ਤੋਂ ਪਿਛੋਂ ਦੀ ਲਿਖੀ ਹੋਈ ਸਿਧ ਹੋਈ।''

''ਗੁਰੂ ਬਾਬਾ'' ਪਦ ਆਦਿ-ਬੀੜ ਕਰਤਾਰਪੁਰ ਵਾਲੀ ਵਿਚ ਕਿਤੇ ਨਹੀਂ ਲਿਖਿਆ ਹੋਇਆ। ਇਹ ਅਗੇ ਅਸੀਂ ਲਿਖ ਚੁਕੇ ਹਾਂ। ਗ਼ਲਤ ਬਿਆਨੀਆਂ ਦੀਆਂ ਨੀਹਾਂ ਪੁਰ ਯੁਕਤੀਆਂ ਘੜਨੀਆਂ ਇਸ ਕਰਤਾ ਜੀ ਦੀ ਖੋਜ ਦਾ ਅਸਚਰਜ ਨਮੂਨਾ ਹੈ। ਪਰ ਅਗਲੀ ਯੁਕਤੀ ਸਭ ਤੋਂ ਵਧੀਕ ਹਾਸੋ ਹੀਣੀ ਹੈ।

''(ਸ) ਏਸ ਬੀੜ ਵਿਚ ਜੋ ਯਾਦਦਾਸ਼ਤ ਦੇ ਤੌਰ ਪੁਰ ਲਿਖੀ ਇਬਾਰਤ ਨਿਰੰਜਨ ਰਾਇ ਬਾਬਤ ਹੈ, ਉਹ ਇਕ ਵਸੀਅਤ ਹੈ ਜੋ ਨਿਰੰਜਨ ਰਾਇ ਦੇ ਪਿਤਾ ਗੁਰੂ ਨੇ ਉਸ ਦੇ ਹਕ ਵਿਚ ਕੀਤੀ ਅਤੇ ਉਸ ਨੂੰ ਸੁਗੰਦ ਵਾਂਗ ਪੱਕੀ ਬਨਾਣ ਲਈ ਗ੍ਰੰਥ ਸਾਹਿਬ ਦੀ ਬੀੜ ਵਿੱਚ ਲਿਖਿਆ। ਜਿਸ ਵਕਤ ਇਹ ਵਸੀਅਤ ਲਿਖੀ ਗਈ ਇਹ ਬੀੜ ਮੌਜੂਦ ਸੀ ਅਤੇ ਨਿਰੰਜਨ ਰਾਇ ਆਪਣੇ ਗੁਣ ਪਿਤਾ ਨੂੰ ਵਿਖਾ ਚੁਕਾ ਸੀ ਅਤੇ ਹੋਰ ਭਰਾਵਾਂ ਜਾਂ ਵਾਰਸਾਂ ਨਾਲੋਂ ਚੰਗਾ ਸਾਬਤ ਹੋਇਆ ਸੀ, ਜਿਸ ਕਰਕੇ ਗੁਰਗੱਦੀ ਲਈ ਚੁਣਿਆ ਗਿਆ। ਉਸ ਦੀ ਉਮਰ ਉਸ ਵੇਲੇ ੨੫ ਜਾਂ ੨੬ ਵਰ੍ਹਿਆਂ ਦੀ ਸੀ। ਨਿਰੰਜਨ-ਰਾਇ ਧੀਰਮਲ ਦਾ ਪੜਪੋਤਾ ਸੀ। ਸੋ ਉਸ ਤੋਂ ਪਹਿਲੀਆਂ ਤਿੰਨ ਪੀਹੜੀਆਂ ਦੇ ਔਸਤਨ ੬੦ ਵਰ੍ਹੇ ਲੈ ਕੇ ਅਤੇ ੨੬ ਵਰ੍ਹੇ ਨਿਰੰਜਨ ਰਾਇ ਦੀ ਉਮਰ ਦੇ ਜੋੜ ਕੇ ੯੬ ਵਰ੍ਹੇ ਬਣਦੇ ਹਨ। ਕਰਤਾਰ ਪੁਰ ਦੀ ਗੱਦੀ ਸੰਮਤ ੧੬੯੫-੯੬ ਵਿੱਚ ਟੁਰੀ ਸੀ। ਉਸ ਵਿਚ ੯੫ ਵਰ੍ਹੇ ਜੋੜ ਕੇ ਅਸੀਂ ਸੰਮਤ ੧੭੯੦-੯੧ ਦੇ ਲਾਗੇ ਅਪੜਦੇ ਹਾਂ। ਸੋਢੀ ਸਾਧੂ ਸਿੰਘ ਜੀ ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਸਨ ਧੀਰਮਲ ਤੋਂ

ਛੇਵੀਂ ਪੀਹੜੀ ਵਿਚ ਸਨ, ਅਤੇ ਨਿਰੰਜਨਰਾਇ ਚੌਥੀ ਵਿਚ ਇਸ ਤੋਂ ਭੀ ਕਰਤਾਰਪੁਰ ਵਾਲੀ ਬੀੜ, K੨ ਵਾਲੀ ਨਵੀਂ ਸ਼ਕਲ ਵਿੱਚ ਸੰਮਤ ੧੭੯੧ ਦੇ ਲਾਗੇ ਆ ਠਹਿਰਦੀ ਹੈ। ਘਟੋ ਘਟ ਏਸ ਤੋਂ ਪਹਿਲੇ ਨਹੀਂ, ਪਿਛੋਂ ਭਾਵੇਂ ਬਣੀ ਹੋਵੇ, ਨਿਰੰਜਨ-ਰਾਇ ਦੇ ਵਕਤ।''

ਅਗੇ ਤਾਂ ਮਨ ਘੜਤ ਗੱਲਾਂ ਲਿਖ ਕੇ ਆਪਣੀ ਖੋਜ ਦੀ ਅਵਧੀ ਕਰ ਦਿਤੀ ਸੀ ਪਰ ਇਹ ਟੂਕ ਆਪ ਦੀਆਂ ਬੇਥਵੀਆਂ ਯੁਕਤੀਆਂ ਦਾ ਇਕ ਨਮੂਨਾ ਹੈ। ਪਹਿਲਾਂ ਤਾਂ ਇਹ ਗ਼ਲਤ ਹੈ ਕਿ ਵਸੀਅਤ ਉਸ ਬੀੜ ਦੇ ਕਿਸੇ ਪਤ੍ਰੇ ਪੁਰ ਲਿਖੀ ਹੋਈ ਹੈ। ਇਹ ਵਸੀਅਤ ਸਾਵੇ ਰੰਗ ਦੇ ਇਕ ਹਲਕੇ ਕਾਗਜ਼ ਪੁਰ ਲਿਖੀ ਹੈ ਜਿਹੜੀ ਅੰਕ ੨੯ ਵਾਲੇ ਕੋਰੇ ਪਤ੍ਰੇ ਪੁਰ ਕਿਸੇ ਨੇ ਚਮੋੜ ਦਿਤੀ ਹੈ। ਨਾਲ ਹੀ ਇਸ ਦੀ ਲਿਖਤ ਤੇ ਅੱਖਰਾਂ ਦੀ ਬਣਾਉਟ ਬੀੜ ਦੀ ਲਿਖਤ ਨਾਲੋਂ ਬਿਲਕੁਲ ਅਡਰੀ ਹੈ। ਕੀ ਕਿਸੇ ਕਾਗਜ਼ ਦਾ ਪਿਛੋਂ ਚਮੋੜਿਆ ਜਾਣਾ ਇਸ ਗੱਲ ਦੀ ਦਲੀਲ ਹੈ ਕਿ ਸਾਰੀ ਬੀੜ ਵਿਚ ਅਦਲਾ ਬਦਲੀ ਉਦੋਂ ਕੀਤੀ ਗਈ ਹੋਵੇ ? 'ਪ੍ਰਾਚੀਨ ਬੀੜਾਂ' ਨਾਮੇ ਕਿਤਾਬ ਦੇ ਭਾਗ ੨ ਵਿਚ ਕਈ ਪੁਰਾਤਨ ਬੀੜਾਂ ਬਾਬਤ ਆਪ ਨੇ ਲਿਖਿਆ ਹੈ ਕਿ ਫਲਾਣੀ ਫਲਾਣੀ ਬਾਣੀ ਇਨ੍ਹਾਂ ਵਿਚ ਪਿਛੋਂ ਚੜ੍ਹੀ ਪਰ ਉਨ੍ਹਾਂ ਬੀੜਾਂ ਨੂੰ ਉਸ ਤੋਂ ਕਈ ਚਿਰ ਪਹਿਲੋਂ ਦਾ ਨਕਲ ਕੀਤਾ ਮੰਨਿਆ ਹੈ। ਇਥੇ ਆਂਕੇ ਖਬਰ ਨਹੀਂ ਆਪ ਕਿਸ ਕੁਰਾਹੇ ਪੈ ਗਏ। ਹੁਣ ਇਨ੍ਹਾਂ ਸਾਰੀਆਂ ਮਨ ਘੜਤ ਕਲਪਨਾਵਾਂ ਤੇ ਬੇਥਵੀਆਂ ਯੁਕਤੀਆਂ ਤੋਂ ਆਪ 'ਸਿੱਟਾ' ਕਢਦੇ ਹਨ।

''ਤਾਂਤੇ ਉਪਰਲੀ ਸਾਰੀ ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਸੰਮਤ ੧੬੯੭ ਵਿਚ ਇਕ ਉਤਾਰਾ ਭਾਈ ਬੰਨੋ ਵਾਲੀ ਬੀੜ ਦੀ ਕਿਸੇ ਨਕਲ ਤੋਂ ਧੀਰਮਲ ਦੇ ਮਸੰਦਾਂ ਨੇ ਕੀਤਾ।

ਇਹ ਬੀੜ K੧ ਕਰਤਾਰਪੁਰ ਦੀ ਪਹਿਲੀ ਬੀੜ ਸੀ, ਧੀਰਮਲ ਅਤੇ ਉਸ ਦੇ ਪੋਤਰੇ ਤਕ । ਫੇਰ ਏਸ ਵਿਚ ਨਵੇਂ ਵਰਕੇ ਪਾ ਕੇ ਨਾਵੇਂ ਮਹਲ ਦੀ ਬਾਣੀ ਵਧਾਈ ਗਈ ਸੰਮਤ ੧੭੮੧ ਦੇ ਲਾਗੇ । ਇਹ ਬੀੜ ਦੀ ਦੂਜੀ ਸ਼ਕਲ K੨ ਸੀ । ਏਸ K੨ ਵਿਚ ਨਿਰੰਜਨਰਾਇ ਦੇ ਵੇਲੇ ਧੀਰਮਲੀਆਂ ਨੇ ਆਪਣੀ ਸਮਝ ਮੂਜਬ ਅਦਲ ਬਦਲ ਕਰਕੇ ਇਸ ਨੂੰ ਭਾਈ ਗੁਰਦਾਸ ਵਾਲੀ ਆਦਿ ਬੀੜ ਮਸ਼ਹੂਰ ਕਰ ਦਿਤਾ, ਸੰਮਤ ੧੮੭੦ ਦੇ ਕ਼ਰੀਬ, ਅਤੇ ਪਤ੍ਰਿਆਂ ਉਪਰ ਨਵੇਂ ਕਾਗਜ਼ ਦੇ ਹਾਸ਼ੀਏ ਲਗਾ ਕੇ ਨਵੇਂ ਅੰਗ ਦੇ ਦਿਤੇ । ਕਰਾਮਾਤ ਵਾਲੀ ਇਕ ਕਹਾਣੀ ਉਸ ਨੂੰ ਦਰਯਾ ਵਿਚੋਂ ਕਢ ਲਿਆਉਣ ਵਾਲੀ ਘੜ ਲਈ । ਕਰਾਮਾਤ ਵਾਲੀ ਇਕ ਦੂਜੀ ਕਹਾਣੀ ਵੀ ਬਨਾਣੀ ਪਈ । ਉਹ ਇਹ ਕਿ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਤੋਂ ਠੀਕ ਜਿਤਨੀ ਥਾਂ ਬਾਣੀਆਂ ਦੇ ਵਿਚਾਲੇ ਗੁਰੂ ਤੇਗ ਬਹਾਦਰ ਦੇ ਸ਼ਬਦਾਂ ਵਾਸਤੇ ਚਾਹੀਦੀ ਸੀ, ਉਤਨੀ ਕੋਰੀ ਥਾਂ ਰਖਾ ਛਡੀ । ਨਾਵੇਂ ਮਹਿਲ ਦੀ ਬਾਣੀ ਹਰ ਰਾਗ ਦੇ ਅੰਤ ਵਿਚ ਜੋ ਪੌਣਾ ਅਧਾ ਸਫ਼ਾ ਕੋਰਾ ਛਡਿਆ ਜਾਂਦਾ ਸੀ, ਉਸ ਪੁਰ ਨਹੀਂ ਲਿਖੀ ਹੋਈ, ਸਗੋਂ ਹੋਰ ਗੁਰਬਾਣੀ ਵਿਚਾਲੇ ਆਈ ਹੈ ਅਤੇ ਕਈ ਵਾਰੀ ਤਿੰਨ ਚਾਰ ਸਫੇ ਲੈ ਗਈ ਹੈ ।''

ਅਸਾਡਾ ਸਿੱਟਾ ਇਹ ਹੈ ਕਿ 'ਪ੍ਰਾਚੀਨ ਬੀੜਾਂ' ਦੇ ਕਰਤਾ ਨੇ ਭਾਈ ਕਾਹਨ ਸਿੰਘ ਜੀ ਦੀ ਚਿਠੀ ਵਿਚ ਲਿਖੀਆਂ ਗ਼ਲਤ ਬਿਆਨੀਆਂ ਦੀ ਨੀਂਹ ਤੇ ਬਿਨਾ ਆਦਿ ਬੀੜ ਦੇ ਦਰਸ਼ਨ ਕੀਤੇ ਤੇ ਉਨ੍ਹਾਂ ਗੱਲਾਂ ਨੂੰ ਪਰਤਾਏ ਆਪਣੇ ਕੋਲੋਂ ਹੋਰ ਅਸੱਤਿ ਰਲਾ ਕੇ ਜੋ ਕੁਝ ਲਿਖਿਆ ਹੈ ਅਤੇ ਉਸ ਨੂੰ ਖੋਜ ਦਾ ਨਾਮ ਦੇ ਕੇ ਇਸ ਸ਼ਬਦ ਦੀ ਵਰਤੋਂ ਨੂੰ ਵੀ ਕਲੰਕਤ ਕੀਤਾ ਹੈ ਉਸ ਤੋਂ ਹਰ ਇਕ ਪੜ੍ਹੇ ਲਿਖੇ ਨੂੰ ਸ਼ਰਮ ਔਣੀ

ਚਾਹੀਦੀ ਹੈ । ਅਤੇ ਭਾਵੇਂ ਜੀ. ਬੀ. ਸਿੰਘ ਹੋਰਾਂ ਦੇ ਨਵੇਂ ਦੋਸਤ ਇਹ ਮਸ਼ਹੂਰ ਕਰ ਰਹੇ ਹਨ ਕਿ ਉਹ ਸਿਖ ਨਹੀਂ, ਨਾਸਤਕ ਹਨ ਤਾਂ ਭੀ ਅਖਲਾਕ ਹਰ ਇਕ ਲਈ ਜ਼ਰੂਰੀ ਹੈ ਤੇ ਜੀ. ਬੀ. ਸਿੰਘ ਹੋਰਾਂ ਨੂੰ ਜਿਨ੍ਹਾਂ ਅਜਿਹੇ ਕੁਸੱਤ ਤੇ ਕੌੜੇ ਬਚਨ ਲਿਖ ਕੇ ਸਿਖਾਂ ਦਾ ਦਿਲ ਦੁਖਾਇਆ ਹੈ ਇਸ ਲਈ ਪੰਥ ਪਾਸੋਂ ਮਾਫ਼ੀ ਮੰਗਣੀ ਚਾਹੀਦੀ ਹੈ ।

ਪਰੰਤੂ ਸਿੱਟਾ ਕਢ ਕੇ ਵੀ ਮਲੂਮ ਹੋਂਦਾ ਹੈ ਕਿ 'ਪ੍ਰਾਚੀਨ ਬੀੜਾਂ' ਦਾ ਕਰਤਾ ਆਪਣੀਆਂ ਗ਼ਲਤ ਬਿਆਨੀਆਂ ਤੋਂ ਨਹੀਂ ਰੱਜਿਆ । ਆਪ ਇਕ ਹੋਰ ਕੁਸੱਤ ਜੋ ਬਾਕੀ ਰਹਿ ਗਿਆ ਸੀ ਅਗੇ ਤੋਲਦਾ ਹੈ ।

"ਉਪਰ ਇਹ ਗਲ ਕਹਿਣੀ ਰਹਿ ਗਈ ਹੈ, ਕਿ ਤਤਕਰੇ ਵਿਚ ਪਹਿਲੀ ਹੀ ਪ੍ਰਤੀਕ 'ਜਪੁ ਨੀਸ਼ਾਣ' ਹੈ । ਨੀਸ਼ਾਣ ਗੁਰੂ ਦੇ ਆਸ਼ੀਰਵਾਦ ਜਾਂ ਪਰਵਾਨਗੀ ਦੇ ਹਸਤ ਲੇਖ ਨੂੰ ਕਹਿੰਦੇ ਹਨ । ਕਰਤਾਰਪੁਰ ਵਾਲੀ ਬੀੜ ਵਿਚ ਗੁਰੂ ਅਰਜਨ ਜੀ ਦੇ ਹਥ ਦਾ ਲਿਖਿਆ 'ਮੂਲ ਮੰਤ੍ਰ' ਪਹਿਲੇ ਸਫੇ ਪੁਰ ਹੋਣਾ ਚਾਹੀਏ, ਪਰ ਹੈ ਨਹੀਂ, 'ਪ੍ਰਤੀਕ' ਨਕਲ ਦਰ ਨਕਲ ਹੁੰਦੀ ਚਲੀ ਆਈ ਹੈ । ਏਸੇ ਤਰਾਂ ਦੇ ਨੀਸਾਣ ਪ੍ਰਾਚੀਨ ਬੀੜਾਂ ਵਿਚ ਛੇਵੇਂ ਤੋਂ ਲੈਕੇ ਦਸਵੇਂ ਗੁਰੂ ਤਕ ਦੇ ਮੌਜੂਦ ਹਨ । ਏਸ ਬੀੜ ਵਿਚ ਤਤਕਰੇ ਤੋਂ ਪਿਛੋਂ ਪੰਨਾ ੪੫ ਦੋ ਤਰਫੀ ਕੋਰਾ ਹੈ । ਉਸਦੇ ਸਾਹਮਣੇ ਜਪੁ ਸਾਹਿਬ ਪ੍ਰਾਰੰਭ ਹੁੰਦਾ ।"

ਹੁਣ ਪਹਿਲੀ ਗਲਤੀ ਜੀ. ਬੀ. ਸਿੰਘ ਹੋਰਾਂ ਦੀ ਇਹ ਹੈ ਕਿ ਪੰਚਮ ਪਾਤਸ਼ਾਹ ਦਾ 'ਨੀਸ਼ਾਨ' ਇਸ ਬੀੜ ਵਿਚ ਮੌਜੂਦ ਹੈ । ਨਾਂ ਕੇਵਲ ਬੀੜ ਵਿਚ ਹੈ ਤਤਕਰੇ ਵਿਚ ਵੀ ਇਸਦਾ ਜ਼ਿਕਰ ਹੈ । ਦੂਜੀ ਭੁਲ ਇਹ ਹੈ ਕਿ ਆਦਿ ਬੀੜ ਦੀ ਪ੍ਰਤੀਕ 'ਜਪੁ ਨੀਸ਼ਾਣ' ਨਹੀਂ । ਇਥੇ ਜਪੁਜੀ ਦੀ ਪ੍ਰਤੀਕ

ਇਹ ਹੈ-"ਜਪੁ ਗੁਰੂ ਰਾਮਦਾਸ ਜੀਉ ਕਿਆਂ ਦਸਖਤਾਂ ਦਾ ਨਕਲ"। ਨਾਲ ਹੀ ੪੫ ਸਫ਼ਾ ਖਾਲੀ ਨਹੀਂ। ਉਸ ਪਤ੍ਰੇ ਦੇ ਸੱਜੇ ਪਾਸੇ ਤੋਂ ਬੀੜ ਦਾ ਅਰੰਭ ਸ਼ੁਰੂ ਹੋਂਦਾ ਹੈ, ਅਰਥਾਤ ਜਪੁਜੀ ਅਰੰਭ ਹੋਂਦਾ ਹੈ । ਚੰਗਾ ਹੁੰਦਾ ਕਿ ਇਹ ਗੱਲ ਤੁਸਾਨੂੰ ਯਾਦ ਨਾ ਆਉਂਦੀ ਤੇ ਕੁਝ ਬਦਨਾਮੀ ਤੋਂ ਤਾਂ ਤੁਸੀ ਬਚ ਜਾਂਦੇ । ਅਗੇ ਹੋਰ ਸਬੂਤ ਆਪਣੀ ਨਾਵਾਕਫ਼ੀ ਦਾ ਆਪ ਦਿੰਦੇ ਹਨ ।

"ਉਪਰ ਅਸੀ ਇਹ ਭੀ ਕਿਹਾ ਹੈ ਕਿ ਗੁਰੂ ਅਰਜਨ ਦੇਵ ਭਾਈ ਜੀ ਦੀ ਲਿਖੀ ਕਾਪੀ ਪੁਰ 'ਸੁਧ' ਜਾਂ 'ਸੁਧ ਕੀਚੈ' ਆਪਣੀ ਹੱਥੀਂ ਲਿਖ ਦੇਂਦੇ ਸਨ, ਜਿਵੇਂ ਰਾਗ ਗਉੜੀ ਕੀ ਵਾਰ ਵਿਚ । ਜੇਕਰ ਕਰਤਾਰਪੁਰ ਵਾਲੀ ਬੀੜ ਅਸਲੀ ਭਾਈ ਗੁਰਦਾਸ ਵਾਲੀ ਬੀੜ ਹੋਵੇ, ਤਦ ਇਹ ਹਦਾਇਤਾਂ ਗੁਰੂ ਸਾਹਿਬ ਦੀ ਦਸਖਤੀਂ, ਅਤੇ ਗ਼ਲਤੀਆਂ ਦੀ ਦਰੁਸਤੀ ਭਾਈ ਗੁਰਦਾਸ ਦੇ ਹੱਥਾਂ ਦੀ ਹੋਈ ਹੋਈ ਉਸ ਬੀੜ ਵਿਚ ਮੌਜੂਦ ਹੋਣੀਆਂ ਚਾਹੀਏ । ਸਭ ਪ੍ਰਾਚੀਨ ਬੀੜਾਂ ਵਿਚ ਅਤੇ ਏਸੇ ਤਰਾਂ ਛਾਪੇ ਦੇ ਗ੍ਰੰਥਾਂ ਵਿਚ ਵੀ ਇਹ ਲਫ਼ਜ਼ ਮੌਜੂਦ ਹਨ ।"

ਉਪਰ ਅਸੀ ਦੋ ਸਬੂਤ ਆਪ ਦੇ ਮਿਥੇ ਇਸ ਆਦਿ ਬੀੜ ਦੇ ਅਸਲੀ ਹੋਣ ਬਾਬਤ ਦੇ ਆਏ ਹਾਂ । ਆਪ ਨੇ ਸਫ਼ਾ ੨੫ ਪੁਰ ਲਿਖਿਆ ਹੈ:-"ਇਹ ਭੀ ਮਲੂਮ ਦੇਂਦਾ ਹੈ ਕਿ ਭਾਈ ਗੁਰਦਾਸ ਦੇ ਹਥੀਂ ਲਿਖੀ ਆਦਿ ਬੀੜ ਵਿਚ ਵੀ ਜਪੁਜੀ ਗੁਰੂ ਰਾਮਦਾਸ ਦੇ ਲਿਖੇ 'ਜਪੁ' ਤੋਂ ਨਕਲ ਕੀਤਾ ਗਿਆ ਸੀ ।" ਫਿਰ ਸਫ਼ਾ ੧੫੨ ਪੁਰ ਬੀੜ ਪਿੰਡੀ ਲਾਲਾਂ ਦਾ ਜ਼ਿਕਰ ਕਰਦੇ ਹੋਏ ਜਪੁਜੀ ਬਾਬਤ ਲਿਖਿਆ ਹੈ-"ਜਪੁ ਗੁਰੂ ਰਾਮ ਦਾਸ ਜੀਉ ਕੇ ਨਕਲ ਕਾ ਨਕਲ

ਤਿਸਕਾ ਨਕਲ, ਇਹ ਗ੍ਰੰਥ ਮੁਢ ਆਦਿ ਗ੍ਰੰਥ ਤੋਂ ਤੀਜੀ ਥਾਂ ਨਕਲ ਸੀ ।" ਹੁਣ ਅਸੀ ਉਪਰ ਦੱਸ ਆਏ ਹਾਂ ਕਿ ਆਦਿ ਬੀੜ ਵਿਚ ਪ੍ਰਤੀਕ ਇਹ ਹੈ, 'ਜਪੁ ਗੁਰੂ ਰਾਮਦਾਸ ਜੀਉ ਕਿਆਂ ਦਸਖਤਾਂ ਕਾ ਨਕਲ'। ਸੋ ਇਹ ਜਪੁਜੀ ਉਸ ਗੁਟਕੇ ਤੋਂ ਜੋ ਗੁਰੂ ਰਾਮਦਾਸ ਜੀਉ ਨੇ ਅਪਣੀ ਹਥੀਂ ਲਿਖਿਆ ਸੀ ਪਹਿਲਾ ਉਤਾਰਾ ਹੋਇਆ । ਇਸ ਲਈ ਤੁਸਾਡੇ ਆਪਣੇ ਮਿਥੇ ਸਬੂਤ ਅਨੁਸਾਰ ਇਹ ਕਰਤਾਰਪੁਰ ਵਾਲੀ ਹੀ ਆਦਿ ਬੀੜ ਹੈ ।

ਦੂਜਾ ਸਬੂਤ ਤੁਸਾਡਾ ਆਪਣਾ ਲਿਖਿਆ ਅਸੀਂ ਹੋਰ ਅਗੇ ਦੇ ਚੁਕੇ ਹਾਂ । ਤੁਸਾਂ ੧੯੪ ਸਫੇ ਤੇ ਕਾਹਨਗੜ੍ਹ ਵਾਲੀ ਬੀੜ ਦਾ ਜ਼ਿਕਰ ਕਰਦੇ ਹੋਏ ਬਾਬਾ ਗੁਰਦਿਤਾ ਜੀ ਤੇ ਛੇਵੇਂ ਗੁਰੂ ਜੀ ਦੇ ਸਮਾਵਣ ਦੀਆਂ ਥਿਤਾਂ ਦੇ ਇੰਦ੍ਰਾਜ ਦੀ ਇਬਾਰਤ ਦੇ ਕੇ ਅਗੇ ਸਫ਼ਾ ੧੯੫ ਤੇ ਲਿਖਿਆ ਹੈ "ਇਸ ਲਿਖਾਰੀ ਨੇ ਨਕਲ ਕਰਦੇ ਸਮੇ ਪੰਜਵੇਂ ਗੁਰੂ ਤਕ ਦੀਆਂ ਥਿਤਾਂ ਨਕਲ ਕਰਕੇ ਅਗਲੀਆਂ ਦੋ ਦੇਣ ਤੋਂ ਪਹਿਲੇ ਇਹ ਲਫ਼ਜ਼ ਟਿਪਣੀ ਜਾਂ Colophone ਵਜੋਂ ਲਿਖੇ:-

"'ਮਹਲਾ ੮ ਅਠਵੇਂ ਜੀ ਕਾ ਨਕਲ ਹੈ, ਖਾਸ ਕਲਮ ਆਪਣੀ ਹਥੀਂ ਲਿਖਿਆ ਕਰਤੈ ਪੁਰਖੁ ।' ਇਹੋ ਲਫ਼ਜ਼ ਹੂ-ਬਹੂ ਅੰਕ ਵੀ ਤੇ ਅਖਰ ਭੀ ਦੁਹਰਾਕੇ ਹੋਰਨਾਂ ਪੁਰਾਤਨ ਬੀੜਾਂ ਵਿਚ ਇਹ ਦੋ ਥਿਤਾਂ ਦਿਤੀਆਂ ਹਨ ।"

ਹੁਣ ਇਸ ਬੀੜ ਵਿਚ ਇਸ ਟਿਪਣੀ ਤੋਂ ਬਿਨਾਂ ਇਹ ਦੋ ਥਿਤਾਂ ਦਿਤੀਆਂ ਹਨ । ਪੰਜਾਂ ਗੁਰੂ ਸਾਹਿਬਾਂ ਦੀਆਂ ਥਿਤਾਂ ਇਕ ਕਲਮ ਵਿਚ ਤੇ ਇਹ ਦੋ ਨਾ ਸਿਰਫ ਵਖਰੀ ਕਲਮ ਵਿਚ ਹਨ ਸਗੋਂ ਅਖਰਾਂ ਦੀ ਸ਼ਕਲ ਵੀ ਬਿਲਕੁਲ ਵਖਰੀ ਹੈ। ਇੰਦਰਾਜ ਦੀ ਇਬਾਰਤ ਸਾਰੀ ਉਹੋ ਹੈ ਸਿਵਾਏ ਉਨ੍ਹਾਂ ਲਫ਼ਜ਼ਾਂ

ਦੇ ਜੋ ਅਸੀ ਉਪਰ ਦੱਸ ਚੁਕੇ ਹਾਂ ਕਿ ਜਾਂ ਤੁਹਾਥੋਂ ਨੋਟ ਲੈਂਦਿਆਂ ਛੁਟ ਗਏ ਜਾਂ ਕਾਹਨਗੜ੍ਹ ਵਾਲੀ ਬੀੜ ਦੇ ਲਿਖਾਰੀ ਤੋਂ ਰਹਿ ਗਏ । ਅਸੀਂ ਇਹ ਲਿਖ ਚੁਕੇ ਹਾਂ ਕਿ ਇਨ੍ਹਾਂ ਲਫ਼ਜ਼ਾਂ ਦਾ ਛੁਟ ਜਾਣਾ ਸ਼ਬਦ 'ਕਰਤਾ ਪੁਰਖੁ' ਦੇ ਦੋ ਵੇਰ ਆਵਣ ਕਰਕੇ ਸਹਿਜੇ ਹੀ ਸੰਭਵ ਸੀ। ਇਸ ਲਈ ਤੁਸਾਡੀ ਆਪਣੀ ਲਿਖਤ ਅਨੁਸਾਰ ਇਹ ਅਸਲੀ ਆਦਿ ਬੀੜ ਠਹਿਰੀ ।

ਹੁਣ ਆਪ ਦੀ ਉਪਰ ਦਿਤੀ ਤੂਕ ਤੋਂ ਅਸੀਂ ਇਕ ਤੀਸਰਾ ਸਬੂਤ ਦੇਂਦੇ ਹਾਂ । ਆਪ ਨੇ ਪੰਨਾ ੨੩੬ ਪੁਰ ਲਿਖਿਆ ਹੈ ਕਿ ਉਤਾਰਾ ਕਰਨ ਵੇਲੇ ਮੱਖੀ ਤੇ ਮੱਖੀ ਮਾਰੀ ਜਾਂਦੇ ਸਨ। ''ਜੇਕਰ 'ਆਦਿ-ਬੀੜ' ਵਿਚ ਗੁਰੂ ਸਾਹਿਬ ਨੇ ਪੱਤਰੇ ਸੋਧ ਕੇ ਲਿਖ ਦਿਤਾ 'ਸੁਧ' ਜਾਂ 'ਸੁਧ ਕੀਚੈ', ਤਦ ਇਹਨਾਂ ਭੀ ਉਹੋ ਲਫਜ਼ ਉਥੇ ਹੀ ਲਿਖ ਦਿਤੇ,'' ਪਰੰਤੂ ਆਦਿ ਬੀੜ ਦਾ ਦਰਸ਼ਨ ਕਰਨ ਤੋਂ ਸਾਨੂੰ ਪਤਾ ਲਗਾ ਹੈ ਕਿ ਉਤਾਰਾ ਕਰਨ ਵਾਲਿਆਂ ਇਹ 'ਮੱਖੀ ਪੁਰ ਮੱਖੀ' ਚੰਗੀ ਤਰਹ ਨਹੀਂ ਮਾਰੀ । ਆਦਿ ਬੀੜ ਵਿਚ ਇਹ ਪਦ 'ਸੁਧ' ਜਾਂ 'ਸੁਧ ਕੀਚੈ' ਹਾਸ਼ੀਏ ਪੁਰ ਲਿਖੇ ਹੋਏ ਹਨ । ਸਫ਼ੇ ਦੇ ਹੇਠਲੇ ਉਤਲੇ ਦਾ ਤੇ ਨਕਲ ਕਰਨ ਵਾਲਿਆਂ ਬਾਣੀ ਦੇ ਅੰਤ ਵਿਚ ਇਹ ਪਦ ਨਾਲ ਹੀ ਰਲਾ ਦਿਤੇ ਹਨ। ਇਸ ਬੀੜ ਵਿਚ ਹਾਸ਼ੀਏ ਪੁਰ ਕਈ ਥਾਂ ਸ਼ਬਦਾਂ ਬਾਬਤ ਹੋਰ ਰੀਮਾਰਕ ਭੀ ਹਨ । ਤਤਕਰੇ ਵਿਚ ਵੀ ਜਿਥੇ ਪ੍ਰਤੀਕ ਅਗੇ ਪਿਛੇ ਹੋ ਗਈ ਹੈ ਇਸ ਤਰਾਂ ਦੇ ਰੀਮਾਰਕ ਲਿਖ ਕੇ ਉਸ ਨੂੰ ਸੋਧਿਆ ਹੈ, ਉਤਾਰਾ ਕਰਨ ਵਾਲਿਆਂ ਉਹ ਰੀਮਾਰਕ ਨਹੀਂ ਦਿਤੇ । ਇਹ 'ਸੁਧ' ਜਾ 'ਸੁਧ ਕੀਚੈ' ਪਦ ਹਾਸ਼ੀਏ ਤੋਂ ਚੁਕ ਕੇ ਪਾਠ ਵਿਚ ਕਿਉਂ ਪਾ ਦਿਤੇ, ਮੈਨੂੰ ਵੀ ਸਮਝ ਨਹੀਂ ਆਈ । ਹਾਸ਼ੀਏ ਤੇ ਇਨ੍ਹਾਂ ਸ਼ਬਦਾਂ ਦਾ ਹੋਣਾ ਆਦਿ-ਬੀੜ ਦੇ ਅਸਲੀ

ਹੋਣ ਦਾ ਤੁਸਾਡੇ ਆਪਣੇ ਲਿਖੇ ਮੁਜਬ ਤੀਜਾ ਪੱਕਾ ਸਬੂਤ ਹੈ ਕਿਉਂਕਿ ਸਾਰਿਆਂ ਉਤਾਰਿਆਂ ਵਿਚ ਇਹ ਸ਼ਬਦ ਪਾਠ ਨਾਲ ਜੋੜ ਦਿਤੇ ਗਏ ਹਨ ।

ਹੋਰ ਵੀ ਬਹੁਤ ਸਾਰੇ ਸਬੂਤ ਹਨ ਪਰ ਉਹ ਅਸੀਂ ਵਖਰੀ ਪੁਸਤਕ ਵਿਚ ਜੇ ਗੁਰੂ ਜੀ ਨੇ ਕਿਰਪਾ ਕੀਤੀ ਤਾਂ ਛੇਤੀ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰਾਂਗੇ । ਹਾਲਾਂ ਅਸੀਂ 'ਪ੍ਰਾਚੀਨ ਬੀੜਾਂ' ਦੇ ਕਰਤਾ ਦੇ ਆਪਣੇ ਮਿਥੇ ਸਬੂਤ ਹੀ ਕਾਫ਼ੀ ਸਮਝਦੇ ਹਾਂ ।

---

੬. ਆਦਿ ਬੀੜ ਵਿਚ ਕੀ ਸੀ ਤੇ ਕੀ ਨਹੀਂ ਸੀ

[ਰਾਗ ਮਾਲਾ]

ਆਦਿ ਬੀੜ ਦਾ ਦਰਸ਼ਨ ਕੀਤੇ ਬਿਨਾਂ ਗ਼ਲਤ ਬਿਆਨੀਆਂ ਤੇ ਨਿਰੋਲ ਨਿਰਮੂਲ ਲੇਖਾਂ ਦੀ ਨੀਂਹ ਤੇ ਜੋ ਕੁਝ ਸ: ਜੀ. ਬੀ. ਸਿੰਘ ਨੇ ਇਸ ਬੀੜ ਬਾਬਤ ਲਿਖਿਆ ਹੈ ਉਸ ਨੂੰ ਪੜ੍ਹ ਕੇ ਸ਼ਾਇਦ ਅਸਾਡੇ ਕਈ ਪਾਠਕ ਜੋ ਕੁਝ ਅਸੀ ਅਗੇ ਲਿਖ ਰਹੇ ਹਾਂ ਉਸ ਨੂੰ ਪੜ੍ਹਨ ਦੀ ਲੋੜ ਹੀ ਨਾ ਸਮਝਣ। ਉਨ੍ਹਾਂ ਲਈ ਇਸ ਨਤੀਜੇ ਤੇ ਪੁਜ ਜਾਣਾ ਕਿ ਜਿਸ ਤਰਾਂ ਆਪਣੇ ਘਰ ਬਹਿ ਕੇ ਇਸ ਬੀੜ ਬਾਬਤ ਕਰਤਾ ਨੇ ਆਪਣੀ ਖੋਜ ਦੇ ਸਿੱਟੇ ਕਢੇ ਹਨ ਕਿਤੇ ਉਸੇ ਤਰਾਂ ਹੋਰ ਬੀੜਾਂ ਦੇ ਵੀ ਦਰਸ਼ਨ ਨ ਕੀਤੇ ਹੋਣ। ਪਰੰਤੂ ਸਾਡਾ ਵਧੀਕ ਲਿਖਣ ਦਾ ਕੁਝ ਹੋਰ ਕਾਰਨ ਹੈ। ਕਰਤਾ ਨੇ ਜੋ ਨੋਟ ਪੁਰਾਤਨ ਬੀੜਾਂ ਬਾਬਤ ਦਿਤੇ ਹਨ ਜੇ ਉਨਾਂ ਨੂੰ ਠੀਕ ਮੰਨ ਲਈਏ ਤਾਂ ਭੀ ਉਸ ਮਸਾਲੇ ਤੋਂ ਜੋ ਸਿੱਟੇ ਜੀ. ਬੀ. ਸਿੰਘ ਹੋਰਾਂ ਕਢੇ ਹਨ ਉਹ ਸਾਰੇ ਗ਼ਲਤ ਹਨ। ਅਗਲੇ ਕੁਝ ਪੱਤ੍ਰੇ ਅਸੀਂ ਉਸ਼ਟ-ਲਕੜ ਨਿਆਇ ਨੂੰ ਮੁਖ ਰਖ ਕੇ ਲਿਖ ਰਹੇ ਹਾਂ ਜੋ ਸਚ ਦੇ ਪਰੇਮੀਆਂ ਨੂੰ ਇਹ ਦੱਸਣਗੇ ਕਿ ਕਰਤਾ ਆਪਣੇ ਦਿੱਤੇ ਮਸਾਲੇ ਦੇ ਵੀ ਐਨ ਉਲਟ ਜਾ ਰਿਹਾ ਹੈ।

ਬਹੁਤ ਜ਼ੋਰ ਆਪ ਨੇ ਰਾਗਮਾਲਾ ਤੇ ਦਿਤਾ ਹੈ ਤੇ

ਕਿਹਾ ਹੈ ਕਿ ਇਹ ਆਦਿ ਬੀੜ ਵਿਚ ਨਹੀਂ ਸੀ। ਅਸਾਂ ਇਸ ਪੁਸਤਕ ਵਿਚ ਇਸ ਚਰਚਾ ਵਿਚ ਨਹੀਂ ਪੈਣਾ ਕਿ ਇਹ ਰਾਗਮਾਲਾ ਕਿਸ ਦੀ ਲਿਖਤ ਹੈ। ਇਹ ਸਵਾਲ ਵਖਰਾ ਹੈ। ਭਾਵੇਂ ਇਹ ਕਿਸੇ ਦੀ ਲਿਖਤ ਹੈ, ਸਵਾਲ ਇਹ ਹੈ ਕਿ ਗੁਰੂ ਪੰਚਮ ਪਾਤਸ਼ਾਹ ਨੇ ਇਸ ਨੂੰ ਆਦਿ-ਬੀੜ ਵਿਚ ਚੜ੍ਹਾਇਆ ਕਿ ਨਾ। ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਦੀ ਸਬ ਕਮੇਟੀ ਦੀ ਰੀਪੋਟ ਦੀਆਂ ਟੂਕਾਂ ਦੇ ਕੇ ਅਗੇ ਅਸੀ ਦੱਸ ਚੁਕੇ ਹਾਂ ਕਿ ਰਾਗਮਾਲਾ ਆਦਿ ਬੀੜ ਵਿਚ ਦਰਜ ਹੈ। ਉਸੇ ਹਥ ਦੀ ਲਿਖਤ ਹੈ ਜਿਸ ਵਿਚ ਲਗ ਪਗ ਬਾਕੀ ਸਾਰੀ ਬਾਣੀ ਤੇ ਉਸੇ ਪੱਤ੍ਰੇ ਤੇ ਹੈ ਜਿਸ ਪੱਤ੍ਰੇ ਤੇ ਤਤਕਰੇ ਵਿਚ ਇਸਦਾ ਜ਼ਿਕਰ ਹੈ। ਇਹ ਗੱਲ ਤਾਂ ਹੋਈ ਨਾ ਵਾਸਤਵ ਵਿਚ। ਪਰੰਤੂ ਜੀ. ਬੀ. ਸਿੰਘ ਹੋਰਾਂ ਜੋ ਮਸਾਲਾ ਇਕੱਠਾ ਕੀਤਾ ਹੈ, ਉਸ ਤੋਂ ਵੀ ਸਾਬਤ ਹੋ ਜਾਂਦਾ ਹੈ ਕਿ ਰਾਗਮਾਲਾ ਮੁਢ ਤੋਂ ਹੀ ਆਦਿ ਬੀੜ ਵਿਚ ਸੀ ਤੇ ਕਿਸੇ ਨੇ ਪਿਛੋਂ ਨਹੀਂ ਚੜ੍ਹਾਈ।

ਰਾਗਮਾਲਾ ਦੇ ਚੜ੍ਹਾਏ ਜਾਣ ਬਾਬਤ ਆਪ ਸਫਾ ੭੨ ਪੁਰ ਲਿਖਦੇ ਹਨ:—

"ਆਲਮ ਕਵੀ ਲਿਖੀ ਕਿਤਾਬ 'ਕਾਮ ਕੰਦਲਾ' ਵਿਚੋਂ ਇਹ ਰਾਗਮਾਲਾ ਉਧ੍ਰਿਤ ਕਰਕੇ ਗੁਰੂ ਅਰਜਨ ਦੇਵ ਦੇ ਵੇਲੇ ਤੋਂ ਬਹੁਤ ਪਿਛੋਂ ਕਿਸੇ ਨੇ ਹੋਰ ਫਾਲਤੂ ਬਾਣੀਆਂ ਦੇ ਨਾਲ ਅਤੇ ਉਹਨਾਂ ਦੇ ਵੀ ਅਖੀਰ, ਇਸ ਨੂੰ ਗ੍ਰੰਥ ਸਾਹਿਬ ਦੀ ਹਿਫਾਜ਼ਤ ਵਾਸਤੇ ਜੋ ਪਿਛੋਂ ਕੋਰੇ ਵਰਕੇ ਹਨ ਉਹਨਾਂ ਪੁਰ ਲਿਖਣਾ ਸ਼ੁਰੂ ਕੀਤਾ। ਅਤੇ ਅਗਲੇ ਲਿਖਾਰੀ ਇਹਨਾਂ ਨੂੰ ਨਕਲ ਦਰ ਨਕਲ ਕਰਨ ਲਗ ਪਏ।"

ਫਿਰ ਸਫਾ ੨੪੪ ਪੁਰ ਹੋਰ ਵਿਸਥਾਰ ਨਾਲ

ਦਸਿਆ ਹੈ:—

"ਜਿਕੁਰ ਮੁਢ ਵਿਚ ਤਤਕਰਾ ਰਾਗਾਂ ਦਾ ਹੈ । ਅੰਤ ਵਿਚ ਹੋਰ ਇਕ 'ਰਾਗਮਾਲਾ' ਹੁੰਦੀ ਹੈ । ਲਿਖਤ ਦੇ ਗ੍ਰੰਥ ਸਾਹਿਬਾਂ ਵਿਚ ਅੰਤ ਪੁਰ ਚਾਰ ਪੰਜ ਫ਼ਾਲਤੂ ਬਾਣੀਆਂ ਹੁੰਦੀਆਂ ਹਨ। ਉਹਨਾਂ ਵਿਚੋਂ ਇਹ ਰਾਗਮਾਲਾ ਵੀ ਇਕ ਹੁੰਦੀ ਹੈ, ਅਤੇ ਇਹਨਾਂ ਫਾਲਤੂ ਬਾਣੀਆਂ ਵਿਚ ਵੀ ਏਸ ਨੂੰ ਛੇਕੜਲੀ ਥਾਂ ਦਿਤੀ ਜਾਂਦੀ ਹੈ । ਸਿਵਾਇ ਸਿਆਹੀ ਦੀ ਬਿਧੀ ਦੇ, ਜੋ ਇਕ ਯਾਦਦਾਸ਼ਤ ਹੈ, ਕੋਈ ਬਾਣੀ ਨਹੀਂ। ਇਹ 'ਰਾਗਮਾਲਾ' ਛੰਦਾ ਬੰਦ ਹੈ ਜਿਸ ਵਿਚ ਛੇ ਮੁਖ ਰਾਗਾਂ ਦੇ ਨਾਲ ਹਰ ਰਾਗ ਦੀਆਂ ਪੰਜ ਪੰਜ ਰਾਗਣੀਆਂ ਇਸਤ੍ਰੀਆਂ ਅਤੇ ਅੱਠ ਅੱਠ ਛੋਟੇ ਰਾਗਾਂ, ਪੁਤਰਾਂ, ਦੇ ਨਾਮ ਇਕ ਰਚਨਾ ਵਿਚ ਗੁੰਦੇ ਹਨ । ਇਹ ਨਾਮਾਵਲੀ ਇਕ ਕਿੱਸੇ 'ਕਾਮ ਕੰਦਲਾ' ਦਾ ਭਾਗ ਹੈ । 'ਕਾਮ ਕੰਦਲਾ' ਦਾ ਲਿਖਣ ਵਾਲਾ ਇਕ ਨੌ-ਮੁਸਲਮ ਆਲਮ ਨਾਮ ਦਾ ਕਵੀ ਅਕਬਰ ਦੇ ਰਾਜ ਵਿਚ ਹੋਇਆ ਹੈ, ਜਿਸ ਨੇ ਇਹ ਕਿਤਾਬ ਸੰਨ ਹਿਜਰੀ ੯੯੧ ਮੁਤਾਬਿਕ ਸੰਨ ੧੫੮੩ ਵਿਚ ਲਿਖੀ ਅਤੇ ਇਹ ਸੰਨ ਉਸ ਕਿਤਾਬ ਵਿਚ ਦੇ ਕੇ ਅਕਬਰ ਬਾਦਸ਼ਾਹ ਦੇ ਲੰਮੇ ਰਾਜ ਹੋਣ ਲਈ ਦੁਆ ਕੀਤੀ ਹੈ । ਗੋਇਆ ਇਹ ਕਿਤਾਬ ਗ੍ਰੰਥ ਸਾਹਿਬ ਨਾਲੋਂ ਅੱਠ ਵਰ੍ਹੇ ਪਹਿਲੇ ਲਿਖੀ ਗਈ । ਗ੍ਰੰਥ ਸਾਹਿਬ ਵਿਚ ਕਦ ਅਤੇ ਕਿਸ ਨੇ ਪਾਈ, ਇਹ ਦੋ ਸਵਾਲ ਹਨ, ਜਿਨਾਂ ਦਾ ਜਵਾਬ ਔਖਾ ਹੈ। 'ਕਦੋਂ ਪਾਈ' ਦਾ ਜਵਾਬ ਅੰਦਾਜ਼ਨ ਦਿਤਾ ਜਾ ਸਕਦਾ ਹੈ । ਕਿਸੇ ਪ੍ਰਾਚੀਨ ਬੀੜ ਵਿਚ ਭੀ ਇਹ ਅਸਲ ਲਿਖਾਰੀ ਦੇ ਹਥ ਦੀ ਲਿਖੀ ਨਹੀਂ ਪਾਈ ਗਈ, ਸਭ ਵਿਚ ਇਹ ਫ਼ਾਲਤੂ ਬਾਣੀਆਂ ਇਕਠੀਆਂ ਕਿਸੇ ਹੋਰ ਦੀਆਂ ਲਿਖੀਆਂ ਪਿਛੋਂ ਅਤੇ ਵਰਕਿਆਂ ਪੁਰ ਹੁੰਦੀਆਂ ਹਨ । ਕਦੇ ਕਦੇ ਨਾਵੇਂ ਮਹਲੇ ਦੀ ਬਾਣੀ ਵੀ ਏਸ ਪਿਛੋਂ ਆਏ ਲਿਖਾਰੀ ਹੱਥ ਦੀ ਹੈ। ਜਿਥੇ ਇਹ ਨਾ ਭੀ ਹੋਵੇ, ਉਥੇ ਭੀ 'ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ' ਵਿਚ ਤੰਜੋਰ ਵਿਚ 'ਨਾਯਕ' ਰਾਜ ਦੇ ਹੋਣ ਅਤੇ ਤੰਜੋਰ ਦੇ ਇਕ ਨਾਯਕ ਰਾਜਾ ਦਾ ਨਾਮ ਦਿਤਾ ਹੈ, ਜਿਸ ਦੀ ਤਾਰੀਖ ਅਸੀ ਮੁਕਰਰ ਕਰ ਸਕਦੇ ਹਾਂ । ਉਹ ਤਾਰੀਖ ਸੰਨ ਈਸਵੀ ੧੬੭੩ ਜਾਂ ਸੰਮਤ ੧੭੩੦ ਬਣਦੀ ਹੈ। ਸੋ ਗ੍ਰੰਥ ਸਾਹਿਬ ਦੀਆਂ ਬੀੜਾਂ ਵਿਚ ਰਾਗਮਾਲਾ ਉਸ ਤੋਂ ਪਹਿਲੇ ਦਰਜ ਹੋਈ ਨਹੀਂ ਹੋ ਸਕਦੀ, ਅਰਥਾਤ ਗ੍ਰੰਥ ਸਾਹਿਬ ਦੀ ਆਦਿ ਬੀੜ ਤਿਆਰ ਹੋਣ ਨਾਲੋਂ ੯੨ ਵਰ੍ਹੇ ਦੇ ਪਿਛੋਂ ਜਦ ਭੀ ਹੋਵੇ ।"

"ਉਂਜ ਤਾਂ ਇਹ ਰਾਗਮਾਲਾ ਭਾਈ ਬੰਨੋ ਦੀ ਬੀੜ ਵਿਚ ਵੀ ਦਿਤੀ ਹੈ, ਨਾਵੇਂ ਮਹਲੇ ਦੀ ਬਾਣੀ ਤੋਂ ਫੌਰਨ ਪਹਿਲੇ ਅਤੇ ਨਾਵੇਂ ਮਹਲੇ ਦੀ ਬਾਣੀ ਉਸ ਬੀੜ ਵਿਚ ਆਖਰ ਪੁਰ ਹੈ। ਰਾਗਮਾਲਾ ਤੋਂ ਪਹਿਲੇ 'ਹਕੀਕਤ ਰਾਹ ਮੁਕਮ' ਵਗੈਰਾ ਹੋਰ ਬਾਣੀਆਂ ਹਨ ਅਤੇ ਉਸੇ ਇਕ ਹਥ ਦੀਆਂ ਲਿਖੀਆਂ ਹਨ । ਭਾਈ ਬੰਨੋ ਦੀ ਬੀੜ ਵਿਚ ਬਾਰਾਂ ਚੌਦਾਂ ਹਥਾਂ ਦੀ ਲਿਖਾਈ ਹੈ । ਅਤੇ ਇਹ ਅਸੀ ਉਪਰ ਦੱਸ ਆਏ ਹਾਂ ਕਿ 'ਹਕੀਕਤ' 'ਰਾਗਮਾਲਾ' ਆਦਿ ਬਹੁਤ ਪਿਛੋਂ ਪਏ ਵਰਕਿਆਂ ਪਰ ਹਨ।" (ਲਕੀਰਾਂ ਮੇਰੀਆਂ)

ਅਸਾਂ ਇਹ ਦੋ ਲੰਮੀਆਂ ਟੂਕਾਂ ਇਸ ਲਈ ਦਿੱਤੀਆਂ ਹਨ ਕਿ ਪਾਠਕ 'ਪ੍ਰਾਚੀਨ ਬੀੜਾਂ' ਦੇ ਕਰਤਾ ਦੇ ਖ਼ਿਆਲ ਚੰਗੀ ਤਰਾਂ ਸਮਝ ਲੈਣ । ਅਸੀਂ ਅਗੇ ਲਿਖ ਚੁਕੇ ਹਾਂ ਕਿ ਅਸੀਂ ਇਸ ਵਿਸ਼ੇ ਪੁਰ ਕਿ ਰਾਗਮਾਲਾ ਕਿਸ ਨੇ ਲਿਖੀ

ਇਸ ਪੁਸਤਕ ਵਿਚ ਬਹਿਸ ਨਹੀਂ ਕਰਾਂਗੇ *। ਕੋਈ ਬਾਣੀ ਕਿਸੇ ਦੀ ਬਣਾਈ ਹੋਈ ਵੀ ਹੋਵੇ ਜੇ ਕਦੀ ਪੰਜਵੇਂ ਗੁਰੂ ਜੀ ਨੇ ਚੜ੍ਹਾ ਦਿਤੀ ਹੈ ਤਾਂ ਉਹ ਹਰ ਇਕ ਸਿਖ ਨੂੰ ਪਰਵਾਨ ਹੈ। ਕਰਤਾ ਦੇ ਨਤੀਜੇ ਇਹ ਹਨ—

(੧) ਰਾਗਮਾਲਾ ਬੀੜ ਵਿਚ ਸੰਮਤ ੧੭੩੦ ਤੋਂ ਚੜ੍ਹੀ।

(੨) ਹਰ ਇਕ ਪੁਰਾਤਨ ਬੀੜ ਵਿਚ ਇਹ ਕਿਸੇ ਹੋਰ ਲਿਖਾਰੀ ਦੇ ਹਥ ਦੀ ਹੁੰਦੀ ਹੈ।

(੩) ਫ਼ਾਲਤੂ ਬਾਣੀਆਂ ਵਿਚ ਰਾਗਮਾਲਾ ਨੂੰ ਛੇਕੜਲੀ ਥਾਂ ਦਿਤੀ ਹੁੰਦੀ ਹੈ।

ਹੁਣ ਪਾਠਕਾਂ ਨੂੰ ਅਸੀ ਇਹ ਦੱਸਦੇ ਹਾਂ ਕਿ ਜੋ ਕੁਝ ਸ: ਜੀ. ਬੀ. ਸਿੰਘ ਨੇ ਉਪਰ ਲਿਖਿਆ ਹੈ ਉਸ ਦੀ ਆਪਣੀ ਖੋਜ ਦਾ ਇਕਠਾ ਕੀਤਾ ਮਸਾਲਾ ਇਸ ਦੇ ਵਿਰੁਧ ਜਾਂਦਾ ਹੈ। ਕਰਤਾਰਪੁਰ ਵਾਲੀ ਬੀੜ ਪੁਰ ਵਿਚਾਰ ਕਰਦੇ ਹੋਏ ਆਪ ਸਫ਼ਾ ੨੭੧ ਪੁਰ ਲਿਖਦੇ ਹਨ:—

"ਅਸੀਂ ਉਪਰ ਕਹਿ ਆਏ ਹਾਂ ਕਿ K੨ ਆਪਣੇ ਤੋਂ ਪਹਿਲੀ ਧੀਰਮਲੀਆਂ ਦੀ ਬੀੜ K੧ ਨੂੰ ਅਦਲ ਬਦਲ ਕੇ ਤਿਆਰ ਹੋਈ। ਜਦ ਇਹ K੧ ਬਣੀ ਉਸ ਵੇਲੇ ਤਕ 'ਮੁੰਦਾਵਣੀ', 'ਰਾਗਮਾਲਾ', 'ਰਤਨਮਾਲਾ', ਆਦਿ, ਪੁਰਾਣੀਆਂ ਬੀੜਾਂ ਵਿਚ ਦਰਜ ਹੋ ਚੁਕੀਆਂ ਸਨ ਅਤੇ 'ਬਸੰਤ ਦੀ ਵਾਰੀ ਰਾਗ ਬਸੰਤ ਹੇਠਾਂ ਲਿਖਣ ਲਗ ਪਏ ਸਨ। ਤਾਂ ਤੇ ਉਪਰਲ' ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਸੰਮਤ ੧੬੯੭

* ਇਕ ਕਾਰਨ ਇਹ ਵੀ ਹੈ ਕਿ ਇਸ ਪੁਰ ਡਾਕਟਰ ਬਲਬੀਰ ਸਿੰਘ ਹੋਰੀਂ ਵਖਰੀ ਪੁਸਤਕ ਤਿਆਰ ਕਰ ਰਹੇ ਹਨ ਤੇ ਉਨ੍ਹਾਂ ਦੀ ਖੋਜ ਦੇ ਮਸਾਲੇ ਨੂੰ ਮੈਂ ਅਗੋਂ ਹੀ ਵਰਤਣਾ ਨਹੀਂ ਚਾਹੁੰਦਾ ॥

ਵਿਚ ਇਕ ਉਤਾਰਾ ਭਾਈ ਬੰਨੋ ਵਾਲੀ ਬੀੜ ਦੀ ਕਿਸੇ ਨਕਲ ਤੋਂ ਧੀਰਮਲ ਦੇ ਮਸੰਦਾਂ ਨੇ ਕੀਤਾ। ਇਹ ਬੀੜ K੧ ਕਰਤਾਰਪੁਰ ਦੀ ਪਹਿਲੀ ਬੀੜ ਸੀ" (ਲਕੀਰਾਂ ਮੇਰੀਆਂ)

ਇਥੇ ਸਾਫ਼ ਲਿਖਿਆ ਹੈ ਕਿ ਸੰਮਤ ੧੬੯੭ ਵਾਲੀ ਬੀੜ ਜਿਸ ਤੋਂ ਨਕਲ ਹੋਈ ਉਸ ਵਿਚ ਰਾਗਮਾਲਾ ਚੜ੍ਹ ਚੁਕੀ ਸੀ। ਫਿਰ ਆਪ ਨੇ ਇਹ ਨਤੀਜਾ ਕਿਸ ਤਰਾਂ ਕਢਿਆ ਕਿ ਇਹ "ਰਾਗਮਾਲਾ' ਗ੍ਰੰਥ ਸਾਹਿਬ ਦੀਆਂ ਬੀੜਾਂ ਵਿਚ ੧੭੩੦ ਤੋਂ ਪਹਿਲੇ ਦਰਜ ਹੋ ਹੀ ਨਹੀਂ ਸੀ ਸਕਦੀ। ਇਥੇ ਹੀ ਬਸ ਨਹੀਂ। ਸਾਰੇ ਸਿਖ ਜਾਣਦੇ ਹਨ ਕਿ ਭਾਈ ਬੰਨੋ ਵਾਲੀ ਬੀੜ ਆਦਿ ਬੀੜ ਦਾ ਪਹਿਲਾ ਉਤਾਰਾ ਸੀ। ਆਪ ਉਸ ਦੇ ਉਤਾਰੇ ਦਾ ਸੰਮਤ ੧੬੪੯ ਅੱਸੂ ਵਦੀ ੧ ਮੰਨਦੇ ਹਨ। ਅਤੇ ਸਫ਼ਾ ੧੨੯ ਪੁਰ ਲਿਖਦੇ ਹਨ—

"ਪਰ ਇਹ ਪਿਛੋਂ ਪਾਈਆਂ ਬਾਣੀਆਂ ਅਸਲ ਬੀੜ ਪੁਰ ਕੋਈ ਅਸਰ ਨਹੀਂ ਰਖਦੀਆਂ। ਕੱਟ ਵਢ ਕੇ ਜੋ ਧੁਨੀਆਂ ਵਧਾਈਆਂ ਹਨ, ਅਤੇ ਬੀੜ ਲਿਖੇ ਜਾਣ ਦੇ ਸੰਮਤ ਨੂੰ ਜੋ ਸਾਫ਼ ਸਾਫ਼ ਬਦਲਿਆ ਦਿਸ ਰਿਹਾ ਹੈ, ਇਹ ਦੋਵੇਂ ਇਸ ਗਲ ਦਾ ਪੱਕਾ ਸਬੂਤ ਹਨ ਕਿ ਮੌਜੂਦਾ ਗ੍ਰੰਥ ਸਾਹਿਬ ਅਸਲੀ ਭਾਈ ਬੰਨੋ ਵਾਲੀ ਬੀੜ ਹੈ।"

ਸ: ਜੀ. ਬੀ. ਸਿੰਘ ਪਿਛੋਂ ਹੋਈਆਂ ਤਬਦੀਲੀਆਂ ਦੇ ਹੁੰਦਿਆਂ ਸੁੰਦਿਆਂ ਇਸ ਬੀੜ ਨੂੰ ਭਾਈ ਬੰਨੋ ਵਾਲੀ ਅਸਲੀ ਬੀੜ ਮੰਨਦੇ ਹਨ। ਇਸ ਬੀੜ ਦੇ ਦਰਸ਼ਨ ਕਰਨ ਦਾ ਆਪ ਨੂੰ ਕਾਫੀ ਸਮਾ ਨਾ ਮਿਲਿਆ, ਇਸ ਲਈ ਆਪ ਨੇ ਕੁਝ ਸਵਾਲ ਸਰਦਾਰ ਬਿਸ਼ਨ ਸਿੰਘ ਜੀ ਬੰਨੋਆਨੀਏ ਨੂੰ ਲਿਖ ਘਲੇ। "ਸਰਦਾਰ ਬਿਸ਼ਨ ਸਿੰਘ ਜੀ ਬੰਨੋਆਨੀਏ ਨੇ, ਜੋ ਸਿਆਣੇ ਸੱਜਣ ਹਨ ਅਤੇ ਇਹੋ ਜਿਹੀ ਖੋਜ ਪੜਤਾਲ ਦੇ ਸ਼ੌਕੀਨ ਜਾਪਦੇ ਹਨ,

ਆਪਣੀ ਬੀੜ ਵਿਚੋਂ ਵੀ ਤੇ ਬੋਹਤ ਅਤੇ ਪਿੰਡੀ ਲਾਲਾ ਜਾ ਕੇ ਉਨ੍ਹਾਂ ਬੀੜਾਂ ਵਿਚੋਂ ਵੀ ਮੇਰੇ ਸਵਾਲਾਂ ਦੇ ਜਵਾਬ ਢੂੰਡ ਕੇ ਮੈਨੂੰ ਲਾਹੌਰ ਆ ਕੇ ਦਰਸ਼ਨ ਦੇਣ ਦੀ ਖੇਚਲ ਕੀਤੀ, ਅਤੇ ਇਹਨਾਂ ਸਵਾਲਾਂ ਸੰਬੰਧੀ ਮੇਰੇ ਨਾਲ ਚਰਚਾ ਭੀ ਕੀਤੀ। ਮੈਂ ਉਹਨਾਂ ਦਾ ਬੜਾ ਧੰਨਵਾਦੀ ਹਾਂ।'' (ਸਫ਼ਾ ੧੩੭)

ਇਹ ਭਾਈ ਬਿਸ਼ਨ ਸਿੰਘ ਜੀ ਆਪ ਦੇ ਸਵਾਲਾਂ ਦੇ ਜਵਾਬ ਵਿਚ ਅੰਕ (੪ ੳ) ਸਫ਼ਾ ੧੩੯ ਵਿਚ ਇਹ ਲਿਖਦੇ ਹਨ:—

''ਗ੍ਰੰਥ ਸਾਹਿਬ ਦੇ ਅੰਤ ਪੁਰ ਇਹ ਵਾਧੂ ਬਾਣੀਆਂ ਹੇਠ ਦਿੱਤੀ ਤਰਤੀਬ ਵਿਚ ਮੌਜੂਦ ਹਨ:—

(ੳ) ਸਲੋਕ, 'ਜਿਤ ਦਰ ਲਖ ਮੁਹੰਮਦਾ',
(ਅ) ਸਲੋਕ, 'ਬਾਇ ਆਤਿਸ਼ ਆਬ',
(ੲ) ਰਤਨਮਾਲਾ,
(ਸ) ਹਕ਼ੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ,
(ਹ) ਰਾਗ਼ਮਾਲਾ।

ਰਾਗ ਕਾਨੜਾ ਤੋਂ ਲੈ ਕੇ ਇਸ ਵਾਧੂ ਬਾਣੀ ਸਮੇਤ ਰਾਗ-ਮਾਲਾ ਤੇ ਸਿਆਹੀ ਦੀ ਬਿਧੀ ਇਕ ਹੱਥ ਦੀ ਲਿਖਤ ਹੈ।''

ਸ: ਜੀ. ਬੀ. ਸਿੰਘ ਇਹ ਗੱਲ ਮੰਨਦਾ ਹੈ ਕਿ ਭਾਈ ਬੰਨੋ ਨੇ ਕਈ ਲਿਖਾਰੀ ਲਾ ਕੇ ਇਕ ਬੀੜ ਲਿਖਵਾਈ ਸੀ। ਸਫ਼ੇ ੧੨੪ ਪੁਰ ਲਿਖਿਆ ਹੈ, ''ਸੋ ਸਾਫ਼ ਦਿਸਦਾ ਹੈ ਕਿ ਭਾਈ ਸਾਹਿਬ ਦਰਜਨ ਕੁ ਲਿਖਾਰੀ ਨਾਲ ਲੈ ਕੇ ਮੁੜੇ'' ਅਤੇ ਅਗੇ ਦੱਸਿਆ ਹੈ, ''ਔਸਤਨ ਹਰ ਇਕ ਦੇ ਹਿੱਸੇ ੨੦ ਜੁਜ਼ਾਂ ਜਾਂ ਅੱਸੀ ਅੱਸੀ ਵਰਕੇ ਸੈਂਚੀਆਂ ਦੇ ਪੈਂਦੇ ਹਨ।'' ਹੁਣ ਕਾਨੜਾ ਰਾਗ ਤੋਂ ਲੈ ਕੇ ਅਖੀਰ ਤੀਕ ਲਗ ਭਗ ਬਾਹਰਵਾਂ ਹਿੱਸਾ ਹੀ ਬੀੜ ਦਾ ਬਣਦਾ ਹੈ। ਇਕ ਸਿਆਣੇ ਸਜਣ ਨੇ ਇਹ ਤਸਦੀਕ ਕਰ ਕੇ ਗੱਲ ਆਪ ਨੂੰ ਲਿਖੀ ਕਿ ਇਹ ਸਾਰੇ ਪੱਤਰੇ ਇਕੋ ਲਿਖਾਰੀ ਦੇ ਹਥੀਂ ਲਿਖੇ ਹੋਏ ਹਨ। ਇਹ ਗੱਲ ਆਪ ਦੇ ਮਿਥੇ ਹੋਏ ਸਿਧਾਂਤ

ਦੇ ਉਲਟ ਬੈਠਦੀ ਸੀ। ਆਪ ਨੇ ਝਟ ਪਟ ਉਸ ਪੁਰ ਇਕ ਨੋਟ ਦੇ ਦਿਤਾ:—

''ਜੇ ਇਹ ਠੀਕ ਹੈ, ਤਦ ਸਾਨੂੰ ਕਹਿਣਾ ਪਵੇਗਾ ਕਿ ਇਹ ਸਾਰੇ ਵਰਕੇ ਭਾਈ ਬੰਨੋ ਜੀ ਦੇ ਲਿਖਾਰੀਆਂ ਵਿਚੋਂ ਕਿਸੇ ਦੀ ਲਿਖਤ ਨਹੀਂ, ਬਹੁਤ ਚਿਰ ਪਿਛੋਂ ਕਿਸੇ ਹੋਰ ਨੇ ਲਿਖ ਕੇ ਪਾਏ ਹਨ। ਅਸਲ ਬੀੜ ਦੇ ਛੇਕੜਲੇ ਕੁਝ ਵਰਕੇ ਖ਼ਸਤਾ ਹੋ ਗਏ ਹੋਣਗੇ।'' (ਸਫ਼ਾ ੧੪੦) ਧੰਨ ਖੋਜ ਦੀ ਈਮਾਨਦਾਰੀ। ਇਹ ਤਾਂ ਮੰਨਿਆ ਜਾ ਸਕਦਾ ਹੈ ਕਿ ਇਕ ਦੋ ਜਾਂ ਚਾਰ ਵਰਕੇ ਖ਼ਸਤਾ ਹੋ ਗਏ ਹੋਣਗੇ, ਪਰ ਇਕੱਠਾ ਹੀ ਲਗ ਭਗ ਬਾਹਰਵਾਂ ਹਿੱਸਾ ਖ਼ਸਤਾ ਹੋ ਗਿਆ ਤੇ ਇਹ ਖ਼ਸਤਾ ਹੋਣ ਦਾ ਵੀ ਨਿਰਾ ਸ਼ੱਕ! ਕੀ ਸ਼ੱਕ ਪੁਰ ਇਕ ਅਮਰ ਵਾਕਿਆ ਰੱਦ ਕੀਤਾ ਜਾ ਸਕਦਾ ਹੈ। ਪਰ ਭਾਈ ਬਿਸ਼ਨ ਸਿੰਘ ਜੀ ਨੇ ਜੋ (੭ ਅ) ਵਿਚ ਉੱਤਰ ਦਿਤਾ ਹੈ, ਉਸ ਵਿਚ ਰਾਗਮਾਲਾ ਬਾਬਤ ਕੁਝ ਹੋਰ ਲਿਖਿਆ ਹੈ। ਭਾਈ ਸਾਹਿਬ ਨੇ ਲਿਖਿਆ ਹੈ। (ਸਫ਼ਾ ੧੪੧)

''੭ (ਅ) ਤਤਕਰਾ ਰਾਗਾਂ ਦਾ ਪਹਿਲੇ ਦਿਤਾ ਹੈ, ਜਿਸ ਵਿਚ ਰਾਗਾਂ ਦੇ ਪਿਛੇ ਇਹ ਚੀਜ਼ਾਂ ਹਨ:—

ਸਲੋਕ ਸਹਸਕ੍ਰਿਤੀ, ਗਾਥਾ, ਸਲੋਕ ਕਬੀਰ ਜੀ, ਸਲੋਕ ਫਰੀਦ ਜੀ, ਸਵੇਯੇ, ਸਲੋਕ ਵਾਰਾਂ ਤੇ ਵਧੀਕ, ਸਲੋਕ ਜਿਤ ਦਰ ਲਖ ਮੁਹੰਮਦਾ, ਰਤਨਮਾਲਾ, ਹਕੀਕਤ ਰਾਹਮੁਕਾਮ ਰਾਜੇ ਸ਼ਿਵਨਾਭ ਕੀ, ਰਾਗਮਾਲਾ।

ਇਹ ਪ੍ਰਤੀਕਾਂ ਦਿਤੀਆਂ ਹਨ ਅਤੇ ਪੰਨਿਆਂ ਦੇ ਅੰਕ ਵੀ ਦਿਤੇ ਹਨ।''

ਇਸ ਪੁਰ ਆਪ ਨੇ ਕੋਈ ਨੋਟ ਨਹੀਂ ਦਿਤਾ ਤੇ ਦੇਣ ਵੀ ਕੀ? ਤਤਕਰੇ ਵਿਚ ਵੀ ਇਨ੍ਹਾਂ ਬਾਣੀਆਂ ਦੀਆਂ ਪ੍ਰਤੀਕਾਂ ਅਤੇ ਪੰਨੇ ਮੌਜੂਦ ਹਨ ਅਤੇ ਉਨ੍ਹਾਂ ਪੰਨਿਆਂ ਪੁਰ ਬਾਣੀਆਂ ਵੀ ਮੌਜੂਦ ਹਨ। ਇਸ ਤੋਂ ਪਤਾ ਲਗਾ ਕਿ ਸੰਮਤ ੧੬੪੯ ਵਿਚ (ਆਖ

ਦੇ ਲਿਖੇ ਮੁਜਬ) ਜੋ ਪਹਿਲਾ ਉਤਾਰਾ ਹੋਇਆ, ਉਸ ਵਿਚ ਰਾਗਮਾਲਾ ਮੌਜੂਦ ਸੀ। ਭਾਈ ਬੰਨੋ ਸਾਹਿਬ ਨੇ ਵਾਧੂ ਬਾਣੀਆਂ ਰਾਗਮਾਲਾ ਤੋਂ ਪਹਿਲੇ ਕਿਉਂ ਚੜ੍ਹਾਈਆਂ। ਕਾਰਨ ਇਹ ਹੈ ਕਿ ਕਰਤਾਰ ਪੁਰ ਵਾਲੀ ਆਦਿ ਬੀੜ ਵਿਚ ਰਾਗਮਾਲਾ ਪੁਰ ਭੋਗ ਪੈਂਦਾ ਸੀ, ਇਸ ਲਈ ਭਾਈ ਸਾਹਿਬ ਨੇ ਬਾਣੀਆਂ ਨੂੰ ਬੀੜ ਦੇ ਪਾਠ ਵਿਚ ਸ਼ਾਮਲ ਕਰਨ ਲਈ ਭੋਗ ਰਾਗਮਾਲਾ ਪੁਰ ਹੀ ਪਾਣਾ ਮੁਨਾਸਬ ਸਮਝਿਆ ਅਤੇ ਇਸ ਲਈ ਜਿਤਨੇ ਬੀ ਲਿਖਾਰੀ ਹੋਏ ਉਨ੍ਹਾਂ ਸਾਰਿਆਂ ਹੋਰ ਜੋ ਕੁਝ ਵੀ ਕੀਤਾ ਰਾਗ--ਮਾਲਾ ਅੰਤ ਵਿਚ ਹੀ ਲਿਖੀ। ਅੱਗੇ ਹੋਰ ਵੇਖੋ।

ਆਪ ੧੪੬ ਪੰਨੇ ਪੁਰ ਲਿਖਦੇ ਹਨ:—

"ਭਾਈ ਬੰਨੋ ਵਾਲੀ ਬੀੜ ਤੋਂ ਪਹਿਲਾ ਉਤਾਰਾ ਵਰ੍ਹੇ ਦੇ ਅੰਦਰ ਹੀ ਹੋ ਗਿਆ, ਅਤੇ ਉਹ ਬੀੜ ਮਾਂਗਟ ਤੋਂ ਪੰਜ ਕੁ ਮੀਲ ਤੇ ਇਕ ਪਿੰਡ ਬੋਹਤ ਵਿਚ ਪੰਚਾਇਤੀ ਗੁਰਦਵਾਰੇ ਵਿਚ ਮੌਜੂਦ ਹੈ। ਪਿਛਲੇ ੨੬ ਵਰਕੇ ਜੋ ਸੌ ਵਰ੍ਹਾ ਪਿਛੋਂ ਪਾਏ ਗਏ ਹਨ, ਛਡ ਕੇ ਇਹ ਗ੍ਰੰਥ ਸਾਰੇ ਦੇ ਸਾਰੇ ਪਤ੍ਰੇ ੧ ਤੋਂ ਪਤ੍ਰੇ ੫੬੯ ਤਕ ਇਕ ਹੀ ਲਿਖਾਰੀ ਦੇ ਹੱਥਾਂ ਦਾ ਸਾਫ਼ ਲਿਖਿਆ ਹੈ, ਤਤਕਰਿਆਂ ਸਮੇਤ। ਅਤੇ ਤਤਕਰੇ ਦੇ ਪਿਛੇ ਤਿੰਨ ਉਂਗਲਾਂ ਖਾਲੀ ਥਾਂ ਛੱਡ ਕੇ ਉਸੇ ਹੱਥ ਦਾ ਲਿਖਿਆ ਸੰਮਤ ਹੈ, ਇਸ ਗ੍ਰੰਥ ਸਾਹਿਬ ਦੇ ਲਿਖੇ ਜਾਣ ਦਾ। ਤਤਕਰੇ ਤੋਂ ਇਹ ਭੀ ਦਿਸਦਾ ਹੈ ਕਿ ਇਕ ਪਤ੍ਰਾ ੫੬੯ ਸੀ, ਜਿਸ ਉਤੇ ਪਹਿਲੇ ਲਿਖਾਰੀ ਨੇ ਹੀ 'ਰਾਗਮਾਲਾ' ਤੇ 'ਚਲਿਤ੍ਰੁ ਜੋਤੀ ਜੋਤ ਸਮਾਵਣ ਕਾ' ਲਿਖੇ ਸਨ। ਇਹ ਅਸਲੀ ਉਤਾਰੇ ਵਿਚ ਸਨ। ਇਸ ਪਤ੍ਰੇ ੫੬੯ ਨੂੰ ਕੱਢ ਕੇ ੨੬ ਪਤ੍ਰੇ ਹੋਰ ਬਨਤ ਦੇ ਕਾਗਜ਼ ਦੇ ਪਾਏ ਗਏ, ਜਿਨ੍ਹਾਂ ਪੁਰ ਕਈ ਤਰ੍ਹਾਂ ਦੀ ਫ਼ਾਲਤੂ ਬਾਣੀ ਆਦਿ ਲਿਖੀ ਹੋਈ ਹੈ।" (ਲਕੀਰਾਂ ਮੇਰੀਆਂ)।

ਜਿਸ ਤੋਂ ਸਾਫ਼ ਸਾਬਤ ਹੈ ਕਿ ਜੇ ਇਹ ਪਹਿਲਾ ਉਤਾਰਾ ਭਾਈ ਬੰਨੋ ਜੀ ਦੀ ਬੀੜ ਦਾ ਸੀ ਤਾਂ ਰਾਗਮਾਲਾ ਭਾਈ ਬੰਨੋ ਸਾਹਿਬ ਦੀ ਬੀੜ ਵਿਚ ਜ਼ਰੂਰ ਸੀ, ਜਿਸ ਤਰ੍ਹਾਂ ਕਿ ਅਗੇ ਅਸੀਂ ਸਿੱਧ ਕਰ ਚੁਕੇ ਹਾਂ।

੧੬੭ ਸਫ਼ੇ ਤੋਂ ਆਪ ਸੰਮਤ ੧੭੧੯ ਦੀ ਬੀੜ ਡੇਹਰਾਦੂਨ ਵਾਲੀ ਦਾ ਜ਼ਿਕਰ ਕਰਦੇ ਹਨ। ਆਪ ਲਿਖਦੇ ਹਨ, "ਇਹ ਬੀੜ ਗੁਰੂ ਹਰਿਰਾਇ ਸਾਹਿਬ ਨੇ ਬਾਬਾ ਰਾਮਰਾਇ ਨਾਲ ਦਿੱਲੀ ਭੇਜਣ ਲਈ ਤਿਆਰ ਕਰਵਾਈ। ਭਾਵੇਂ ਇਹ ਉਤਾਰਾ ਕੀਤਾ ਤਾਂ ਕਿਸੇ ਹੋਰ ਬੀੜ ਤੋਂ ਗਿਆ ਸੀ, ਪਰ ਏਸ ਦਾ ਮੁਕਾਬਲਾ ਪੰਚਮ ਪਾਤਸ਼ਾਹੀ ਦੀ ਆਦਿ ਬੀੜ ਨਾਲ ਕੀਤਾ ਗਿਆ, ਜਿਸ ਗੱਲ ਦਾ ਸਬੂਤ ਏਸ ਦੇ ਅੰਦਰ ਹੀ ਮੌਜੂਦ ਹੈ। ਏਸ ਤਰ੍ਹਾਂ ਮੁਕਾਬਲਾ ਕਰਨ ਪੁਰ ਕੁਝ ਸੁਧਾਈਆਂ ਏਸ ਵਿਚ ਉਸੇ ਵੇਲੇ ਕੀਤੀਆਂ ਗਈਆਂ, ਪਰ ਪਿਛੋਂ ਇਹ ਅਨਛੋਹੀ ਰਹੀ, ਨਾਵੇਂ ਮਹਿਲ ਦੇ ਸ਼ਬਦ ਵੀ ਨਹੀਂ ਚੜ੍ਹਾਏ ਗਏ। ਤਾਂ ਤੇ ਏਸ ਬੀੜ ਵਿਚ ਅਸਲ ਆਦਿ ਬੀੜ ਦੀ ਨਕਲ ਸਾਡੇ ਪਾਸ ਮੌਜੂਦ ਹੈ।" ਫਿਰ ਸਫ਼ਾ ੧੭੧ ਪੁਰ ਕਿਹਾ ਹੈ, "ਬੀੜ ਦੇ ਅੰਤ ਪੁਰ 'ਚਲਿਤ੍ਰੁ ਜੋਤੀ ਜੋਤ ਸਮਾਵਣ ਕਾ' ਤਿੰਨ ਵਾਰੀ ਕਰਕੇ ਦਿਤੇ ਹਨ।" ਅਤੇ ਸਫਾ ੧੭੩ ਪੁਰ ਲਿਖਿਆ ਹੈ "'ਮੁੰਦਾਵਣੀ' ਤੋਂ ਪਿਛੇ ਉਪਰ ਦੱਸੀਆਂ ਤਿੰਨ ਲਿਸਟਾਂ ਤੋਂ ਇਲਾਵਾ 'ਰਾਗਮਾਲ।' ਅਤੇ 'ਵਾਰ ਬਸੰਤ ਕੀ ਮਹਲਾ ੧' ਇਹ ਦੋ ਚੀਜ਼ਾਂ ਦਿਤੀਆਂ ਹਨ। ਗ਼ਲਤੀ ਨਾਲ 'ਬਸੰਤ ਕੀ ਵਾਰ' ਨੂੰ ਮਹਲੇ ਪਹਿਲੇ ਦੀ ਸਮਝਿਆ ਹੈ, ਜਿਵੇਂ ਹੋਰ ਸਲੋਕ 'ਜਿਤ ਦਰ ਲਖ ਮੁਹਮਦਾ' ਆਦਿ ਹੁੰਦੇ ਹਨ। ਏਸ ਗਲਤੀ ਕਰਕੇ ਕਈ ਬੀੜਾਂ ਵਿਚ ਇਹ ਪਿਛੋਂ ਵੀ ਗ੍ਰੰਥ ਸਾਹਿਬ ਦੇ ਅੰਦਰ ਰਾਗ ਬਸੰਤ ਹੇਠਾਂ ਦਰਜ ਨਹੀਂ ਕੀਤੀ ਗਈ।"

ਸਫ਼ਾ ੧੬੯ ਪੁਰ 'ਪ੍ਰਾਚੀਨ ਬੀੜਾਂ' ਦੇ ਕਰਤਾ ਨੇ ਉਨ੍ਹਾਂ ਸੁਧਾਈਆਂ ਦਾ ਜ਼ਿਕਰ ਕੀਤਾ ਹੈ ਜੋ ਇਸ ਬੀੜ ਨੂੰ ਆਦਿ ਬੀੜ

ਨਾਲ ਸੋਧ ਕੇ ਕੀਤੀਆਂ ਗਈਆਂ ।

"(ੳ) ਰਾਗ ਮਾਰੂ ਦੇ ਅੰਤ ਪੁਰ ਥੋੜੀ ਜਿਹੀ ਥਾਂ ਰਹਿੰਦੀ ਸੀ,। ਲਿਖਾਰੀ ਨੇ ਏਸ ਥੋੜ੍ਹੀ ਥਾਂ ਵਿਚ ਘੁਸੇੜ ਕੇ ਬਰੀਕ ਅੱਖਰਾਂ ਵਿਚ ਮੀਰਾਬਾਈ ਦਾ ਸ਼ਬਦ ਕਿਤੋਂ ਹੋਰ ਬੀੜ ਤੋਂ ਲੈ ਕੇ ਲਿਖਿਆ ਹੈ, ਜਾਂ ਕਿਸੇ ਤੋਂ ਜ਼ਬਾਨੀ ਸੁਣ ਕੇ ਕਿਉਂ ਜੋ ਇਕ ਦੋ ਲਫ਼ਜ਼ਾਂ ਦਾ ਫ਼ਰਕ ਹੈ।

ਏਸ ਸ਼ਬਦ ਦੇ ਹੇਠਾਂ ਮੁਟੇਰੇ ਅੱਖਰਾਂ ਵਿਚ ਲਿਖਿਆ ਹੈ:—

'ਮੀਰਾਂ ਬਾਈ ਕਾ ਸ਼ਬਦ ਪੰਜਵੇਂ ਮਹਲੈ ਕੇ ਗਿਰੰਥ ਨਾਹੀ' ।

(ਅ) ਏਸੇ ਤਰ੍ਹਾਂ ਇਕ ਹੋਰ ਸ਼ਬਦ ਹਾਸ਼ੀਏ ਪੁਰ ਲਿਖਿਆ ਹੈ, ਅਤੇ ਨਿਸ਼ਾਨ ਲਾ ਕੇ ਦੱਸਿਆ ਹੈ ਕਿ ਇਹ ਮੀਰਾਬਾਈ ਦੇ ਸ਼ਬਦ ਤੋਂ ਪਹਿਲੇ ਲਿਖਿਆ ਜਾਣਾ ਚਾਹੀਦਾ ਸੀ। ਸ਼ਬਦ ਇਹ ਹੈ—ਮਾਰੂ ਰਵਿਦਾਸ ਜੀ:—

ਸੁਖ ਸਾਗਰ ਸੁਰਿਤਰ ਚਿੰਤਾ ਮਣਿ........ਕਹਿ ਰਵਿਦਾਸ
ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗੀ ॥੩॥੨॥੧੭॥

ਏਸ ਸ਼ਬਦ ਦੇ ਹੇਠਾਂ ਫੇਰ ਲਿਖਿਆ ਹੈ:—

'ਇਹ ਸ਼ਬਦ ਪੰਜਵੇਂ ਮਹਲੇ ਕੇ ਗਿਰੰਥ ਉਪਰਹੁ ਲਿਖਿਆ।'

(ੲ) 'ਸਲੋਕ ਵਾਰਾਂ ਤੋਂ ਵਧੀਕ' ਪਹਿਲੇ, ਤੀਜੇ ਅਤੇ ਚੌਥੇ ਮਹਲੇ ਦੇ ਲਿਖ ਕੇ ਹੇਠਾਂ ਲਿਖਿਆ ਹੈ:—

ਇਤਨੇ ਸਲੋਕ ਪੰਜਵੇਂ ਮਹੱਲੇ ਕੇ ਗਿਰੰਥ ਉਪਰਹੁ ਲਿਖੇ।"

ਇਨ੍ਹਾਂ ਟੂਕਾਂ ਪੁਰ ਵਿਚਾਰ ਕਰਦਿਆਂ ਇਹ ਪਤਾ ਲੱਗਾ ਕਿ ਇਹ ਬੀੜ ਆਦਿ ਬੀੜ ਨਾਲ ਮੁਕਾਬਲਾ ਕੀਤੀ ਗਈ । ਹੋਰ ਸੁਧਾਈਆਂ ਕੀਤੀਆਂ ਗਈਆਂ । ਪਰ ਰਾਗਮਾਲਾ ਜਿਉਂ ਕੀ ਤਿਉਂ ਕਾਇਮ ਰਹੀ। ਸ: ਜੀ. ਬੀ. ਸਿੰਘ ਮੰਨਦਾ ਹੈ ਕਿ ਇਹ ਬੀੜ ੧੭੧੯ ਵਿਚ ਗੁਰੂ ਹਰਿਰਾਇ ਨੇ ਆਪ ਤਿਆਰ ਕਰਵਾਈ। ਸੁਧਾਈਆਂ ਜੋ ਹੋਈਆਂ ਹਨ, ਉਸੇ ਵੇਲੇ ਕੀਤੀਆਂ ਗਈਆਂ ਹਨ। ਇਹ ਬੀੜ ਪਿਛੋਂ ਅਨਛੋਹ ਰਹੀ । ਹੁਣ ਜੇ ਆਦਿ-ਬੀੜ ਵਿਚ

ਰਾਗਮਾਲਾ ਨਾ ਹੁੰਦੀ ਤਾਂ ਸੁਧਾਈ ਕਰਨ ਵਾਲਾ ਮੀਰਾਬਾਈ ਦੇ ਸ਼ਬਦ ਪੁਰ ਦਿਤੀ ਟਿਪਣੀ ਵਾਂਗ ਇਥੇ ਵੀ ਲਿਖ ਦਿੰਦਾ ਕਿ ਇਹ ਬਾਣੀ ਆਦਿ ਬੀੜ ਵਿਚ ਨਹੀਂ । ਰਾਗਮਾਲਾ ਦਾ ਇਸ "ਅਤਿ ਪ੍ਰਮਾਣੀਕ" ਬੀੜ ਵਿਚ ਕਾਇਮ ਰਹਿਣਾ ਸਪਸ਼ਟ ਸਾਬਤ ਕਰਦਾ ਹੈ ਕਿ ਇਹ ਆਦਿ ਬੀੜ ਵਿਚ ਸੀ। ਹੁਣ ਸੰਮਤ ੧੭੧੯ ਦੀ ਬੀੜ ਵਿਚ ਰਾਗਮਾਲਾ ਦਾ ਹੋਣਾ ਆਪ ਦੇ ਕਲਪਤ ਕੀਤੇ ਗਏ ਸੰਮਤ ਦੇ ਵਿਰੁੱਧ ਸੀ । ਨਾਲੇ ਆਦਿ ਬੀੜ ਵਿਚ ਇਸ ਦਾ ਹੋਣਾ ਸਾਬਤ ਹੋ ਗਿਆ । ਆਪਣੀ ਹੀ ਖੋਜ ਦੇ ਇਨ੍ਹਾਂ ਸਿੱਟਿਆਂ ਤੋਂ ਬਚਣ ਲਈ ਸਫ਼ਾ ੧੭੪ ਪੁਰ ਇਕ ਢੁੱਚਰ ਘੜਨ ਦਾ ਯਤਨ ਕੀਤਾ ਹੈ। ਲਿਖਿਆ ਹੈ:—

"ਪਰ ਹੋਰ ਗੱਲਾਂ ਤੋਂ ਮਲੂੰਮ ਹੁੰਦਾ ਹੈ ਕਿ ਇਹ ੧੭੧੯ ਵਾਲੀ ਬੀੜ ਆਦਿ ਬੀੜ ਤੋਂ ਤੀਜੇ ਕੁ ਥਾਂ ਨਕਲ ਸੀ, ਅਤੇ ਏਸ ਦੇ ਅਤੇ ਬੂੜੇ ਸੰਧੂ ਵਾਲੀ ਬੀੜ ਦੇ ਵਿਚਾਲੇ ਇਕ ਜਾਂ ਹੱਦ ਦੋ ਹੀ ਹੋਰ ਬੀੜਾਂ ਜਾਂ ਨਕਲਾਂ ਸਨ। ਉਸ ਪੁਰਾਣੀ ਬੀੜ ਵਿਚ, ਜਿਸ ਤੋਂ ਇਹ ਉਤਾਰਾ ਕੀਤੀ ਗਈ, ਅੰਤ ਪੁਰ ਮੁੰਦਾਵਣੀ ਤੇ ਰਾਗਮਾਲਾ ਲਿਖੇ ਜਾ ਚੁਕੇ ਸਨ, ਸ਼ਾਇਦ ਅਸਲ ਲਿਖਾਰੀ ਨਾਲੋਂ ਭਿੰਨ ਕਿਸੇ ਦੂਸਰੇ ਦੀ ਹੱਥੀ" । (ਲਕੀਰਾਂ ਮੇਰੀਆਂ)

ਢੁਚਰ ਤਾਂ ਏਸ ਲਈ ਘੜਿਆ ਹੈ ਤਾਂ ਜੋ ਸਿੱਧ ਕੀਤਾ ਜਾਏ ਕਿ ਰਾਗਮਾਲਾ ਆਦਿ ਬੀੜ ਵਿਚ ਨਹੀਂ ਸੀ। ਪਰ ਸਿੱਧ ਇਹ ਟੂਕ ਕੁਝ ਹੋਰ ਕਰ ਗਈ ਹੈ। "ਸ਼ਾਇਦ ਅਸਲ ਲਿਖਾਰੀ ਨਾਲੋਂ ਭਿੰਨ ਕਿਸੇ ਦੂਸਰੇ ਦੀ ਹੱਥੀ" ਵਾਕੰਸ ਜਾਹਿਰ ਕਰਦਾ ਹੈ ਕਿ ਜਿਸ ਵੇਲੇ ਕਰਤਾ ਦੇ ਸਾਹਮਣੇ ਆਪਣੇ ਮਿਥੇ ਹੋਏ ਖ਼ਿਆਲਾਂ ਦੇ ਵਿਰੁੱਧ ਕੋਈ ਗੱਲ ਆ ਜਾਂਦੀ ਹੈ ਤੇ ਉਹ ਉਸ ਨੂੰ ਰੱਦ ਨਹੀਂ ਕਰ ਸਕਦਾ ਤਾਂ ਸ਼ਕ ਪਾ ਕੇ ਹੀ ਗੁਜ਼ਾਰਾ ਕਰਨੋਂ ਨਹੀਂ ਸੰਗਦਾ, ਹਾਲਾਂਕਿ ਸ਼ੱਕ ਕਿਸੇ ਅਸਲੀਅਤ ਦੀ ਖੋਜ ਦਾ ਭਾਗ

ਨਹੀਂ ਹੋ ਸਕਦਾ, ਨਾ ਸ਼ੱਕੀ ਬਿਆਨ ਸਾਬਤ ਕਰ ਸਕਦੇ ਹਨ ਕਿ ਲੇਖਕ ਅਸਲੀਅਤ ਤੇ ਅੱਪੜ ਗਿਆ ਹੈ । ਜਦ ਲੇਖਕ ਨੂੰ ਆਪ ਹੀ ਸ਼ੱਕ ਹੈ ਤਾਂ ਫਿਰ ਪਾਠਕ ਦਾ ਕਿਸ ਤਰ੍ਹਾਂ ਨਿਸਚਾ ਬੱਝ ਸਕਦਾ ਹੈ।

ਪਰ ਲੁਤਫ਼ ਇਹ ਹੈ ਕਿ ਇਨ੍ਹਾਂ ਹੇਠਾਂ ਲਕੀਰਾਂ ਵਾਲੇ ਸ਼ਬਦਾਂ ਨੇ ਸਾਬਤ ਇਹ ਕਰ ਦਿਤਾ ਹੈ ਕਿ ਜਿਸ ਬੀੜ ਤੋਂ ਇਹ ਪ੍ਰਮਾਣੀਕ ਸੰਮਤ ੧੭੧੬ ਵਾਲੀ ਬੀੜ ਨਕਲ ਕੀਤੀ ਗਈ ਹੈ, ਉਸ ਵਿਚ ਵੀ 'ਰਾਗਮਾਲਾ' ਮੌਜੂਦ ਸੀ। ਬੂੜੇ ਸੰਧੂ ਵਾਲੀ ਬੀੜ ਦਾ ਸੰਮਤ ਆਪ ਨੇ ੧੬੬੨ ਦਿਤਾ ਹੈ। ਇਨ੍ਹਾਂ ਚੁਰਿੰਜਾ ਸਾਲਾਂ ਵਿਚ ਇਸ ਬੀੜ ਤੇ ਬੂੜੇ ਸੰਧੂ ਵਾਲੀ ਬੀੜ ਦੇ ਵਿਚਕਾਰ ਉਹ ਇਕ ਜਾਂ ਦੋ ਹੀ ਨਕਲਾਂ ਮੰਨਦੇ ਹਨ। ਜੇ ਦੋ ਵੀ ਮੰਨ ਲਈਏ ਤਾਂ ਭੀ ਜਿਸ ਬੀੜ ਤੋਂ ਨਕਲ ਹੋਈ ਉਹ ਕੋਈ ੨੫ ਜਾਂ ੨੬ ਵਰ੍ਹੇ ਪਹਿਲੇ ਨਕਲ ਹੋਈ ਹੋਣੀ ਹੈ। ਰਾਗਮਾਲਾ ਦਾ ੧੭੩੦ ਤੋਂ ਮਗਰੋਂ ਬੀੜਾਂ ਵਿਚ ਚੜ੍ਹਾਇਆ ਜਾਣਾ ਇਸ ਪ੍ਰਮਾਣੀਕ ਬੀੜ ਤੋਂ ਵੀ ਗ਼ਲਤ ਸਾਬਤ ਹੋ ਗਿਆ ਤੇ ਜੀ. ਬੀ. ਸਿੰਘ ਹੁਰਾਂ ਦੀ ਆਪਣੀ ਪਿਛੇ ਦੱਸੀ ਇਹ ਗੱਲ ਕਿ ਰਾਗਮਾਲਾ ੧੭੩੦ ਵਿਚ ਚੜ੍ਹੀ, ਉਸ ਦੇ ਆਪਣੇ ਦਿਤੇ ਮਸਾਲੇ ਤੋਂ ਹੀ ਨਿਰਮੂਲ ਸਾਬਤ ਹੋ ਗਈ।

ਪੰਨੇ ੨੦੨ ਤੋਂ ੨੦੫ ਤਕ ਆਪ ਇਕ ਹੋਰ ਬੀੜ ਦਾ ਜ਼ਿਕਰ ਕਰਦੇ ਹਨ, ਬੀੜ ਸੰਮਤ ੧੭੨੯ (ਪਿੰਡ ਸਾਰਨ ਕੇ)। ਇਸ ਬਾਬਤ ਸਫ਼ਾ ੨੦੩ ਪੁਰ ਦਰਜ ਹੈ:—

''ਇਹ ਸਾਰੀ ਇਕ ਹੱਥ ਦੀ ਸਾਫ਼ ਲਿਖੀ ਹੈ । ਏਸ ਦੇ ਲਿਖੇ ਜਾਣ ਦਾ ਸੰਮਤ ਗ੍ਰੰਥ ਦੇ ਅੰਤ ਪੁਰ ਰਾਗਮਾਲਾ ਦੇ ਪਿਛੋਂ ਪੱਤਰੇ ੬੭੭ ਪੁਰ ਇਉਂ ਦਿਤਾ ਹੈ:—'ਸੰਬਤ ੧੭੨੯ ਗਿਰੰਥ ਗੁਰੂ ਸੰਗਤਿ ਕਾ ਸੰਪੂਰਣ ਹੋਆ.........।' ਅਤੇ ਅੰਤ ਵਿਚ ਕਰਤਾ 'ਪ੍ਰਾਚੀਨ ਬੀੜਾਂ' ਸਫ਼ਾ ੨੦੪ ਪੁਰ ਲਿਖਦਾ ਹੈ, ''ਨਾਵੇਂ ਗੁਰੂ ਦੀ

ਬਾਣੀ ਪਿਛੋਂ ਵੀ ਕਿਸੇ ਨੇ ਏਸ ਵਿਚ ਨਹੀਂ ਚਾੜ੍ਹੀ । ਨੌਂ ਵਾਰਾਂ ਦੇ ਸਿਰਾਂ ਪੁਰ ਧੁਨੀਆਂ ਨਹੀਂ ਦਿਤੀਆਂ ਅਤੇ ਰਾਗ ਮਾਰੂ ਹੇਠਾਂ ਮੀਰਾਂ ਦਾ ਸ਼ਬਦ, ਅਤੇ ਰਾਗ ਸਾਰੰਗ ਹੇਠਾਂ ਸੂਰਦਾਸ ਦਾ ਵਾਧੂ ਸ਼ਬਦ ਅਤੇ ਨਾ ਉਸ ਦੀ ਪਹਿਲੀ ਤੁਕ ਦਿਤੇ ਹਨ। ਹੋ ਸਕਦਾ ਹੈ ਕਿ ਇਹ ਬੀੜ ਤੂੜੇ ਜਾਂ ਉਸ ਦੇ ਕਿਸੇ ਉਤਾਰੇ ਤੋਂ ਨਕਲ ਕੀਤੀ ਗਈ ਹੋਵੇ। ਇਹ ਬੀੜ ਅਜਿਹੀ ਹੀ ਪ੍ਰਮਾਣੀਕ ਹੈ, ਜਿਹੀ ਕੋਈ ਹੋਰ, ਜੋ ਹੁਣ ਮੌਜੂਦ ਹਨ।'' ਇਸ ਬੀੜ ਨੇ ਵੀ ਕਰਤਾ 'ਪ੍ਰਾਚੀਨ ਬੀੜਾਂ' ਦਾ ਮਿਥਿਆ ਹੋਇਆ ਸੰਮਤ ੧੭੩੦ ਰਾਗਮਾਲਾ ਦੇ ਚੜ੍ਹਾਏ ਜਾਣ ਦਾ ਰੱਦ ਕਰ ਦਿਤਾ।

ਸਫ਼ਾ ੨੧੫ ਪੁਰ ਆਪ ਨੇ ਇਕ 'ਢਾਕਾ ਸੰਗਤ' ਦੀ ਬੀੜ ਦਾ ਜ਼ਿਕਰ ਕੀਤਾ ਹੈ, ਜਿਸ ਨੂੰ ਕਰਤਾ ਨੇ 'ਦਮਦਮੇ ਵਾਲੀ ਬੀੜ' ਕਰਕੇ ਮੰਨਿਆਂ ਹੈ । ਇਸ ਬੀੜ ਦੀ ਲਿਖਾਈ ਸੰਮਤ ੧੭੩੨ ਅਗਹਨ ਵਦੀ ੭ ਨੂੰ ਖ਼ਤਮ ਹੋਈ। ਇਸ ਵਿਚ ਵੀ ਰਾਗਮਾਲਾ ਹੈ। ਹੋਰ ਬੀੜਾਂ ਜੋ ਇਸ ਸੰਮਤ ਤੋਂ ਪਿਛੋਂ ਲਿਖੀਆਂ ਗਈਆਂ ਉਨ੍ਹਾਂ ਦਾ ਜ਼ਿਕਰ ਕਰਨ ਦੀ ਲੋੜ ਨਹੀਂ । ਭਾਈ ਬੰਨੋ ਸਾਹਿਬ ਦੀ ਬੀੜ ਤੋਂ ਜੋ ਪਹਿਲਾ ਉਤਾਰਾ ਸੀ, ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਗੱਦੀ ਪੁਰ ਬੈਠਣ ਤਕ ਕਈ ਪ੍ਰਮਾਣੀਕ ਬੀੜਾਂ ਵਿਚ ਆਪ ਨੂੰ ਰਾਗਮਾਲਾ ਲੱਭੀ, ਸਗੋਂ ਆਪ ਨੇ ਸਫਾ ੩੯੫ ਪੁਰ ਇਹ ਦੱਸਿਆ ਹੈ ਕਿ ''ਸਾਡੀ ਬਦਕਿਸਮਤੀ ਨੂੰ ਸਾਰੀਆਂ ਹੀ ਪ੍ਰਾਚੀਨ ਬੀੜਾਂ ਜੋ ਮੈਂ ਦੇਖੀਆਂ ਹਨ, ਉਨ੍ਹਾਂ ਸਭ ਵਿਚ ਇਹ ਰਾਗਮਾਲਾ ਫਾਲਤੂ ਬਾਣੀਆਂ ਦੇ ਨਾਲ, ਅਤੇ ਉਨ੍ਹਾਂ ਵਿਚ ਵੀ ਸਭ ਤੋਂ ਪਿਛੇ (ਸਿਵਾਇ ਸਿਆਹੀ ਕੀ ਬਿਧੀ ਦੇ) ਅਤੇ ਕੋਰੇ ਕਾਗਜ਼ਾਂ ਪੁਰ ਹੁੰਦੀ ਹੈ।'' ''ਸਭ ਤੋਂ ਪਿਛੋਂ ਅਤੇ ਕੋਰੇ ਕਾਗਜ਼ਾਂ'' ਵਾਲੀ ਗੱਲ ਇਹ ਵੱਡੀ ਗ਼ਲਤ ਬਿਆਨੀ ਹੈ। ਅਸਾਂ ਉਨ੍ਹਾਂ ਦੀ ਪੁਸਤਕ ਵਿਚੋਂ ਜਿਨ੍ਹਾਂ ਬੀੜਾਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਵਿਚ ਰਾਗਮਾਲਾ ਪਿਛੋਂ ਅਤੇ ਕੋਰੇ ਕਾਗਜ਼ਾਂ ਪੁਰ ਨਹੀਂ । ਰਾਗਮਾਲਾ

ਆਦਿ ਬੀੜ ਵਿਚ ਭੋਗ ਦੀ ਬਾਣੀ ਹੈ। ਇਸ ਲਈ ਜਿਸ ਬੀੜ ਵਿਚ ਕਿਸੇ ਲਿਖਾਰੀ ਨੇ ਵਾਧੂ ਬਾਣੀ ਪਿਛੋਂ ਚੜ੍ਹਾਈ, ਉਸ ਨੇ ਰਾਗਮਾਲਾ ਭੋਗ ਦੀ ਬਾਣੀ ਕਾਇਮ ਰਖਣ ਵਾਸਤੇ ਅਤੇ ਵਾਧੂ ਬਾਣੀ ਪਾਠ ਵਿਚ ਰਲਾਣ ਵਾਸਤੇ ਇਸ ਨੂੰ ਸਭ ਦੇ ਅਖ਼ੀਰ ਜਾ ਲਿਖਿਆ।

ਇਹ ਹੋਰ ਗੱਲ ਵੀ ਅਸੀਂ ਪਾਠਕਾਂ ਦੀ ਦ੍ਰਿਸ਼ਟੀ ਗੋਚਰੀ ਕਰਨੋ ਨਹੀਂ ਰਹਿ ਸਕਦੇ। ਜਿਤਨੀ ਬਾਣੀ ਪ੍ਰਾਚੀਨ ਬੀੜਾਂ ਵਿਚ ਹੈ ਜਾਂ ਭਾਈ ਬੰਨੋ ਜੀ ਦੀ ਬੀੜ ਵਿਚ ਹੈ, ਉਸ ਸਭ ਬਾਬਤ ਇਤਿਹਾਸ ਵਿਚ ਦੱਸਿਆ ਹੈ ਕਿ ਭਾਈ ਬੰਨੋ ਜੀ ਨੇ ਇਹ ਬਾਣੀ ਚੜ੍ਹਾਈ। ਪਰੰਤੂ ਰਾਗਮਾਲਾ ਕਿਸ ਨੇ ਚੜ੍ਹਾਈ, ਇਹ ਅੱਜ ਤਕ ਕੋਈ ਨਹੀਂ ਦੱਸ ਸਕਿਆ। ਕਵਿ ਭਾਈ ਸੰਤੋਖ ਸਿੰਘ ਜੀ ਨੇ ਇਸ ਨੂੰ ਆਲਮ ਕ੍ਰਿਤ ਮੰਨਿਆ ਹੈ, ਪਰ ਉਹ ਵੀ ਇਹ ਲਿਖਦਾ ਹੈ, ਖਬਰੇ ਇਹ ਗੁਰੂ ਜੀ ਨੇ ਆਪ ਚੜ੍ਹਾਈ ਜਾਂ ਕਿਸੇ ਸਿਖ ਨੇ। ਅਤੇ ਇਤਿਹਾਸ ਵਿਚ ਕਿਸੇ ਦੇ ਨਾਉਂ ਦਾ ਜ਼ਿਕਰ ਹੁੰਦਾ ਵੀ ਕਿਸ ਤਰ੍ਹਾਂ, ਜਦ ਇਹ ਬਾਣੀ ਆਦਿ-ਬੀੜ ਵਿਚ ਭਾਈ ਗੁਰਦਾਸ ਜੀ ਦੇ ਹੱਥਾਂ ਦੀ ਲਿਖੀ ਮੌਜੂਦ ਹੈ।

ਹੁਣ ਰਾਗਮਾਲਾ ਚੜ੍ਹਾਈ ਕਿਉਂ ? ਸਾਰਾ ਗੁਰੂ ਗ੍ਰੰਥ ਸਾਹਿਬ ਰਾਗਾਂ ਵਿਚ ਹੈ। ਰਾਗ ਦੇ ਕਈ ਮਤ ਇਸ ਦੇਸ ਵਿਚ ਪ੍ਰਚਲਤ ਸਨ ਤੇ ਹਨ। ਹਰ ਇਕ ਦੀ ਵੱਖੋ ਵੱਖਰੀ ਰਾਗਮਾਲਾ ਹੈ। ਜਿਸ ਤੋਂ ਉਨ੍ਹਾਂ ਮਤਾਂ ਦੇ ਰਾਗਾਂ ਦੀ ਵੰਡ ਦਾ ਪਤਾ ਚਲਦਾ ਹੈ ਅਤੇ ਫਿਰ ਇਹ ਜਾਚ ਆਂਵਦੀ ਹੈ ਕਿ ਉਸ ਰਾਗ ਨੂੰ ਕਿਸ ਤਰ੍ਹਾਂ ਗਾਇਆ ਜਾਵੇ। ਗੁਰੂ ਸਾਹਿਬ ਲਈ ਸਿਖਾਂ ਨੂੰ ਇਹ ਦੱਸਣਾ ਜ਼ਰੂਰੀ ਸੀ ਕਿ ਤੁਸਾਂ ਕਿਸ ਰਾਗਮਾਲਾ ਅਨੁਸਾਰ ਇਨ੍ਹਾਂ ਸ਼ਬਦਾਂ ਨੂੰ ਗਾਉਣਾ ਹੈ। ਇਸ ਲਈ 'ਰਾਗਮਾਲਾ' ਅੰਤ ਵਿਚ ਦਿਤੀ। ਇਹ ਇਤਰਾਜ਼ ਬਿਲਕੁਲ ਫ਼ਜ਼ੂਲ ਹੈ ਕਿ ਇਸ ਵਿਚ ਜਿਤਨੇ ਰਾਗ ਗਿਣੇ ਗਏ ਹਨ, ਉਹ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ

ਨਹੀਂ। ਰਾਗਮਾਲਾ ਵਿਚ ਰਾਗਾਂ ਦੀ ਸਾਰੀ ਵੰਡ ਦਾ ਦੱਸਣਾ ਜ਼ਰੂਰੀ ਸੀ ਤਾਂ ਕਿ ਜੋ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਹਨ ਉਨ੍ਹਾਂ ਦੇ ਗਾਉਣ ਢੰਗ ਦਾ ਪਤਾ ਲਗ ਜਾਏ। ਜਿਹੜੇ ਰਾਗ, ਰਾਗਨੀਆਂ ਜਾਂ ਉਨ੍ਹਾਂ ਦੇ ਪੁੱਤ੍ਰ ਗੁਰੂ ਗ੍ਰੰਥ ਸਾਹਿਬ ਵਿਚ ਆਏ ਹਨ, ਉਨ੍ਹਾਂ ਦਾ ਥਹੁ ਰਾਗੀਆਂ ਨੂੰ ਤਦੋਂ ਹੀ ਲੱਗ ਸਕਦਾ ਸੀ, ਜਦੋਂ ਰਾਗਾਂ ਦੀ ਪੂਰੀ ਵੰਡ ਦਾ ਚਿਤ੍ਰ ਉਨ੍ਹਾਂ ਦੇ ਸਾਹਮਣੇ ਹੋਵੇ। ਪ੍ਰਾਚੀਨ ਬੀੜਾਂ ਦੇ ਕਰਤਾ ਨੇ ਆਪ ੩੯੯ ਸਫ਼ੇ ਪੁਰ ਲਿਖਿਆ ਹੈ:—

" 'ਰਾਗਮਾਲਾ' ਇਕ ਚੰਗੇ ਰਾਗੀ ਤੇ ਕਵੀ ਦੀ ਰਚਨਾ ਸੀ, ਜਿਸ ਵਿਚ ਛੇ ਮੁਖ ਰਾਗਾਂ ਦੀਆਂ ਤੀਹ ਰਾਗਣੀਆਂ (ਇਸਤ੍ਰੀਆਂ) ਅਤੇ ੪੮ ਛੋਟੇ ਰਾਗਾਂ (ਪੁਤ੍ਰਾਂ) ਦੇ ਨਾਮ ਛੰਦਾ ਬੰਦੀ ਕਰ ਕੇ ਸਾਇੰਟਿਫ਼ਿਕ ਢੰਗ ਪੁਰ ਇਕ ਸੁੰਦਰ ਮਾਲਾ ਵਿਚ ਪ੍ਰੋਤੇ ਸਨ, ਅਤੇ ਉਹ ਸੀ ਭੀ ਇਕ ਸਾਇੰਟਿਫ਼ਿਕ ਵੰਡ ਜਿਸ ਨੂੰ ਕਿ ਹਿੰਦ ਦੇ ਮੰਨੇ ਪ੍ਰਮੰਨੇ ਰਾਗ ਵਿਦਿਆ ਦੇ ਮਾਹਿਰਾਂ ਤੇ ਉਸਤਾਦਾਂ ਨੇ ਪ੍ਰਵਾਨ ਕੀਤਾ ਹੋਇਆ ਹੈ। ਏਸ ਮਾਲਾ ਨੂੰ ਛੇਤੀ ਕੰਠ ਕੀਤਾ ਜਾ ਸਕਦਾ ਸੀ, ਅਤੇ ਰਾਗੀਆਂ ਨੂੰ ਸ਼ਬਦਾਂ ਦੇ ਗਾਉਣ ਵਿਚ ਏਸ ਤੋਂ ਚੰਗੀ ਮਦਦ ਮਿਲਦੀ ਸੀ।" ਇਹੋ ਕਾਰਨ ਲਗ ਪਗ ਅਸਾਂ ਵੀ ਉਪਰ ਦੱਸਿਆ ਹੈ, ਜਿਸ ਕਰਕੇ ਗੁਰੂ ਜੀ ਨੇ ਇਸ ਰਾਗਮਾਲਾ ਨੂੰ ਬੀੜ ਵਿਚ ਥਾਂ ਦਿਤੀ। ਕਰਤਾ 'ਪ੍ਰਾਚੀਨ ਬੀੜਾਂ' ਇਸ ਗੱਲ ਨੂੰ ਹੋਰ ਵੀ ਇਉਂ ਸਪਸ਼ਟ ਕਰਦਾ ਹੈ। "ਇਕ ਹੋਰ ਵਿਚਾਰ ਭੀ ਹੈ। ਵੇਦਾਂ ਦੇ ਚੰਗੀ ਤਰ੍ਹਾਂ ਸਮਝਣ ਲਈ ਉਨ੍ਹਾਂ ਦੇ ਨਾਲ ਛੇ ਅੰਗ ਲੱਗੇ ਹੁੰਦੇ ਹਨ, ਸ਼ਿਕਸ਼ਾ, ਵ੍ਯਾਕਰਨ, ਨਿਰੁਕਤ (ਨਿਘੰਟੂ) ਜ੍ਯੋਤਿਸ਼, ਕਲਪ ਅਤੇ ਛੰਦ। ਇਹ ਛੇ ਵੇਦ ਦੇ ਅੰਗ ਜਾਂ 'ਵੇਦਾਂਗ' ਅਖਵਾਂਦੇ ਸਨ, ਅਤੇ ਵੇਦ ਨਾਮ ਦੇ ਖੁੱਲੇ ਅਰਥਾਂ ਵਿਚ ਉਪਨਿਸ਼ਦਾਂ (ਵੇਦ-ਅੰਤ) ਸਮੇਤ ਵੇਦ ਹੀ ਸਮਝੇ ਜਾਂਦੇ ਹਨ। ਗੁਰਬਾਣੀ ਦੇ ਗਾਯਣ ਲਈ ਮੁਖ ਗੱਲ ਰਾਗ ਸੀ। ਤਾਂ ਤੇ

"ਰਾਗਮਾਲਾ' ਉਸੇ ਤਰ੍ਹਾਂ ਦਾ ਕੰਮ ਦੇ ਸਕਦੀ ਸੀ, ਜਿਸ ਤਰ੍ਹਾਂ ਕਿ ਵੇਦਾਂ ਨਾਲ ਲੱਗਾ (ਛੰਦ)। ਇਸ ਤਰ੍ਹਾਂ ਰਾਗਮਾਲਾ 'ਗ੍ਰੰਥ-ਅੰਗ' ਬਣ ਗਈ।''

ਮੇਰਾ ਇਕੋ ਹੀ ਸਵਾਲ ਹੈ, ਆਪ ਨੇ ਫਿਰ ਇਤਨਾ ਜਤਨ ਗ਼ਲਤ ਬਿਆਨੀਆਂ ਦੀ ਨੀਂਹ ਪੁਰ ਆਪਣੀ ਪੁਸਤਕ ਵਿਚ ਇਸ 'ਅੰਗ' ਨੂੰ ਕੱਟਣ ਦਾ ਕਿਉਂ ਕੀਤਾ ਹੈ ?

---

੭. ਭੋਗ ਦੀ ਬਾਣੀ ਦੀ ਤਰਤੀਬ

ਕਰਤਾ 'ਪ੍ਰਾਚੀਨ ਬੀੜਾਂ' ਨੇ ਇਕ ਹੋਰ ਗੱਲ ਸਾਬਤ ਕਰਨ ਦੀ ਕੋਸ਼ਸ਼ ਕੀਤੀ ਹੈ ਕਿ ਆਦਿ ਬੀੜ ਵਿਚ ਭੋਗ ਦੀ ਬਾਣੀ ਦੀ ਤਰਤੀਬ ਉਹ ਨਹੀਂ ਸੀ, ਜੋ ਅੱਜ ਕਲ ਦੀਆਂ ਛਾਪੇ ਦੀਆਂ ਬੀੜਾਂ ਵਿਚ ਹੈ। ਰਾਗ ਪ੍ਰਭਾਤੀ ਤੋਂ ਮਗਰੋਂ ਜੋ ਬਾਣੀ ਬੀੜ ਵਿਚ ਹੈ, ਉਸ ਦਾ ਨਾਮ ਕਰਤਾ ਨੇ ਭੋਗ ਦੀ ਬਾਣੀ ਰੱਖਿਆ ਹੈ। ਅਸੀਂ ਹੁਣ ਕਰਤਾ ਦੇ ਆਪਣੇ ਇਕੱਠੇ ਕੀਤੇ ਮਸਾਲੇ ਤੋਂ ਹੀ ਦੱਸਾਂਗੇ ਕਿ ਇਹ ਨਤੀਜਾ ਕਢਣ ਵਿਚ ਵੀ ਉਸ ਨੇ ਕਾਹਲ ਤੇ ਭੁੱਲ ਕੀਤੀ ਹੈ। ਭੋਗ ਦੀ ਬਾਣੀ ਦਾ ਵੇਰਵਾ ਇਹ ਹੈ:—

੧. ਸਲੋਕ ਸਹਸਕ੍ਰਿਤੀ, ੨. ਗਾਥਾ, ੩. ਫੁਨਹੇ, ੪. ਚਉਬੋਲੇ, ੫. ਸਲੋਕ ਕਬੀਰ ਜੀਉ ਕੇ, ੬. ਸਲੋਕ ਸ਼ੇਖ ਫਰੀਦ ਕੇ, ੭. ਸਵੈਯੇ ਸ੍ਰੀ ਮੁਖਵਾਕ ਮ: ੫, ੮. ਸਵੈਯੇ ਭੱਟਾਂ ਕੇ, ੯. ਸਲੋਕ ਵਾਰਾਂ ਤੋਂ ਵਧੀਕ, ੧੦. ਰਾਗਮਾਲਾ। 'ਪ੍ਰਾਚੀਨ ਬੀੜਾਂ' ਦਾ ਕਰਤਾ ਇਸ ਨਤੀਜੇ ਤੇ ਕਿਉਂ ਪੁਜਾ ? ਕਿਉਂ ਜੁ ਬੜੇ ਸੰਧੂ ਵਾਲੀ ਬੀੜ ਦੇ 'ਰਾਗਾਂ ਦੇ ਤਤਕਰੇ' ਦੀਆਂ ਛੇਕੜਲੀਆਂ ਪ੍ਰਤੀਕਾਂ ਵਿਚ ਆਪ ਨੂੰ ਇਸ ਭੋਗ ਦੀ ਬਾਣੀ ਦੀ ਇਹ ਤਰਤੀਬ ਇਸ ਪ੍ਰਕਾਰ ਮਿਲੀ:—

"੫੪੭ ਰਾਗ ਪ੍ਰਭਾਤੀ।
ਸਲੋਕ ਸਹਸਕ੍ਰਿਤ, ਗਾਥਾ, ਫੁਨਹੇ, ਚਉਬੋਲੇ।
੫੬੭ ਸਲੋਕ ਵਾਰਾਂ ਤੋਂ ਵਧੀਕ,

ਸਲੋਕ ਕਬੀਰ ਜੀ ਕੇ, ਸਲੋਕ ਸ਼ੇਖ ਫਰੀਦ ਕੇ, ਸਵੱਯੇ ਸ੍ਰੀ ਮੁਖ ਵਾਕ ਮਹਲਾ ੫ ।
੫੭੮ ਸਵੱਯੇ ਭੱਟਾਂ ਕੇ,
(ਇਥੇ ਇਕ ਸਤਰ ਕੋਰੀ ਛੱਡੀ ਹੈ ।)
੫੮੮ ਚਲਿਤ੍ਰ ਜੋਤੀ ਜੋਤ ਸਮਾਵਣੇ ਕੇ ।
੫੮੭ ਬਸੰਤ ਕੀ ਵਾਰ ।"

ਇਹ ਬੀੜ ਆਪ ਨੂੰ ਰਾਵਲਪਿੰਡੀ ਮਹੱਲਾ ਸੈਦਪੁਰੀ ਦਰਵਾਜ਼ੇ ਵਿਚ ਇਕ ਭੁੱਲੇ ਬਾਵਿਆਂ ਦੇ ਡੇਰੇ ਵਿਚੋਂ ਮਿਲੀ। ਖੁਦ ਇਸੇ ਬੀੜ ਵਿਚ ਆਪ ਨੂੰ ਹੋਰ ਬਾਣੀਆਂ ਵੀ ਮਿਲੀਆਂ, ਜਿਨ੍ਹਾਂ ਨੂੰ ਆਪ ਪਿਛੋਂ ਪਾਈਆਂ ਮੰਨਦੇ ਹਨ । ਲਿਖਿਆ ਹੈ:–

"ਡੇਰੇ ਦੀ ਪ੍ਰਾਚੀਨ ਬੀੜ, ਜਿਸ ਵਿਚੋਂ ਵਾਕ ਲਿਆ ਗਿਆ ਸੀ, ਸਾਰੀ ਦੀ ਸਾਰੀ ਇਕ ਹੱਥ ਦੀ ਲਿਖੀ ਹੋਈ ਸੀ। ਤਤਕਰੇ ਪਹਿਲੇ ੨੬ ਪਤ੍ਰਿਆਂ ਪੁਰ ਅਤੇ ਗ੍ਰੰਥ ਸਾਹਿਬ ਸਮੇਤ ਇਕ ਪਤ੍ਰੇ ਦੇ ਜਿਸ ਪੁਰ ਇਕ ਪਾਸੇ ਬਸੰਤ ਕੀ ਵਾਰ ਅਤੇ ਦੂਜੇ ਪਾਸੇ ਚਲਿਤ੍ਰ ਜੋਤੀ ਜੋਤ ਸਮਾਵਣ ਕੇ ਦਿਤੇ ਸਨ, ਸਾਰੇ ੫੬੬ ਪਤ੍ਰਿਆਂ ਪੁਰ ਮੁੱਕਾ ਸੀ। ਕੁਲ ੫੯੯ ਪੱਤਰੇ ਜਿਨ੍ਹਾਂ ਪੁਰ ਸ਼ੁਰੂ ਤੋਂ ਲੈ ਕੇ ਇਕ ਲਗਾਤਾਰ ਗਿਣਤੀ ਦਿਤੀ ਹੋਈ ਸੀ । ਪਰ ਪਿਛੋਂ ਕਾਫ਼ੀ ਚਿਰ ਬਾਅਦ ਕਿਸੇ ਨੇ ਛੇਕੜਲੀ ਜੁਜ਼ ਦੇ ਅੰਦਰਲੇ ਦੋ ਵਰਕੇ ਜਿਨ੍ਹਾਂ ਪੁਰ ਅੰਕ ੫੮੭ ਅਤੇ ੫੮੮ ਦਿਤੇ ਸਨ, ਕੱਢ ਕੇ ਉਨ੍ਹਾਂ ਦੀ ਥਾਂ ਹੋਰ ਕਾਗਜ਼ ਦੇ ਚਾਰ ਵਰਕਿਆਂ ਦੀ ਜੁਜ਼ ਲਗਾ ਕੇ ਕਈ ਇਕ ਫ਼ਾਲਤੂ ਗੱਲਾਂ ਇਨ੍ਹਾਂ ਵਰਕਿਆਂ ਪੁਰ ਵਧਾ ਦਿਤੀਆਂ ਹਨ । ਅਤੇ 'ਬਸੰਤ ਕੀ ਵਾਰ' ਜੋ ਪੱਤਰੇ ੫੮੭ ਪੁਰ ਲਿਖੀ ਸੀ, ਉਸ ਨੂੰ ਰਾਗ ਬਸੰਤ ਹੇਠਾਂ ਲਿਜਾ ਕੇ, ਰਾਗ ਦੇ ਮੁੱਕਣ ਪੁਰ ਜੋ ਅੱਧਾ ਕੁ ਸਫ਼ਾ ਕੋਰਾ ਪਿਆ ਸੀ, ਅਤੇ ਅਗਲੇ ਸਫ਼ੇ ਤੋਂ ਅਗਲਾ ਰਾਗ ਸਾਰੰਗ ਸ਼ੁਰੂ ਹੁੰਦਾ ਸੀ, ਉਥੇ ਲਿਖ ਦਿਤਾ । ਏਥੇ 'ਬਸੰਤ ਕੀ ਵਾਰ' ਦੀ ਸਿਆਹੀ ਤੇ ਲਿਖਾਈ ਉਹੋ ਹੈ, ਜੋ ਛੇਕੜਲੇ ਪਿਛੋਂ

ਪਾਏ ਚਾਰ ਵਰਕਿਆਂ ਦੀ। ਇਨ੍ਹਾਂ ਚਾਰ ਵਰਕਿਆਂ ਦਾ ਕਾਗਜ਼ ਹੋਰ, ਸਿਆਹੀ ਹੋਰ, ਕਲਮ ਹੋਰ ਤੇ ਲਿਖਣ ਵਾਲਾ ਹੋਰ ਸੀ, ਅਸਲ ਗ੍ਰੰਥ ਦਾ ਲਿਖਨ ਵਾਲਾ ਨਹੀਂ ਸੀ। ਚੂੰਕਿ ਵਾਧੂ ਲੇਖ ਜੋ ਵਧਾਏ ਗਏ ਹਨ, ਉਨ੍ਹਾਂ ਵਿਚ (ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ' ਵੀ ਹੈ, ਅਤੇ ਇਹ ਔਰੰਗਜ਼ੇਬ ਦੇ ਜ਼ਮਾਨੇ ਵਿਚ ਲਿਖੀ ਗਈ ਸੀ, ਸੰਨ ੧੬੮੩ ਦੇ ਲਾਗੇ, ਸੋ ਇਹ ਦੂਜਾ ਲਿਖਣ ਵਾਲਾ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਮਾਨੇ ਵਿਚ ਹੋਇਆ ਸਮਝਣਾ ਚਾਹੀਦਾ ਹੈ । ਇਸ ਦੂਜੇ ਲਿਖਾਰੀ ਨੇ 'ਚਲਿਤ੍ਰ ਜੋਤੀ ਜੋਤ ਸਮਾਵਣ ਕੇ', ਅਤੇ ਉਸ ਦੇ ਪਿਛੋਂ ਗ੍ਰੰਥ ਦੇ ਉਤਾਰਾ ਕੀਤੇ ਜਾਣ ਦਾ ਸੰਮਤ ਆਦਿ ਜਿਉਂ ਕਾ ਤਿਉਂ ਅਸਲ ਪੱਤਰੇ ੫੯੯ ਤੋਂ ਨਕਲ ਕਰ ਦਿਤੇ ।' (ਸਫਾ ੧੦੯, ੧੧੦)

ਹੁਣ ਪ੍ਰਤੀਕਾਂ ਵਿਚ 'ਚਲਿਤ੍ਰ ਜੋਤੀ ਜੋਤ ਸਮਾਵਣ ਕੇ' ਦਾ ਅੰਕ ਆਪ ਨੇ ੫੮੮ ਦਿੱਤਾ ਹੈ। ਇਥੇ ੫੯੯, ਖਬਰ ਨਹੀਂ ਇਹ ਛਾਪੇ ਦੀ ਗਲਤੀ ਹੈ ਜਾਂ ਆਪ ਦੀ ਭੁਲ । ਪਰ ਪ੍ਰਤੀਕਾਂ ਵਿਚ ਲਿਖੇ ਜਾਣ ਦੇ ਸੰਮਤ ਦਾ ਕੋਈ ਜ਼ਿਕਰ ਨਹੀਂ । ਇਥੇ ਆਪ ਲਿਖਦੇ ਹਨ ਕਿ ' "ਚਲਿਤ੍ਰ ਜੋਤੀ ਜੋਤ ਸਮਾਵਣ ਕੇ" ਅਤੇ ਉਸ ਦੇ ਪਿਛੋਂ ਗ੍ਰੰਥ ਦੇ ਉਤਾਰਾ ਕੀਤੇ ਜਾਣ ਦਾ ਸੰਮਤ ਆਦਿ ਜਿਉਂ ਕਾ ਤਿਉਂ ਅਸਲ ਪੱਤਰੇ ੫੯੯ ਤੋਂ ਨਕਲ ਕਰ ਦਿਤੇ ।' ਅਸੀਂ ਪੁਛਦੇ ਹਾਂ ਇਹ ਆਪ ਨੂੰ ਕਿਥੋਂ ਪਤਾ ਲੱਗਾ ਕਿ ਅਸਲ ਪੱਤਰੇ ੫੯੯ ਉਤੇ ਉਤਾਰਾ ਕੀਤੇ ਜਾਣ ਦਾ ਸੰਮਤ ਸੀ । ਇਸੇ ਪੱਤਰੇ ਪੁਰ ਪਿਛਲੇ ਲਿਖਾਰੀ ਦੀ ਹੱਥੀਂ ਇਹ ਲਿਖਿਆ ਹੋਇਆ ਹੈ, 'ਸ੍ਰੀ ਗੁਰੂ ਜੀ ਕੇ ਹਜ਼ੂਰ ਗ੍ਰੰਥ ਸਾਹਿਬ ਸੰਪੂਰਣ ਹੋਇਆ। ਲਿਖਿਆ ਭਾਈ ਬੂੜੇ ਸੰਧੂ ਪੰਜਵੀਂ ਪਾਤਸ਼ਾਹੀ ਦੇ ਹਜ਼ੂਰ ਲਿਖਵਾਇਆ ਮਿਲਖੀ ਪੇਸ਼ੌਰ ਕੇ ਵਾਸੀ । ਜੋ ਕੋਈ ਇਸ ਗ੍ਰੰਥ ਸਾਹਿਬ ਜੀ ਕਾ ਦਰਸ਼ਨ ਕਰੇਗਾ, ਉਸ ਨੂੰ ਗੁਰੂ ਨਾਨਕ ਸਾਹਿਬ ਜੀ ਕੀ ਦੇਹ ਕਾ ਦਰਸ਼ਣ ਹੋਵੇਗਾ ।

ਭੁਲ ਚੁਕ ਬਖਸ਼ਣੀ।

"ਸ੍ਰੀ ਵਾਹਿਗੁਰੂ ਜੀ ਸਤਿ ਜੀ,
ਸੰਮਤ ੧੬੬੨ ਵਿਚ ਸੰਪੂਰਣ ਹੋਇਆ।"

ਇਹ ਗੱਲਾਂ ਸਭ ਦੂਜੇ ਲਿਖਾਰੀ ਦੇ ਹੱਥ ਦੀਆਂ ਹਨ। ਇਨ੍ਹਾਂ ਤੇ ਆਪ ਨੇ ਕੋਈ ਇਤਰਾਜ਼ ਨਹੀਂ ਕੀਤਾ। ਸਭ ਨੂੰ ਸੱਚ ਮੰਨ ਲਿਆ ਹੈ ਕਿਉਂਕਿ ਇਹ ਗੱਲਾਂ ਆਪ ਦੇ ਮਿਥੇ ਹੋਏ ਇਕ ਖ਼ਿਆਲ ਦੇ ਅਨੁਸਾਰ ਹਨ। ਉਹ ਖ਼ਿਆਲ ਇਹ ਹੈ ਕਿ ਆਦਿ ਬੀੜ ਦਾ ਭੋਗ ਭੱਟਾਂ ਦੇ ਸਵੈਯਾਂ ਤੇ ਪੈਂਦਾ ਸੀ। ਫਿਰ ਇਕ ਹੋਰ ਗੱਲ ਵੀ ਵਿਚਾਰਨ ਜੋਗ ਹੈ। ਆਦਿ ਬੀੜ ਵਿਚ ਗ੍ਰੰਥ ਸਾਹਿਬ ਪਦ ਕਿਤੇ ਨਹੀਂ ਵਰਤਿਆ ਗਿਆ। ਬੀੜ ਲਈ ਤਤਕਰੇ ਵਿਚ 'ਪੋਥੀ' ਪਦ ਆਇਆ ਹੈ। ਸਾਨੂੰ ਜਿਥੋਂ ਤਕ ਸਹੀ ਹੋਇਆ ਹੈ 'ਗ੍ਰੰਥ ਸਾਹਿਬ' ਪਦ ਬਹੁਤ ਪਿਛੋਂ ਵਰਤੀਣ ਲੱਗਾ ਹੈ। ਇਸ ਲਈ ਉਤਾਰੇ ਵਿਚ ਇਸ ਦਾ ਹੋਣਾ ਇਸ ਨੂੰ ੧੬੬੨ ਦਾ ਉਤਾਰਾ ਮੰਨਣ ਵਿਚ ਬਹੁਤ ਸਾਰਾ ਸ਼ੱਕ ਪਾ ਦਿੰਦਾ ਹੈ, ਪਰ ਪੇਸ਼ਤਰ ਇਸਦੇ ਕਿ ਅਸੀਂ ਉਸ ਮਸਾਲੇ ਦੀ ਜੋ ਇਸੇ ਬੀੜ ਬਾਬਤ ਉਨ੍ਹਾਂ ਪੇਸ਼ ਕੀਤਾ ਹੈ ਚੰਗੀ ਤਰ੍ਹਾਂ ਛਾਣ ਪੁਣ ਕਰੀਏ, ਅਸੀਂ ਇਸੇ ਪੁਸਤਕ ਵਿਚੋਂ ਇਕ ਟੂਕ ਪੇਸ਼ ਕਰਦੇ ਹਾਂ ਜੋ ਆਪ ਦੇ ਮਿਥੇ ਹੋਏ ਨਤੀਜੇ ਦੇ ਬਿਲਕੁਲ ਵਿਰੁਧ ਜਾਂਦੀ ਹੈ। ਸਫਾ ੧੭੫ ਪੁਰ ਡੇਰਾ ਦੂਨ ਵਾਲੀ ੧੭੧੬ ਦੀ ਲਿਖੀ ਬੀੜ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ:—

"(੧੧) ਜਿਸਤਰ੍ਹਾਂ ਕਿ ਉਪਰ ਕਿਹਾ ਹੈ, ਰਾਗ ਬਸੰਤ ਦੇ ਅੰਤ ਪੁਰ ਕਿਸੇ ਨੇ ਪਿਛੋਂ 'ਬਸੰਤ ਕੀ ਵਾਰ ੫' ਲਿਖ ਦਿੱਤੀ ਹੈ, ਠੀਕ ਜਿਵੇਂ ਕਿ ਬੂੜੇ ਸੰਧੂ ਵਾਲੀ ਬੀੜ ਵਿਚ। ਇਉਂ ਜਾਪਦਾ ਹੈ ਕਿ ਜਦ ਬੂੜੇ ਸੰਧੂ ਵਾਲੀ ਬੀੜ ਵਿਚ ਕਿਸੇ ਨੇ ਪਿਛੋਂ ਚਾਰ ਵਰਕੇ ਪਾ ਕੇ ਫਾਲਤੂ ਬਾਣੀਆਂ ਰਾਗ ਮਾਲਾ ਆਦਿ ਲਿਖੀਆਂ ਸਨ, 'ਬਸੰਤ ਕੀ ਵਾਰ' ਨੂੰ ਅੰਦਰ ਰਾਗ ਬਸੰਤ ਦੇ ਪਿਛੇ ਲਿਖ ਦਿੱਤਾ ਸੀ। ਉਸ ਵਧਾਈ ਹੋਈ ਬੂੜੇ ਸੰਧੂ ਦੀ ਬੀੜ ਤੋਂ ਜੋ

ਉਤਾਰਾ ਹੋਇਆ, ਉਸ ਤੋਂ ਅਗੇ ੧੭੧੬ ਵਾਲੀ ਬੀੜ ਨਕਲ ਕੀਤੀ ਗਈ।"

ਬੂੜੇ ਸੰਧੂ ਵਾਲੀ ਬੀੜ ਦੇ ਹਾਲ ਵਿਚੋਂ ਜੋ ਅਸਾਂ ਟੂਕ ਉਪਰ ਦਿੱਤੀ ਹੈ ਉਸ ਵਿਚ ਜੀ. ਬੀ. ਸਿੰਘ ਹੋਰਾਂ ਲਿਖਿਆ ਹੈ ਕਿ ਇਹ ਚਾਰ ਵਰਕੇ ਪਾਣ ਵਾਲਾ ਲਿਖਾਰੀ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਮਾਨੇ ਵਿਚ ਹੋਇਆ। ਹੁਣ ਲਿਖਦੇ ਹਨ ਕਿ ਇਹ ੧੭੧੬ ਵਾਲੀ ਬੀੜ ਨਕਲ ਕੀਤੀ ਗਈ ਬੂੜੇ ਸੰਧੂ ਵਾਲੀ ਬੀੜ ਦੀ ਉਸ ਨਕਲ ਤੋਂ ਜੋ ਵਧਾਈ ਹੋਈ ਬੀੜ ਦਾ ਉਤਾਰਾ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ੧੭੨੩ ਵਿਚ ਹੋਇਆ। ਇਹ ਡੇਰਾ ਦੂਨ ਵਾਲੀ ਬੀੜ ੧੭੧੬ ਵਿਚ ਲਿਖੀ ਗਈ। ਬੂੜੇ ਸੰਧੂ ਵਾਲੀ ਬੀੜ ਵਿਚ ਵਾਧਾ ਜੀ. ਬੀ. ਸਿੰਘ ਹੋਰਾਂ ਦੇ ਲਿਖੇ ਮੁਜਬ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਮਾਨੇ ਵਿਚ ਹੋਇਆ। ਜੇ ਇਹ ਡੇਰਾ ਦੂਨ ਵਾਲੀ ਬੀੜ ਉਸ ਵਧਾਈ ਹੋਈ ਬੂੜੇ ਸੰਧੂ ਵਾਲੀ ਬੀੜ ਦੇ ਕਿਸੇ ਉਤਾਰੇ ਦੀ ਨਕਲ ਸੀ ਤਾਂ ੧੭੧੬ ਵਿਚ ਗੁਰੂ ਜੀ ਦੇ ਜਨਮ ਤੋਂ ਸੱਤ ਸਾਲ ਪਹਿਲੇ ਕਿਸ ਤਰ੍ਹਾਂ ਲਿਖੀ ਗਈ? ਧੰਨ ਪਰਖ ਤੇ ਧੰਨ ਖੋਜ! ਆਪਣੇ ਲਿਖੇ ਦਾ ਮੁਕਾਬਲਾ ਤਾਂ ਕਰ ਲੈਂਦੇ।

ਪਰ ਇਥੇ ਹੀ ਬੱਸ ਨਹੀਂ। ਇਸ ਡੇਹਰਾ ਦੂਨ ਵਾਲੀ ਬੀੜ ਵਿਚ ਜੋ ਬੂੜੇ ਸੰਧੂ ਵਾਲੀ ਵਧਾਈ ਹੋਈ ਬੀੜ ਦੇ ਕਿਸੇ ਉਤਾਰੇ ਦੀ ਨਕਲ ਆਪ ਨੇ ਦੱਸੀ ਹੈ ਭੋਗ ਦੀ ਬਾਣੀ ਦੀ ਤਰਤੀਬ ਇਹ ਹੈ। ਸਲੋਕ ਕਬੀਰ ਜੀਉ ਕੇ, ਸਲੋਕ ਸ਼ੇਖ ਫਰੀਦ, ਸਵੱਯੇ ਸ੍ਰੀ ਮੁਖਵਾਕ, ਸਵੱਯੇ ਭੱਟਾਂ ਕੇ, ਸਲੋਕ ਵਾਰਾਂ ਤੋਂ ਵਧੀਕ। ਇਨ੍ਹਾਂ ਦਾ ਵੇਰਵਾ ਦਿੰਦੇ ਹੋਏ ਇਕ ਟਿਪਣੀ ਇਸ ਬੀੜ ਵਿੱਚੋਂ ਆਪ ਨੇ ੧੭੭ ਸਫੇ ਪੁਰ ਦਿੱਤੀ ਹੈ:

"ਇਤਨੇ ਸਲੋਕ ਪੰਜਵੇਂ ਮਹਲੇ ਕੇ ਗਰੰਥ ਉਪਰਹੁ ਲਿਖੇ। ਇਸ ਤੋਂ ਪਿਛੋਂ ਮੁੰਦਾਵਣੀ ਲਿਖ ਕੇ ਬਾਕੀ ਅੱਧਾ ਸਫਾ ਕੋਰਾ ਛਡਿਆ ਹੈ। ਅਗਲੇ ੬੫੧ ਪਤ੍ਰੇ ਦੇ ਮੁਢਲੇ ਸਫੇ ਪੁਰ ਰਾਗਮਾਲਾ

ਅਤੇ ਪਿਛਲੇ ਪਾਸੇ ਤੇ 'ਵਾਰ ਬਸੰਤ ਕੀ ਮਹਲਾ ੧' ਦਿੱਤੇ ਹਨ। ਏਹਨਾਂ ਦੋ ਤੋਂ ਸਿਵਾ ਹੋਰ ਕੋਈ ਫਾਲਤੂ ਜਾਂ ਵਾਧੂ ਰਚਨਾ ਨਹੀਂ ਦਿਤੀ ਗਈ।''

ਉਪਰ ਅਸੀਂ ਰਾਗਮਾਲਾ ਸਿਰਲੇਖ ਦੇ ਅਧਯਾਯ ਵਿਚ ਦੱਸ ਆਏ ਹਾਂ ਕਿ ਕਰਤਾ ਇਸ ਬੀੜ ਨੂੰ ਬਹੁਤ ਪ੍ਰਮਾਣੀਕ ਮੰਨਦਾ ਹੈ। ਇਸ ਨੂੰ ਗੁਰੂ ਹਰਿ ਰਾਇ ਦੀ ਲਿਖਵਾਈ ਤੇ 'ਆਦਿ ਬੀੜ' ਨਾਲ ਸੋਧੀ ਹੋਈ ਮੰਨਦਾ ਹੈ। ਫਿਰ ਪਤਾ ਨਹੀਂ ਇਸ ਵਿਚ ਜੋ ਭੋਗ ਦੀ ਬਾਣੀ ਦੀ ਤਰਤੀਬ ਹੈ ਉਸ ਨੂੰ 'ਆਦਿ ਬੀੜ' ਦੀ ਤਰਤੀਬ ਕਿਉਂ ਨਹੀਂ ਮੰਨਦਾ। ਜੇ ਇਹ ਬੂੜੇ ਸੰਧੂ ਵਾਲੀ ਵਧਾਈ ਹੋਈ ਬੀੜ ਦੇ ਕਿਸੇ ਉਤਾਰੇ ਦੀ ਨਕਲ ਸੀ ਤਾਂ ਇਹ ਸਾਫ ਸਿੱਧ ਹੁੰਦਾ ਹੈ ਕਿ 'ਆਦਿ ਬੀੜ' ਤਕ ਪਹੁੰਚ ਹੋਣ ਕਰਕੇ ਇਸ ਲਿਖਾਰੀ ਨੇ ਉਸ ਬੀੜ ਦੀਆਂ ਭੁਲਾਂ ਸੋਧ ਦਿੱਤੀਆਂ। ਭੋਗ ਦੀ ਬਾਣੀ ਦੀ ਤਰਤੀਬ ਠੀਕ 'ਆਦਿ ਬੀੜ' ਦੇ ਮੁਤਾਬਿਕ ਕਰ ਦਿੱਤੀ ਤੇ 'ਰਾਗਮਾਲਾ' ਤੋਂ ਬਿਨਾਂ ਜੋ 'ਆਦਿ ਬੀੜ' ਵਿਚ ਸੀ, ਹੋਰ ਕੋਈ ਵਾਧੂ ਬਾਣੀ ਇਸ ਬੀੜ ਵਿੱਚੋਂ ਨਕਲ ਨਹੀਂ ਕੀਤੀ।

ਹੁਣ ਬੂੜੇ ਸੰਧੂ ਵਾਲੀ ਬੀੜ ਬਾਬਤ ਕਰਤਾ ਨੇ ਜੋ ਕੁਝ ਹੋਰ ਲਿਖਿਆ ਹੈ ਉਸ ਤੋਂ ਪਤਾ ਚਲਦਾ ਹੈ ਕਿ ਬੂੜੇ ਸੰਧੂ ਨੇ ਜਾਂ ਜੋ ਭੀ ਹੋਰ ਕੋਈ ਉਸ ਬੀੜ ਦਾ ਲਿਖਾਰੀ ਸੀ ਉਸ ਨੇ, ਹੋਰ ਵੀ ਅਦਲਾ ਬਦਲੀ ਉਸ ਬੀੜ ਵਿਚ ਕੀਤੀ ਹੈ। ਜਿਸ ਤੋਂ ਮਲੂਮ ਹੁੰਦਾ ਹੈ ਕਿ ਪਹਿਲੋਂ ਪਹਿਲੋਂ ਉਤਾਰਾ ਕਰਨ ਵਾਲੇ (ਗੁਰੂ) ਗ੍ਰੰਥ ਸਾਹਿਬ ਨੂੰ ਇਕ ਬਾਣੀ ਦਾ ਸੰਗ੍ਰਹਿ ਹੀ ਸਮਝਦੇ ਸਨ। ਸ਼ਬਦਾਂ ਦੀ ਤਰਤੀਬ ਵਿਚ ਅਦਲਾ ਬਦਲੀ ਕਰਨੀ ਕੋਈ ਔਗੁਣ ਨਹੀਂ ਸਨ ਸਮਝਦੇ। ਕਰਤਾ ਨੇ ੧੧੩ ਸਫੇ ਪੁਰ ਇਨ੍ਹਾਂ ਬੀੜਾਂ ਬਾਬਤ ਆਪ ਲਿਖਿਆ ਹੈ। ''ਹੱਥ ਦੀਆਂ ਲਿਖੀਆਂ ਹੋਰ ਬੀੜਾਂ ਜੋ ਪਿਛੋਂ ਦੀਆਂ ਹਨ, ਉਹਨਾਂ ਵਿਚ ਏਸ 'ਭੋਗ ਦੀ ਬਾਣੀ' ਦੀ ਅੰਦਰਲੀ ਤਰਤੀਬ ਵਿਚ ਬੜਾ ਫਰਕ ਹੈ। ਕਿਸੇ ਕਿਸੇ ਵਿਚ ਕਬੀਰ ਅ

ਫਰੀਦ ਦੇ ਸਲੋਕ ਅਖੀਰ ਆਉਂਦੇ ਹਨ। ਕਿਸੇ ਵਿਚ ਗੁਰੂ ਸਾਹਿਬਾਨ ਦੇ ਰਚੇ 'ਸਲੋਕ ਵਾਰਾਂ ਤੇਂ ਵਧੀਕ' ਪਹਿਲੇ ਰੱਖ ਕੇ ਪਿਛੋਂ ਖਾਸ ਕਿਸਮ ਦੀਆਂ ਰਚਨਾਵਾਂ, ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਅਤੇ ਸਵੱਯੇ ਭੱਟਾਂ ਦੇ ਦੇ ਕੇ ਛੇਕੜ ਪੁਰ ਕਬੀਰ ਤੇ ਫਰੀਦ ਦੇ ਸਲੋਕ ਹਨ ਅਤੇ ਇਹ ਤਰਤੀਬਾਂ ਵੀ ਗ੍ਰੰਥ ਸਾਹਿਬ ਦੇ ਅੰਦਰ ਵਰਤੀ ਤਰਤੀਬ ਦੇ ਅਨੁਸਾਰ ਹੈ''। ਜਦ ਕਰਤਾ ਨੂੰ ਭੋਗ ਦੀ ਬਾਣੀ ਦੀ ਤਰਤੀਬ ਵਿਚ ਪ੍ਰਾਚੀਨ ਬੀੜਾਂ ਵਿਚ ਇਤਨਾਂ ਵਖੇਵਾਂ ਦਿਸ ਪਿਆ ਸੀ ਤਾਂ ਉਸ ਨੂੰ ਕੋਈ ਨਤੀਜਾ ਕੱਢਣ ਵਿਚ ਬਹੁਤ ਸਿਆਣਪ ਵਰਤਣੀ ਚਾਹੀਦੀ ਸੀ। ਖਾਸ ਕਰ ਜਦੋਂ ਉਸ ਨੂੰ ਪਤਾ ਲੱਗ ਗਿਆ ਸੀ ਕਿ ਡੇਰਾ ਦੂਨ ਵਾਲੀ ਪ੍ਰਮਾਣੀਕ ਬੀੜ, ਜੋ 'ਆਦਿ ਬੀੜ' ਨਾਲ ਸੋਧੀ ਗਈ ਸੀ, ਵਿਚ ਤੇ ਭਾਈ ਬੰਨੋ ਵਾਲੀ ਬੀੜ ਵਿਚ ਜਿਸ ਨੂੰ ਉਹ ਆਪ ਅਸਲੀ ਮੰਨਦਾ ਹੈ ਉਨ੍ਹਾਂ ਦੋਹਾਂ ਵਿਚ ਭੋਗ ਦੀ ਬਾਣੀ ਦੀ ਤਰਤੀਬ ਉਹ ਹੀ ਹੈ ਜੋ ਛਾਪੇ ਦੀਆਂ ਬੀੜਾਂ ਵਿਚ ਹੈ। ਪਰ ਨਵੀਨਤਾ ਦਾ ਸ਼ੌਕ ਤੇ ਕਾਹਲ ਇਹ ਦੋ ਵਡੀਆਂ ਬੀਮਾਰੀਆਂ ਹਨ ਜੋ ਕਈ ਵਿਚਾਰਵਾਨਾਂ ਪਾਸੋਂ ਵੀ ਭੁਲਾਂ ਕਰਾ ਦਿੰਦੀਆਂ ਹਨ ਤੇ 'ਪ੍ਰਾਚੀਨ ਬੀੜਾਂ' ਦੇ ਕਰਤਾ ਨੂੰ ਤਾਂ ਜਿਸ ਤਰ੍ਹਾਂ ਅਸੀਂ ਉਪਰ ਦੱਸ ਚੁੱਕੇ ਹਾਂ ਗਲਤ ਬਿਆਨੀਆਂ ਤੇ ਨਿਰਮੂਲ ਕਲਪਨਾਵਾਂ ਤੋਂ ਵੀ ਕੋਈ ਸੰਗ ਨਹੀਂ।

ਜੀ. ਬੀ. ਸਿੰਘ ਹੋਰਾਂ ਦਾ ਇਹ ਕਹਿਣਾ ਕਿ ''ਇਸ ਕਰਕੇ ਜੇ ਬੂੜੇ ਸੰਧੂ ਵਾਲੀ ਬੀੜ, ਭਾਈ ਗੁਰਦਾਸ ਵਾਲੀ ਆਦਿ ਬੀੜ ਤੋਂ ਸਿੱਧੀ ਨਕਲ ਕੀਤੀ ਗਈ ਸੀ, ਅਤੇ ਉਹ ਭੀ ਗੁਰੂ ਅਰਜਨ ਦੇਵ ਦੇ ਸਾਹਮਣੇ, ਅਸੀਂ ਮੰਨ ਲਵਾਂਗੇ ਕਿ 'ਭੋਗ ਦੀ ਬਾਣੀ' ਦੀ ਜੋ ਤਰਤੀਬ ਬੂੜੇ ਸੰਧੂ ਵਾਲੀ ਬੀੜ ਵਿਚ ਹੈ, ਉਹੋ 'ਆਦ ਬੀੜ' ਵਿਚ ਸੀ'' ਕੋਈ ਵਜ਼ਨਦਾਰ ਦਲੀਲ ਨਹੀਂ। 'ਪੰਜਵੀਂ ਪਾਤਸ਼ਾਹੀ ਦੇ ਹਜ਼ੂਰ' ਵਾਲੇ ਸ਼ਬਦ ਤੁਸਾਡੇ ਲਿਖੇ ਅਨੁਸਾਰ ਦੂਜੇ ਲਿਖਾਰੀ ਦੀ ਹਥੀਂ ਹਨ ਜੋ ਦਸਮ ਗੁਰੂ ਜੀ ਦੇ ਵੇਲੇ ਹੋਇਆ। ਨਾਲੇ ਇਸ ਦਾ

ਮਤਲਬ ਇਹ ਤਾਂ ਹੋ ਨਹੀਂ ਸਕਦਾ ਕਿ ਪੰਜਵੇਂ ਗੁਰੂ ਜੀ ਉਤਾਰੇ ਵੇਲੇ ਕੋਲ ਬੈਠਦੇ ਸਨ। ਦਿਨੇ ਤਾਂ ਬੀੜ ਹਰਿ ਮੰਦਰ ਵਿਚ ਪ੍ਰਕਾਸ਼ ਹੁੰਦੀ ਸੀ। ਸੰਤੋਖੇ ਜਾਣ ਤੋਂ ਮਗਰੋਂ ਹੀ ਕੋਈ ਉਤਾਰਾ ਹੋ ਸਕਦਾ ਸੀ ਤੇ ਉਹ ਸਮਾ ਰਾਤ ਦਾ ਸੀ। ਇਹ ਅਸੰਭਵ ਹੈ ਕਿ ਪੰਜਵੇਂ ਗੁਰੂ ਜੀ ਉਤਾਰਾ ਕਰਾਣ ਲਈ ਰਾਤ ਜਾਗਦੇ, ਲਿਖਾਰੀ ਪਾਸ ਬੈਠੇ ਰਹਿੰਦੇ ਹੋਣ। 'ਸਾਹਮਣੇ ਲਿਖਾਈ ਗਈ. ਦਾ ਭਾਵ ਵਧ ਤੋਂ ਵਧ ਇਹ ਹੋ ਸਕਦਾ ਹੈ ਕਿ ਉਨ੍ਹਾਂ ਦੇ ਸਮੇ ਵਿਚ ਇਹ ਉਤਾਰਾ ਹੋਇਆ। ਨੀਸ਼ਾਣ ਬਾਬਤ ਕਰਤਾ ਨੇ ਆਪ ਹੀ ੧੧੧ ਸਫੇ ਪਰ ਲਿਖ ਦਿਤਾ ਹੈ, "ਨੀਸ਼ਾਣ' ਜੋ ਵਖਰੇ ਕਾਗਜ਼ ਪੁਰ ਹੁੰਦਾ ਸੀ, 'ਉਤਾਰੇ' ਦੇ ਦਰੁਸਤ ਹੋਣ ਦੀ ਸਨਦ ਨਹੀਂ ਸੀ ਹੁੰਦਾ, ਸਗੋਂ ਵੇਲੇ ਦੇ ਗੁਰੂ ਸਾਹਿਬ ਦੇ ਪਵਿਤ੍ਰ ਹੱਥਾਂ ਦਾ ਲਿਖਿਆ ਹੋਣ ਕਰਕੇ, ਉਨ੍ਹਾਂ ਦੀ ਅਸੀਰਵਾਦ ਜਾਂ ਸ਼ੁਭ ਇੱਛਾ ਦਾ ਚਿਨ੍ਹ ਹੁੰਦਾ ਸੀ, ਜਿਸਤਰ੍ਹਾਂ ਕਤਾਬ ਜਾਂ ਖੁਸ਼ ਨਵੀਸ ਲੋਕ ਕੁਰਾਨ ਦੀ ਨਕਲ ਸ਼ੁਰੂ ਕਰਨ ਤੋਂ ਪਹਿਲੇ ਕਿਸੇ ਬਜ਼ੁਰਗ ਦੇ ਹਥੋਂ 'ਤਬਰੁੱਕ' ਲਈ 'ਬਿਸਮਿਲਾ' ਲਿਖਾ ਲੈਂਦੇ ਹਨ।"

ਇਸ ਬੀੜ ਵਿਚ ਜੋ 'ਨੀਸਾਣ' ਹੈ ਉਹ ਕਰਤਾ ਨੇ ਦੱਸਿਆ ਹੈ ਕਿ 'ਪਤਲੇ ਚਿੱਠੀ ਪੱਤ੍ਰ ਦੇ ਕਾਗਜ਼ ਪੁਰ ਲਿਖਿਆ ਸੀ'। ਉਹ ਲਿਖਾਰੀ ਨੇ '੨੨ ਤੇ ੨੩ ਅੰਕ ਵਾਲੇ ਪਤ੍ਰਿਆਂ ਨੂੰ ਜੋੜ ਕੇ ਮੋਟਾ ਕੀਤਾ' ਤੇ ਉਸ ਮੋਟੇ ਪੱਤਰੇ ਪੁਰ ਲੇਵੀ ਨਾਲ ਜੋੜ ਦਿੱਤਾ (ਪੰਨਾ ੧੧੨)। ਫਿਰ ਇਸ ਬੀੜ ਨੂੰ ਤੁਸਾਂ ਭਾਈ ਬੰਨੋ ਜੀ ਦੀ ਬੀੜ ਤੇ ਡੇਰਾ ਦੂਨ ਵਾਲੀ ਬੀੜ ਨਾਲੋਂ ਕਿਉਂ ਵਧੀਕ ਪ੍ਰਮਾਣੀਕ ਜਾਤਾ ਤੇ ਮੰਨਿਆ ਕਿ 'ਭੋਗ ਦੀ ਬਾਨੀ ਦੀ ਤਰਤੀਬ 'ਆਦਿ ਬੀੜ' ਵਿਚ ਇਸ ਦੇ ਮੁਤਾਬਿਕ ਸੀ'?

ਇਸ ਬੀੜ ਵਿਚ ਲਿਖਾਰੀ ਨੇ ਜੋ ਹੋਰ ਖੁਲ੍ਹਾਂ ਲੈ ਕੇ ਅਦਲਾ ਬਦਲੀ ਕੀਤੀ ਹੈ ਉਹ ਕਰਤਾ ਦੇ ਲਿਖੇ ਅਨੁਸਾਰ ਇਹ ਹੈ, (ਸਫਾ ੧੧੭, ੧੧੮)।

(੧) 'ਆਦਿ ਬੀੜ' ਵਿਚ ਰਹਿਰਾਸ ਦੇ ਚਾਰ ਸ਼ਬਦ ਹੀ ਹਨ। ਭਾਈ ਬੰਨੋ ਵਾਲੀ ਬੀੜ ਅਤੇ ੧੭੧੯ ਵਾਲੀ ਕਾਹਨਗੜ੍ਹ ਵਾਲੀ ਬੀੜ ਵਿਚ, (ਜਿਸ ਨੂੰ ਕਰਤਾ 'ਆਦਿ ਬੀੜ' ਦੀ ਸਿੱਧੀ ਨਕਲ ਮੰਨਦਾ ਹੈ), ਵਿਚ ਚਾਰ ਹੀ ਸ਼ਬਦ ਹਨ। ਪਰ ਭਾਈ ਬੂੜੇ ਵਾਲੀ ਬੀੜ ਵਿਚ ਪੂਰੇ ਨੌਂ।

(੨) ਮਾਰੂ ਰਾਗ ਦੇ ਸ਼ਬਦ ਭਗਤ ਬਾਣੀ ਦੇ ਇਸ ਪ੍ਰਕਾਰ ਹਨ: ਕਬੀਰ ੧੦, ਨਾਮਦੇਵ ੧, ਜੈਦੇਵ ੧, ਕਬੀਰ ੧, ਰਵਿਦਾਸ ੨, ਸਾਰੇ ੧੬। ਪਰ ਭਾਈ ਬੂੜੇਜੀ ਨੇ ਇਹ ਤਰਤੀਬ ਇਸਤਰ੍ਹਾਂ ਬਦਲ ਦਿਤੀ ਹੈ: ਕਬੀਰ ੧੧, ਨਾਮਦੇਵ ੧, ਜੈ ਦੇਵ ੧, ਰਵਿਦਾਸ ੧, ਸਾਰੇ ੧੪। ਕਬੀਰ ਜੀ ਦੇ ਦੋ ਸਲੋਕਾਂ ਨੂੰ ਇਕ ਗਿਣਿਆ ਹੈ। ਪਰ ਰਵਿਦਾਸ ਦਾ ਇਕ ਸ਼ਬਦ ਘਟ ਹੈ, ਨਹੀਂ ਦਿਤਾ*।

(੩) ਭੈਰੋ ਰਾਗ ਦੇ ਸ਼ਬਦ: ਕਬੀਰ ੨੦, ਨਾਮ ਦੇਵ ੧੧, ਰਵਿਦਾਸ ੧, ਨਾਮ ਦੇਵ ੧, ਸਾਰੇ ੩੩।

ਭਾਈ ਬੂੜੇ ਵਾਲੀ ਬੀੜ: ਕਬੀਰ ੨੦, ਨਾਮ ਦੇਵ ੧੨, ਰਵਿਦਾਸ ੧, ਸਾਰੇ ੩੪।

ਨਾਮ ਦੇਵ ਦਾ ਇਕ ਵਧ ਹੈ। ਪਹਿਲੀ ਸ਼੍ਰੇਣੀ ਵਿਚੋਂ ਬਾਹਰਵੇਂ ਸ਼ਬਦ ਦੀ ਪਹਿਲੀ ਤੁਕ ਇਹ ਹੈ।

'ਜਉ ਗੁਰ ਦੇਉ ਤਾ ਮਿਲੈ ਮੁਰਾਰ'†

(੪) ਬਸੰਤ ਰਾਗ ਦੇ ਸ਼ਬਦ: ਕਬੀਰ ੭, ਰਾਮਾ ਨੰਦ ੧,

---

*ਉਹ ਸ਼ਬਦ ਕਰਤਾ ਨੇ ੧੨੦ ਪੰਨੇ ਪੁਰ ਦੱਸਿਆ ਹੈ ਇਹ ਹੈ 'ਸੁਖ ਸਾਗਰ ਸੁਰਿ ਤਰ' ਇਹ ਸ਼ਬਦ ਰਾਗ ਮਾਰੂ ਵਿੱਚ ਦੂਹਰੀ ਵਾਰ ਆਇਆ ਹੈ।

†ਜੇ ਕਰਤਾ ਦਾ ਇਹ ਭਾਵ ਹੈ ਕਿ ਇਹ ਸ਼ਬਦ ਵੱਧ ਹੈ ਤਾਂ ਇਹ ਉਸ ਦੀ ਭੁਲ ਹੈ। ਛਾਪੇ ਦੀਆਂ ਬੀੜਾਂ ਵਿਚ ਇਹ ਤੁਕ ਗਿਆਰਵੇਂ ਸ਼ਬਦ ਦੀ ਪਹਿਲੀ ਤੁਕ ਹੈ।

ਨਾਮ ਦੇਵ ੩, ਰਵਿਦਾਸ ੧ ਅਤੇ ਫੇਰ ਕਬੀਰ ੧, ਸਾਰੇ ੧੩।

ਭਾਈ ਬੂੜੇ ਵਾਲੀ ਬੀੜ: ਕਬੀਰ ੮, ਰਾਮਾਨੰਦ ੧, ਨਾਮ ਦੇਵ ੩, ਰਵਿਦਾਸ ੧, ਸਾਰੇ ੧੩। ਕਬੀਰ ਦੇ ਪਹਿਲੇ ੭ ਤੇ ਪਿਛਲਾ ੧ ਇਕਠੇ ਕਰ ਦਿਤੇ ਹਨ।

(੫) ਸਾਰੰਗ ਰਾਗ ਦੇ ਸ਼ਬਦ: ਕਬੀਰ ੨, ਨਾਮ ਦੇਵ ੩, ਰਾਮਾਨੰਦ ੧, ਸੂਰਦਾਸ ੧ ਅਤੇ ਇਕ ਤੁਕ, ਫਿਰ ਕਬੀਰ ੧, ਕੁਲ ੯।

ਭਾਈ ਬੂੜੇ ਵਾਲੀ ਬੀੜ: ਕਬੀਰ ੩, ਨਾਮਦੇਵ ੩, ਪਰਮਾ ਨੰਦ ੧, ਸੂਰਦਾਸ ੧, ਸਾਰੇ ੮।

ਕਬੀਰ ਦੇ ਤਿੰਨ ਸ਼ਬਦ ਇਕਠੇ ਕਰ ਦਿੱਤੇ ਹਨ ਅਤੇ ਸੂਰਦਾਸ ਦੀ ਇਕ ਤੁਕ ਨਹੀਂ ਦਿਤੀ।

ਹੁਣ ਸਾਡੇ ਪਾਠਕ ਵੇਖ ਸਕਦੇ ਹਨ ਕਿ ਜਿਹੜਾ ਉਤਾਰਾ ਕਰਨ ਵਾਲਾ ਇਤਨੀ ਅਦਲਾ ਬਦਲੀ ਕਰ ਸਕਦਾ ਸੀ, ਉਸ ਲਈ ਭੋਗ ਦੀ ਬਾਣੀ ਦੀ ਤਰਤੀਬ ਬਦਲਨੀ ਕੋਈ ਔਖੀ ਗੱਲ ਨਹੀਂ ਸੀ ਅਤੇ ਜਦ ਕਰਤਾ ਨੂੰ ਵੀ ਇਨ੍ਹਾਂ ਤਬਦੀਲੀਆਂ ਦਾ ਪਤਾ ਲਗ ਗਿਆ ਸੀ ਤਾਂ ਉਸ ਲਈ ਇਹ ਮੰਨਣਾ ਔਖਾ ਨਹੀਂ ਸੀ ਕਿ ਬੀੜ ਦੇ ਲਿਖਾਰੀ ਨੇ ਭੋਗ ਦੀ ਬਾਣੀ ਦੀ ਤਰਤੀਬ ਵਿਚ ਵੀ ਆਪਣੀ ਸਮਝ ਅਨੁਸਾਰ ਅਦਲਾ ਬਦਲੀ ਕਰ ਲਈ ਹੈ। ਪਰ ਖੋਜ ਦੀ ਨਵੀਨਤਾ ਦੇ ਸ਼ੌਕ ਨੇ ਆਪ ਤੋਂ ਇਹ ਭੁਲ ਕਰਵਾਈ।

ਹੁਣ ਲਵੋ ਭਾਈ ਬੰਨੋ ਸਾਹਿਬ ਵਾਲੀ ਬੀੜ। ਭਾਈ ਬਿਸ਼ਨ ਸਿੰਘ ਜੀ ਬੰਨੋਆਣੀਏ ਨੇ ਆਪਣੇ ੭ (ੳ) ਅੰਕ ਵਿੱਚ ਆਪ ਦੇ ਪ੍ਰਸ਼ਨਾਂ ਦੇ ਉਤਰ ਵਿਚ ਐਉਂ ਲਿਖਿਆ ਹੈ।

'੭ (ੳ) 'ਮੁੰਦਾਵਣੀ' ਪੰਚਮ ਪਾਤਸ਼ਾਹ ਦੇ 'ਸਲੋਕ ਵਾਰਾਂ ਤੇ ਵਧੀਕ' ਦੇ ਪਿਛੇ ਨਾਲ ਹੀ ਮਿਲਾ ਕੇ ਲਿਖੀ ਹੈ। ਤਤਕਰੇ ਵਿਚ ਇਸ ਦੀ ਪ੍ਰਤੀਕ ਨਹੀਂ ਦਿਤੀ।

(ਅ) ਤਤਕਰਾ ਰਾਗਾਂ ਦਾ ਪਹਿਲੇ ਦਿੱਤਾ ਹੈ, ਜਿਸ ਵਿਚ

ਰਾਗਾਂ ਦੇ ਪਿਛੇ ਇਹ ਚੀਜ਼ਾਂ ਹਨ—

ਸਲੋਕ ਸਹਸਕ੍ਰਿਤੀ, ਗਾਥਾ, ਸਲੋਕ ਕਬੀਰ ਜੀ, ਸਲੋਕ ਫਰੀਦ ਜੀ, ਸਵੈਯੇ, ਸਲੋਕ ਵਾਰਾਂ ਤੇ ਵਧੀਕ, ਸਲੋਕ 'ਜਿਤ ਦਰ ਲਖ ਮੁਹਮਦਾ', ਰਤਨ ਮਾਲਾ, ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਦੀ, ਰਾਗਮਾਲਾ—ਇਹ ਪ੍ਰਤੀਕਾਂ ਦਿਤੀਆਂ ਹਨ ਅਤੇ ਪੰਨਿਆਂ ਦੇ ਅੰਕ ਵੀ ਦਿਤੇ ਹਨ'।

ਹੁਣ ਇਹ ਤਰਤੀਬ 'ਭੋਗ ਦੀ ਬਾਣੀ' ਦੀ ਐਨ 'ਆਦਿ ਬੀੜ' ਦੇ ਜੋ ਕਰਤਾਰ ਪੁਰ ਵਿਚ ਹੈ ਅਨੁਸਾਰ ਹੈ। ਕਰਤਾਰ ਪੁਰ ਵਾਲੀ ਬੀੜ ਵਿਚ ਵੀ ਮੁੰਦਾਵਣੀ ਦੀ ਵਖਰੀ ਪ੍ਰਤੀਕ ਕੋਈ ਨਹੀਂ। 'ਸਲੋਕ ਵਾਰਾਂ ਤੋਂ ਵਧੀਕ' ਮਹਲੇ ਪੰਜਵੇਂ ਦੇ ਸੱਜੇ ਪਾਸੇ ਦੇ ਪੰਨੇ ਦੇ ਅੰਤ ਪੁਰ ਮੁਕਦੇ ਹਨ। ਅਗਲੇ ਸਫੇ ਦੇ ਆਰੰਭ ਵਿਚ ਬਿਨਾਂ ਕੋਈ ਵਿਸ਼ੇਸ਼ ਵਿਥ ਛਡ ਕੇ 'ਮੁੰਦਾਵਣੀ' ਲਿਖੀ ਹੋਈ ਹੈ, ਬਾਕੀ ਦਾ ਸਫਾ ਖਾਲੀ ਹੈ। 'ਮੁੰਦਾਵਣੀ' ਦੇ ਮਗਰੋਂ ਕਰਤਾਰ ਪੁਰ ਵਾਲੀ 'ਆਦਿ ਬੀੜ' ਵਿਚ ਕੇਵਲ ਰਾਗ ਮਾਲਾ ਹੀ ਹੈ ਹੋਰ ਕੋਈ ਬਾਣੀ ਨਹੀਂ। ਇਸ ਬੀੜ ਤੇ ਭਾਈ ਬੰਨੋ ਸਾਹਿਬ ਵਾਲੀ ਬੀੜ ਵਿਚ ਫਰਕ ਕੇਵਲ ਇਨ੍ਹਾਂ ਬਾਣੀਆਂ ਦਾ ਹੈ: 'ਸਲੋਕ 'ਜਿਤ ਦਰ ਲਖ ਮੁਹਮਦਾ' ਆਦਿ, 'ਰਤਨ ਮਾਲਾ' ਅਤੇ 'ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ'। ਇਹ ਬਾਣੀਆਂ ਭਾਈ ਬੰਨੋ ਜੀ ਦੀ ਬੀੜ ਵਿਚ ਹਨ ਪਰ ਕਰਤਾਰ ਪੁਰ ਵਾਲੀ ਆਦਿ ਬੀੜ ਵਿਚ ਨਹੀਂ। ਭੋਗ ਦੀ ਬਾਣੀ ਦੇ ਕ੍ਰਮ ਦਾ ਹੋਰ ਕੋਈ ਫਰਕ ਦੋਹਾਂ ਬੀੜਾਂ ਵਿਚ ਨਹੀਂ। ਭਾਈ ਬੰਨੋ ਸਾਹਿਬ ਵਾਲੀ ਬੀੜ ਨੂੰ ਜੀ. ਬੀ. ਸਿੰਘ ਹੋਰੀ "ਅਸਲੀ" ਮੰਨਦੇ ਹਨ। ਫਿਰ ਆਪ ਨੂੰ ਇਹ ਕਿਥੋਂ ਸੁਝ ਪਿਆ ਕਿ 'ਆਦਿ ਬੀੜ' ਵਿਚ ਇਹ ਕ੍ਰਮ ਨਹੀਂ ਸੀ? ਪਰ ਕਰਤਾ ਦੀ ਯੁਕਤੀ ਦੀ ਕੁਟਲਤਾ ਦੀ ਇਕ ਮਿਸਾਲ ਇਸ ਬੀੜ ਦੇ ਸਮਾਚਾਰ ਵਿਚ ਮਿਲਦੀ ਹੈ। ਭਾਈ ਬਿਸ਼ਨ ਸਿੰਘ ਬੰਨੋਆਣੀਏ ਨੇ ਆਪਣੇ ਜਵਾਬਾਂ ਦੇ ਅੰਕ (੨) ਵਿਚ ਜੋ ਪੁਸਤਕ ਦੇ ਪੰਨੇ ੧੩੭ ਪੁਰ

ਦਿਤਾ ਹੈ, ਇਹ ਲਿਖਿਆ ਹੈ:—

(੨) "ਸਾਰੰਗ ਰਾਗ ਵਿਚ ਸੂਰਦਾਸ ਦੇ ਸ਼ਬਦਾਂ ਦੀ ਪ੍ਰਕ੍ਰਿਤ ਇਹ ਹੈ:—

ਪਰਮਾ ਨੰਦ ਦਾ ਸ਼ਬਦ:—

(ੳ) ਛਾਡ ਮਨ ਹਰਿ ਬੇਮੁਖਨ ਕੋ ਸੰਗ।

(ਅ) ਹਰਿ ਕੇ ਸੰਗ ਬਸੇ ਹਰਿ ਲੋਕ।

ਇਹਨਾਂ ਤੋਂ ਪਿਛੇ ਕਬੀਰ ਜੀ ਦਾ ਸ਼ਬਦ ਹੈ:—

ਹਰਿ ਬਿਨ ਕਉਨ ਸਹਾਈ ਮਨ ਕਾ ॥

'ਛਾਡ ਮਨ ਹਰਿ ਬੇਮੁਖਨ ਕੋ ਸੰਗੁ' ਵਾਲਾ ਸਾਰਾ ਸ਼ਬਦ ਭਾਵੇਂ ਏਥੇ ਲਿਖਿਆ ਹੈ, ਪਰੰਤੂ ਪਹਿਲੀ ਤੁਕ ਹੀ ਆਪਣੇ ਤੋਂ ਪਹਿਲੀ ਲਿਖਤ ਨਾਲ ਮਿਲਦੀ ਹੈ, ਅਗੇ ਸਾਰਾ ਸ਼ਬਦ ਹੋਰ ਲਿਖਤ ਦਾ ਹੈ, ਉਸ ਦੇ ਪਿਛੋਂ ਦੂਜਾ ਸ਼ਬਦ ਸੂਰਦਾਸ ਦਾ ਅਤੇ ਪਿਛੋਂ ਕਬੀਰ ਦਾ ਸ਼ਬਦ ਪਹਿਲੀ ਕਲਮ ਦੇ ਹੀ ਲਿਖੇ ਹਨ। ਇਹ ਸ਼ਬਦ ਪਿਛੋਂ ਦਾ ਵਧਾਇਆ ਨਹੀਂ ਬਣ ਸਕਦਾ।'

ਹੁਣ ਵਾਸਤਵ ਵਿਚ ਵੀ ਇਹ ਇਸੇ ਤਰ੍ਹਾਂ ਹੋਣਾ ਚਾਹੀਦਾ ਸੀ। 'ਆਦਿ ਬੀੜ' ਵਿਚ ਇਕੋ ਹੀ ਤੁਕ ਸੀ ਜੋ ਪਹਿਲੇ ਲਿਖਾਰੀ ਨੇ ਲਿਖ ਦਿੱਤੀ। ਪਿਛੋਂ ਸਾਰਾ ਸ਼ਬਦ ਕਿਸੇ ਹੋਰ ਲਿਖਾਰੀ ਨੇ ਪੂਰਾ ਕੀਤਾ। ਪਰ ਇਹ ਗੱਲ ਆਪ ਦੀ ਕਲਪਨਾ ਦੇ ਵਿਰੁਧ ਸੀ। ਜੀ. ਬੀ. ਸਿੰਘ ਹੋਰੀਂ ਇਹ ਮੰਨਦੇ ਹਨ ਕਿ ਕਰਤਾਰ ਪੁਰ ਵਾਲੀ ਬੀੜ ਭਾਈ ਬੰਨੋ ਜੀ ਵਾਲੀ ਬੀੜ ਦੀ ਕਿਸੇ ਨਕਲ ਦਾ ਉਤਾਰਾ ਹੈ (ਸਫਾ ੨੭੧) ਜਿਸ ਵਿਚ ਸੂਰਦਾਸ ਦਾ ਸਾਰਾ ਸ਼ਬਦ ਦਰਜ ਸੀ। ਪਰ 'ਆਦਿ ਬੀੜ' ਬਣਾਣ ਵੇਲੇ ਬਾਕੀ ਪਾਲਾਂ ਪੁਰ ਹੜਤਾਲ ਫੇਰੀ ਗਈ ਤੇ ਇਹ ਤੁਕ ਗਲਤੀ ਨਾਲ ਰਹਿ ਗਈ ਕਿਉਂਕਿ ਇਹ ਪਰਮਾ ਨੰਦ ਜੀ ਵਾਲੇ ਸ਼ਬਦ ਨਾਲ ਮਿਲਾਕੇ ਲਿਖੀ ਹੋਈ ਸੀ। ਅਸੀਂ ਉਪਰ ਇਹ ਲਿਖ ਚੁਕੇ ਹਾਂ ਕਿ ਇਹ ਲੇਖ ਆਪ ਦਾ ਬਿਲਕੁਲ ਨਿਰਮੂਲ ਹੈ। ਨਾ 'ਆਦਿ ਬੀੜ' ਵਿਚ ਜੋ ਹੁਣ

ਕਰਤਾਰ ਪੁਰ ਵਿਚ ਮੌਜੂਦ ਹੈ ਇਹ ਇਕ ਤੁਕ ਪਰਮਾ ਨੰਦ ਜੀ ਦੇ ਸ਼ਬਦ ਨਾਲ ਮਿਲਾਕੇ ਲਿਖੀ ਹੋਈ ਹੈ ਨਾ ਓਥੇ ਬਾਕੀ ਪਾਲਾਂ ਲਿਖੀਆਂ ਹੋਈਆਂ ਹਨ ਤੇ ਨਾ ਬਾਕੀ ਪਾਲਾਂ ਪੁਰ ਹੜਤਾਲ ਫੇਰੀ ਹੋਈ ਹੈ। ਸਗੋਂ ਇਹ ਤੁਕ ਇਕੱਲੀ ਪਹਿਲੇ ਸ਼ਬਦ ਨਾਲੋਂ ਕੁਝ ਵਿੱਥ ਛੱਡ ਕੇ ਲਿਖੀ ਹੋਈ ਹੈ ਅਤੇ ਅਗੇ ਚਾਰ ਕੁ ਪਾਲਾਂ ਦੀ ਥਾਂ ਖਾਲੀ ਹੈ, ਨਵਾਂ ਸਿਰਨਾਵਾਂ 'ਸੂਰਦਾਸ' ਦਾ ਨਹੀਂ ਦਿੱਤਾ ਹੋਇਆ। ਹੁਣ ਜਦ ਭਾਈ ਬੰਨੋ ਜੀ ਦਾ ਉਤਾਰਾ ਵੀ ਇਹ ਦੱਸਦਾ ਹੈ ਕਿ ਉਥੇ ਇਕੋ ਤੁਕ ਸੀ ਜੋ ਪਹਿਲੇ ਲਿਖਾਰੀ ਨੇ ਉਤਾਰ ਲਈ ਤੇ ਸਾਰਾ ਸ਼ਬਦ ਮਗਰੋਂ ਕਿਸੇ ਹੋਰ ਲਿਖਾਰੀ ਨੇ ਪੂਰਾ ਕੀਤਾ ਤਾਂ ਆਪ ਹੁਣ ਸਾਫ ਸਿੱਟੇ ਨੂੰ ਮੰਨਣੋਂ ਨਾਹ ਕਰਨ ਲਈ ਇਹ ਲਿਖਦੇ ਹਨ:—

"ਸਿੱਟਾ ਇਹ ਨਿਕਲਿਆ ਕਿ ਜਿਸ ਵੇਲੇ ਲਿਖਾਰੀ ਮਾਂਗਟ ਤੋਂ ਲਾਹੌਰ ਆਉਂਦਾ ਨਕਲ ਕਰ ਰਿਹਾ ਸੀ, ਤਦ ਉਸ ਨੂੰ ਇਹ ਸ਼ਬਦ ਯਾਦ ਆਇਆ, ਪਰ ਸਾਰੀਆਂ ਤੁਕਾਂ ਯਾਦ ਨਹੀਂ ਸਨ ਜਾਂ ਉਹਨਾਂ ਦੇ ਲਫਜ਼ਾਂ ਬਾਬਤ ਕੁਝ ਸ਼ੱਕ ਸੀ। ਸੋ ਉਸ ਨੇ ਪਹਿਲੀ ਤੁਕ ਤਾਂ ਮੂੰਹ ਜ਼ਬਾਨੀ ਲਿਖ ਦਿਤੀ, ਉਪਰਲੇ ਪਰਮਾ ਨੰਦ ਦੇ ਸ਼ਬਦ ਦੇ ਨਾਲ ਹੀ ਮਿਲਾਕੇ, ਬਿਨਾਂ ਨਵਾਂ ਸਿਰ ਲੇਖ ਸੂਰਦਾਸ ਦਾ ਦੇਣ ਦੇ, ਅਤੇ ਬਾਕੀ ਛੇ ਤੁਕਾਂ ਵਾਸਤੇ ਥਾਂ ਛਡ ਕੇ, ਸੂਰਦਾਸ ਦਾ ਦੂਸਰਾ ਸ਼ਬਦ, ਸਾਹਮਣੇ ਪਈ ਸੈਂਚੀ ਤੋਂ ਨਕਲ ਕਰ ਦਿੱਤਾ। ਬਾਕੀ ਦੀਆਂ ਛੇ ਤੁਕਾਂ ਗਾਲਿਬਨ ਜਿਸ ਵੇਲੇ ਬੀੜ ਪੰਚਮ ਪਾਤਸ਼ਾਹ ਦੇ ਹਜ਼ੂਰ ਪੇਸ਼ ਹੋਈ, ਉਸ ਵਿਚ ਹਾਲੀ ਨਹੀਂ ਸਨ ਲਿਖੀਆਂ ਗਈਆਂ, ਪਿਛੋਂ ਤਲਾਸ਼ ਕਰਕੇ, ਜਾਂ ਕਿਸੇ ਹੋਰ ਲਿਖਾਰੀ ਨੇ, ਜਿਸ ਨੂੰ ਇਹ ਚੰਗੀ ਤਰ੍ਹਾਂ ਯਾਦ ਸਨ, ਲਿਖ ਦਿਤੀਆਂ'।

ਜਿਸ ਦਾ ਭਾਵ ਇਹ ਹੈ ਕਿ ਭਾਈ ਬੰਨੋ ਜੀ ਨੇ ਲਿਖਾਰੀਆਂ ਨੂੰ ਖੁਲ੍ਹ ਦਿਤੀ ਹੋਈ ਸੀ ਕਿ ਜੋ ਸ਼ਬਦ ਯਾਦ ਆਵੇ ਲਿਖ ਦਿਓ। ਜੀ. ਬੀ. ਸਿੰਘ ਹੋਰਾਂ ਨੂੰ ਅਸਲ ਗੱਲ ਨੂੰ ਲੁਕਾਣ ਵਾਸਤੇ ਕੀ ਕੀ

ਕੁਝ ਕੋਲੋਂ ਘੜਨਾ ਪਿਆ ਹੈ ? 'ਗਾਲਿਬਨ' ਆਦਿ ਪਦ ਲਿਖ ਲਿਖ ਕੇ ਆਪਣੇ ਪਾਠਕਾਂ ਦੀ ਸਮਝ ਨਾਲ ਮਸਖਰੀਆਂ ਕੀਤੀਆਂ ਹਨ ।

ਹੁਣ ਲਵੋ ਇਕ ਹੋਰ ਬੀੜ ਜਿਸ ਨੂੰ ਆਪ 'ਦਮਦਮੇ ਵਾਲੀ ਬੀੜ' ਦੀ ਪਦਵੀ ਦਿੰਦੇ ਹਨ ਅਤੇ ਜਿਸ ਦਾ ਜਿਕਰ ਆਪ ਨੇ ਪੰਨੇ ੨੧੫ ਤੋਂ ਲੈ ਕੇ ੨੩੩ ਤਕ ਕੀਤਾ ਹੈ। ਇਸ ਦੀ ਬਾਬਤ ਆਪ ਲਿਖਦੇ ਹਨ ਸਫੇ ੨੧੭ ਉਪਰ:—

'ਇਹ ਬੀੜ ਮਾਖੋ ਵਾਲ ਵਿਚ ਹੀ ਤਿਆਰ ਹੋ ਸਕਦੀ ਸੀ ਅਤੇ ਕੁਦਰਤੀ ਤੌਰ ਪੁਰ ਉਸ ਅਸਥਾਨ ਤੇ ਜਿਸ ਨੂੰ ਅੱਜ ਕਲ ਦਮਦਮਾ ਆਖਦੇ ਹਨ । ਇਸ ਕਰਕੇ ਮੈਂ ਕਹਾਂਗਾ ਕਿ ਇਹੋ ਦਮਦਮੇ ਵਾਲੀ ਬੀੜ ਹੈ ਅਤੇ ਇਹੋ ਹੁਣ ਗੁਰੂ ਗੱਦੀ ਦੇ ਨਾਲ ਦੀ ਬੀੜ ਸੀ ਅਤੇ ਸੰਮਤ ੧੭੬੧ ਤਕ ਰਹੀ ।'

ਇਨ੍ਹਾਂ ਦੇ ਇਸ ਦਾਵੇ ਤੇ ਕਿ ਇਹ ਬੀੜ 'ਦਮਦਮੇ ਸਾਹਿਬ ਵਾਲੀ ਬੀੜ' ਹੈ ਅਸੀ ਅਗੇ ਚੱਲ ਕੇ ਵਿਚਾਰ ਕਰਾਂਗੇ। ਹਾਲਾਂ ਸਿਰਫ ਇਤਨਾਂ ਹੀ ਦੱਸਣਾ ਚਾਹੁੰਦੇ ਹਾਂ ਕਿ ਇਸ ਬੀੜ ਵਿਚ ਵੀ ਭੋਗ ਦੀ ਬਾਣੀ ਦੀ ਤਰਤੀਬ ਉਹੋ ਹੈ ਜੋ ਛਾਪੇ ਦੀਆਂ ਬੀੜਾਂ ਵਿਚ ਹੈ । ਫਿਰ ਕਰਤਾ ਨੇ ਇਹ ਨਤੀਜਾ ਖਬਰ ਨਹੀਂ ਕਿਥੋਂ ਕਢ ਲਿਆ ਕਿ 'ਆਦਿ ਬੀੜ' ਵਿੱਚ ਭੋਗ ਦੀ ਬਾਣੀ ਦੀ ਤਰਤੀਬ ਹੁਣ ਵਾਲੀ ਤਰਤੀਬ ਨਾਲੋਂ ਵਖਰੀ ਸੀ ।

ਜੋ ਕੁਝ ਠੀਕ ਨਤੀਜਾ ਉਹਨਾਂ ਨੋਟਾਂ ਤੋਂ ਜੋ ਕਰਤਾ ਨੇ ਕਈ ਪ੍ਰਾਚੀਨ ਬੀੜਾਂ ਬਾਬਤ ਛਾਪੇ ਹਨ ਨਿਕਲ ਸਕਦਾ ਹੈ ਉਹ ਇਹ ਹੈ ਕਿ ਜਦੋਂ 'ਆਦਿ ਬੀੜ' ਤਿਆਰ ਹੋਈ ਉਸ ਦੇ ਉਤਾਰਿਆਂ ਵਿਚ ਲਿਖਾਰੀਆਂ ਕੁਝ ਖੁਲ੍ਹ ਵਰਤੀ । ਭਾਈ ਬੰਨੋ ਜੀ ਵਾਲੀ ਬੀੜ ਵਿਚ ਕੁਝ ਵਧੀਕ ਬਾਣੀ ਦਰਜ ਹੈ, ਜੋ ਉਸ ਦੀਆਂ ਨਕਲਾਂ ਵਿਚ ਮੌਜੂਦ ਹੈ । ਬੂੜੇ ਸੰਧੂ ਵਾਲੀ ਬੀੜ ਵਿਚ ਵਾਧੂ ਬਾਣੀ ਤਾਂ ਲਿਖਾਰੀ ਨੇ ਨਾ ਦਰਜ ਕੀਤੀ ਪਰ ਭੋਗ ਦੀ ਬਾਣੀ ਦੀ ਤਰਤੀਬ

ਬਦਲ ਦਿਤੀ ਅਤੇ ਉਸ ਦੀਆਂ ਨਕਲਾਂ ਵਿਚ ਈਹੋ ਕੁਝ ਹੁੰਦਾ ਰਿਹਾ। ਭੋਗ ਦੀ ਬਾਣੀ ਦੀ ਤਰਤੀਬ ਕੁਝ ਹੋਰ ਲਿਖਾਰੀਆਂ ਵੀ ਬਦਲ ਲਈ । ਦਸਮ ਪਾਤਸ਼ਾਹ ਤਕ ਜਦੋਂ ਤਕ ਗੁਰਿਆਈ ਗੁਰੂ ਗ੍ਰੰਥ ਸਾਹਿਬ ਨੂੰ ਨਹੀਂ ਸੀ ਸੌਂਪੀ ਗਏ। ਇਹ ਖੁਲ੍ਹ ਕਿਤੇ ਕਿਤੇ ਜਾਰੀ ਰਹੀ । ਪਰੰਤੂ ਹੁਣ ਦਸਮ ਗੁਰੂ ਜੀ ਲਈ ਇਹ ਜ਼ਰੂਰੀ ਹੋ ਗਿਆ ਕਿ ਉਹ ਇਕ ਐਸੀ ਬੀੜ ਤਿਆਰ ਕਰਨ ਜਿਸ ਵਿਚ ਤਰਤੀਬ ਬਾਣੀ ਦੀ ਵੀ ਪੱਕੀ ਕਰ ਦਿੱਤੀ ਜਾਵੇ । ਕਿਉਂਕਿ ਹੁਣ ਬੀੜ ਨੂੰ ਹੀ ਗੁਰਿਆਈ ਮਿਲਣੀ ਸੀ। ਇਸ ਲਈ ਉਨ੍ਹਾਂ ਦਮਦਮੇ ਸਾਹਿਬ ਵਾਲੀ ਬੀੜ ਤਿਆਰ ਕੀਤੀ । ਇਸ ਬੀੜ ਦੇ ਤਿਆਰ ਹੋਣ ਮਗਰੋਂ ਜਦੋਂ ਭਾਈ ਮਨੀ ਸਿੰਘ ਵਰਗੇ ਸਿਦਕੀ ਸਿਖ ਨੇ ਵੀ ਤਰਤੀਬ ਬਦਲਨ ਦਾ ਹੀਆ ਕੀਤਾ ਤਾਂ ਪੰਥ ਨੇ ਉਸ ਨੂੰ ਕਰੜਾ ਦੋਸ਼ੀ ਥਾਪਿਆ ।

ਸਾਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਕਰਤਾ 'ਪ੍ਰਾਚੀਨ ਬੀੜਾਂ' ਨੇ ਅਡ ਅਡ ਬੀੜਾਂ ਵਿਚੋਂ ਜੋ ਨੋਟ ਲਏ ਉਨ੍ਹਾਂ ਨੂੰ ਆਪਸ ਵਿਚ ਮੁਕਾਬਲਾ ਕਰਨ ਦਾ ਵੀ ਯਤਨ ਨਹੀਂ ਕੀਤਾ ਅਤੇ ਇਸ ਗੜਬੜ ਵਿਚ ਕਿਤੇ ਕੁਝ ਲਿਖ ਦਿਤਾ ਹੈ ਤੇ ਕਿਤੇ ਕੁਝ । ਸਫਾ ੩੨੭-੩੨੯ ਪੁਰ ਬੁਰਹਾਨ ਪੁਰ ਦੀ 'ਪੁਰਾਣੀ ਸੰਗਤ' ਦੀ ਬੀੜ ਦਾ ਜ਼ਿਕਰ ਕਰਦੇ ਹੋਏ ਆਪ ਨੇ ਲਿਖਿਆ ਹੈ:—

" 'ਪੁਰਾਣੀ ਸੰਗਤ' ਵਿਚ ਜੋ ਗ੍ਰੰਥ ਹਨ, ਉਹਨਾਂ ਦਾ ਵੇਰਵਾ ਹੇਠਾਂ ਕੀਤਾ ਜਾਂਦਾ ਹੈ । ਸਭ ਤੋਂ ਪਹਿਲੇ ਇਕ ਆਦਿ-ਗ੍ਰੰਥ ਸਾਹਿਬ ਹਨ । ਇਹ ਉਤਾਰਾ ਸ੍ਰੀ ਦਸਮੇਸ਼ ਜੀ ਦੇ ਵੇਲੇ ਹੋਇਆ ਪ੍ਰਤੀਤ ਹੁੰਦਾ ਹੈ ਅਤੇ 'ਸੰਗਤ' ਵਿਚ ਸਭ ਤੋਂ ਪੁਰਾਣਾ ਗ੍ਰੰਥ ਇਹੋ ਹੈ। ਇਕ ਹੱਥ ਦਾ ਕਸ਼ਮੀਰੀ ਰੋਗਨੀ ਕਾਗਜ਼ ਦੇ ੯੧੧ ਪਤਰਿਆਂ ਪੁਰ ਲਿਖਿਆ ਹੈ, ਅਤੇ ਐਸੇ ਲਿਖਾਰੀ ਦਾ, ਜਿਸ ਨੇ ਕੁਝ ਆਪਣੀ ਸਮਝ ਵੀ ਵਰਤੀ ਹੈ ਅਤੇ ਨਿਰਾ ਮੱਖੀ ਤੇ ਮੱਖੀ ਮਾਰਨੀ ਪਸੰਦ ਨਹੀਂ ਕੀਤੀ । ਛੇਕੜ ਜਾ ਕੇ ਤਰਤੀਬ ਮਜ਼ਮੂਨ ਦੀ ਕੁਝ ਵੱਖਰੀ ਹੈ (ਅਤੇ

'ਆਦਿ ਬੀੜ' ਦੇ ਮੁਤਾਬਕ ਹੈ)।'ਸੋ ਪੁਰਖ' ਦੇ ਚਾਰ ਸ਼ਬਦ ਰਹਿਰਾਸ ਵਿਚ ਦਿਤੇ ਹਨ। ਜੈਜਾਵੰਤੀ ਰਾਗ ਨੂੰ ੩੧ ਰਾਗ ਬਣਾਇਆ ਹੈ, ਉਸ ਤੋਂ ਪਿਛੋਂ ਤਰਤੀਬ ਵਾਰ ਆਉਂਦੇ ਹਨ:—

ਸਲੋਕ ਸਹਸਕ੍ਰਿਤੀ ਗਾਥਾ, ਫੁਨਹੇ, ਚਉਬੋਲੇ, ਸਲੋਕ ਵਾਰਾਂ, ਤੇ ਵਧੀਕ, ਮੁੰਦਾਵਣੀ (ਖਾਲੀ ਪਹਿਲਾ ਸ਼ਲੋਕ), ਸਲੋਕ ਮਹਲਾ ੯, ਗੁਣ ਗੋਬਿੰਦ ਤੋਂ 'ਜਪਿਆ ਗੁਰ ਮੰਤ' ॥ ੫੭ ॥ ੨੦੧ ॥ ਤਕ, ਸਵੈਯੇ ਸ੍ਰੀ ਮੁਖ ਵਾਕ ਮਹਲਾ ੫, ਸਵੈਯੇ ਭਟਾਂ ਕੇ, ਮਹਲੇ ਪਹਿਲੇ, ਦੂਜੇ, ਤੀਜੇ, ਚਉਥੇ ਅਤੇ ਪੰਜਵੇਂ ਕੇ; ਸਲੋਕ ਭਗਤ ਕਬੀਰ ਜੀਉ ਕੇ (੨੪੩) ਸਲੋਕ ਸ਼ੇਖ ਫਰੀਦ ਕੇ (੧੩੦)'।

ਆਪ ੨੩੯—੨੪੦ ਸਫੇ ਪੁਰ ਇਹ ਲਿਖ ਚੁਕੇ ਸਨ:—

'ਅਤੇ 'ਮੁੰਦਾਵਣੀ' ਵਾਲੇ ਸਲੋਕ 'ਥਾਲ ਵਿਚ ਤਿਨ ਵਸਤੂ ਪਈਓ' ਨੂੰ ਸਲੋਕ ਵਾਰਾਂ ਤੇ ਵਧੀਕ ਦੇ ਪਿਛੇ ਰਖਿਆ ਹੈ ਅਤੇ ਦੂਸਰਾ ਸਲੋਕ 'ਤੇਰਾ ਕੀਤਾ ਜਾਤੋ ਨਾਹੀਂ' ਵਧੀਕ ਸਲੋਕਾਂ ਵਿਚ ਹੀ ਇਕ ਹੈ, ਅਤੇ ਪੰਜਵੇਂ ਮਹਲੇ ਦੇ ਵਾਧੂ ਸਲੋਕਾਂ ਵਿਚ ੨੨ ਵਾਂ ਸਲੋਕ ਹੈ। ਬਹੁਤੀਆਂ ਪ੍ਰਾਚੀਨ ਬੀੜਾਂ ਵਿਚ ਮੁੰਦਾਵਨੀ ਅਖੀਰ ਪੁਰ ਨਹੀਂ, ਸਗੋਂ ਕਬੀਰ ਅਤੇ ਫਰੀਦ ਦੇ ਸਲੋਕਾਂ ਤੋਂ ਪਹਿਲੇ ਦਿਤੀ ਹੈ। ਪ੍ਰਤਖ 'ਆਦਿ ਬੀੜ' ਵਿਚ 'ਮੁੰਦਾਵਣੀ' ਵਾਲੇ ਸਲੋਕ ਨੂੰ ਇਹੋ ਥਾਂ ਮਿਲੀ ਸੀ ਅਤੇ ਗ੍ਰੰਥ ਸਾਹਿਬ ਦੀ 'ਇਤੀ' ਭਟਾਂ ਦੇ ਸਵੈਯਾਂ ਦੀ ਏਸ ਤੁਕ ਪੁਰ ਹੋ ਜਾਂਦੀ ਸੀ, 'ਛਤ੍ਰ ਸਿੰਘਾਸਨੁ ਪਿਰਥਮੀ ਗੁਰੂ ਅਰਜਨ ਕੋ ਦੈ ਆਇਓ।'

ਹੁਣ ਸੋਚਣ ਦੀ ਗੱਲ ਹੈ ਕਿ ਇਹ ਦੋਵੇਂ ਤਰਤੀਬਾਂ ਜਿਨ੍ਹਾਂ ਵਿਚ ਇਤਨਾ ਫਰਕ ਹੈ ਇਕੋ 'ਆਦਿ ਬੀੜ' ਦੀਆਂ ਨਹੀਂ ਹੋ ਸਕਦੀਆਂ। ਕਾਹਲ ਵਿਚ ਆਪ ਨੇ ਆਪਣੇ ਲਿਖੇ ਨੂੰ ਵੀ ਮੁਕਾਬਲਾ ਕਰਕੇ ਨਹੀਂ ਵਾਚਿਆ।

੯. ਹੋਰ ਭੁੱਲਾਂ

'ਪ੍ਰਾਚੀਨ ਬੀੜਾਂ' ਦੇ ਕਰਤਾ ਨੇ ਆਪਣੀ ਪੁਸਤਕ ਵਿਚ ਪ੍ਰਸਪਰ ਵਿਰੋਧ ਦਾ ਰਤਾ ਖਿਆਲ ਵੀ ਨਹੀਂ ਕੀਤਾ। ਬੋਹਤ ਵਾਲੀ ਬੀੜ ਬਾਬਤ ਲਿਖਿਆ ਹੈ, 'ਭਾਈ ਬੰਨੋਵਾਲੀ ਬੀੜ ਤੋਂ ਪਹਿਲਾ ਉਤਾਰਾ ਵਰ੍ਹੇ ਦੇ ਅੰਦਰ ਅੰਦਰ ਹੀ ਹੋ ਗਿਆ ਅਤੇ ਉਹ ਬੀੜ ਮਾਂਗਟ ਤੋਂ ਪੰਜ ਕੁ ਮੀਲ ਤੇ ਇਕ ਪਿੰਡ ਬੋਹਤ ਵਿਚ ਪੰਚਾਇਤੀ ਗੁਰਦੁਵਾਰੇ ਵਿਚ ਮੌਜੂਦ ਹੈ।' ਹੁਣ ਸਫਾ ੧੯੧ ਪੁਰ ਕਾਨਗੜ੍ਹ, (ਰਿਆਸਤ ਪਟਿਆਲੇ) ਦੀ ਬੀੜ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ, 'ਏਸ ਬੀੜ ਦੀ ਅਸਲ ਕੇਹੜੀ ਸੀ? ਅਰਥਾਤ, ਇਹ ਕਿਸ ਬੀੜ ਤੋਂ ਨਕਲ ਕੀਤੀ ਗਈ? ਏਸ ਬੀੜ ਵਿਚ ਮੀਰਾਂ ਬਾਈ ਦਾ ਸ਼ਬਦ ਰਾਗ ਮਾਰੂ ਹੇਠਾਂ ਨਹੀਂ ਦਿੱਤਾ, ਨਾ ਰਾਗ ਸਾਰੰਗ ਵਿਚ ਸੂਰਦਾਸ ਦਾ ਪਹਿਲਾ ਸ਼ਬਦ, ਜਾਂ ਉਸਦੀ ਪਹਿਲੀ ਤੁਕ 'ਛਾਡ ਮਨ ਹਰਿ ਬੇਮੁਖਨ ਕੋ ਸੰਗ' ਹੀ ਦਿਤੀ ਹੈ। ਫਿਰ ਸੰਮਤ ਦੇ ਦੇਣ ਵਿਚ ਇਹ ਲਫਜ਼ 'ਪੋਥੀ ਲਿਖਿ ਪਹੂੰਚੇ' ਨਹੀਂ ਵਰਤੇ, ਜਿਸ ਤਰ੍ਹਾਂ ਕਿ ਹੋਰ ਬਹੁਤ ਸਾਰੀਆਂ ਬੀੜਾਂ ਦੇ ਉਤਾਰਾ ਕਰਨ ਵਾਲਿਆਂ ਨੇ ਬੇਸਮਝੀ ਨਾਲ ਵਰਤੇ ਹਨ। ਇਹਨਾਂ ਤਿੰਨਾਂ ਗਲਾਂ ਦੇ ਨਾ ਹੋਣ ਤੋਂ ਇਹ ਸਿੱਧ ਹੈ ਕਿ ਇਹ ਉਤਾਰਾ ਭਾਈ ਬੰਨੋ ਵਾਲੀ ਬੀੜ ਤੋਂ ਸਿਧਾ ਜਾਂ ਉਸ ਦੀ ਕਿਸੇ ਨਕਲ ਤੋਂ ਨਕਲ ਨਹੀਂ ਹੋਇਆ। ਭਾਈ ਬੰਨੋ ਵਾਲੀ ਬੀੜ ਦੇ ਵੰਸ਼ ਦੀਆਂ ਇਹੋ ਤਿੰਨ ਨਿਸ਼ਾਨੀਆਂ ਹਨ।'

ਹੁਣ ਕੀ ਤਿੰਨੇ ਗੱਲਾਂ ਕਰਤਾ ਨੂੰ ਇਸ ਬੋਹਤ ਵਾਲੀ ਬੀੜ ਵਿੱਚ ਲਭੀਆਂ ਜਿਨ੍ਹਾਂ ਕਾਰਨ ਉਸ ਨੇ ਇਸ ਬੀੜ ਨੂੰ ਭਾਈ ਬੰਨੋ

ਜੀ ਦਾ ਪਹਿਲਾ ਉਤਾਰਾ ਮੰਨ ਲਿਆ ਹੈ ? ਆਪ ਨੇ ੧੪੬ ਸਫ਼ੇ ਪੁਰ ਇਸ ਬੀੜ ਦਾ ਸੰਮਤ ਦਿੰਦ ਹੋਏ ਇਹ ਨਹੀਂ ਲਿਖਿਆ ਕਿ ਸੰਮਤ ਦੇ ਨਾਲ ਇਹ ਸ਼ਬਦ 'ਪੋਥੀ ਲਿਖਿ ਪਹੁੰਚੇ' ਹਨ। ਨਾ ਇਹ ਦੱਸਿਆ ਹੈ ਕਿ ਇਹ ਸੰਮਤ ਕਿਸ ਥਾਂ ਦਿਤੀ ਹੈ। ਆਪ ਨੇ ਨਿਰਾ ਇਹ ਲਿਖ ਦਿਤਾ ਹੈ :

'ਪਰ ਏਸ ਨਾਲੋਂ ਕਿਤੇ ਵਧੀਕ ਜ਼ਰੂਰੀ ਗਲ ਏਸ ਬੀੜ ਬਾਬਤ ਦਸਣ ਵਾਲੀ ਇਸ ਵਿਚ ਦਿੱਤਾ ਏਸ ਦੇ ਲਿਖੇ ਜਾਣ ਦਾ ਸੰਮਤ ਹੈ, ਜੋ ਇਸ ਤਰ੍ਹਾਂ ਪੁਰ ਹੈ:–ਸੰਮਤ ੧੬੪੯ ਕਤਕ ਸੁਦੀ ੫'। ਪਰ ਐਡੀਟਰ ਖਾਲਸਾ ਸਮਾਚਾਰ ਨੇ ਆਪਣੇ ੧੮ ਅਕਤੂਬਰ ੧੯੪੫ ਦੇ ਪਰਚੇ ਦੇ ਸਫ਼ਾ ੬ ਪੁਰ ਵਧੀਕ ਵੇਰਵਾ ਦਿੰਦੇ ਹੋਏ ਲਿਖਿਆ ਹੈ, 'ਬੋਹਤ ਵਾਲੀ ਬੀੜ ਦੇ ਅਸਾਂ (ਚਾਰ ਹੋਰ ਸਜਣਾਂ ਸਮੇਤ) ਦਰਸ਼ਨ ਕੀਤੇ ਹਨ, ਇਸ ਵਿਚ ਤਤਕਰੇ ਦੇ ਅੰਤ ਸੰਮਤ ਦਿਤਾ ਹੈ,'ਸੰਮਤ ੧੬੪੯ ਕਤਕ ਸੁਦੀ ੫'। ਹੁਣ ਭਾਈ ਬੰਨੋ ਵਾਲੀ ਬੀੜ ਵਿਚ ਇਹ ਸੰਮਤ ਤਤਕਰੇ ਦੇ ਅਰੰਭ ਵਿਚ ਹੈ ਜਿਸ ਤਰ੍ਹਾਂ ਕਿ 'ਆਦਿ ਬੀੜ' ਵਿਚ ਹੈ। ਬੋਹਤ ਵਾਲੀ ਬੀੜ ਵਿਚ ਇਹ ਵਾਕੰਸ਼ 'ਪੋਥੀ ਲਿਖਿ ਪਹੁੰਚੇ' ਵੀ ਸੰਮਤ ਦੇ ਨਾਲ ਜੁੜਿਆ ਹੋਇਆ ਨਹੀਂ। ਇਸ ਲਈ ਇਕ ਨਿਸ਼ਾਨੀ ਤਾਂ ਭਾਈ ਬੰਨੋ ਦੀ ਬੀੜ ਦਾ ਉਤਾਰਾ ਹੋਣ ਬਾਬਤ ਆਪ ਦੀ ਦੱਸੀ ਹੀ ਪਰਖ ਮੂਜਬ ਠੀਕ ਨ ਨਿਕਲੀ।

ਹੁਣ ਬਾਕੀ ਦੋ ਨਿਸ਼ਾਨੀਆਂ ਲਵੋ। ਆਪ ਨੇ ਸਫ਼ਾ ੧੪੩ ਪੁਰ ਲਿਖਿਆ ਹੈ:–

'ਸਰਦਾਰ ਬਿਸ਼ਨ ਸਿੰਘ ਜੀ ਬੱਨੋਆਨੀਆਂ ਨੇ ਮੇਰੀ ਬੇਨਤੀ ਪੁਰ ਬੋਹਤ ਵਾਲੀ ਬੀੜ ਨੂੰ ਚੰਗੀ ਤਰ੍ਹਾਂ ਵੇਖ ਕੇ ਇਕ ਤਾਂ ਮੇਰੇ ਕੀਤੇ ਨੋਟਾਂ ਦੀ ਤਾਈਦ ਕੀਤੀ ਹੈ, ਤੇ ਦੂਜੇ ਹੇਠ ਲਿਖੀਆਂ ਨਵੀਆਂ ਗੱਲਾਂ ਮੈਨੂੰ ਦਸੀਆਂ ਹਨ। ਮੈਂ ਕਾਹਲ ਵਿਚ ਥੋੜਾ ਹੀ ਵਕਤ ਦੇ ਸਕਿਆ ਸਾਂ।

(੧) ਰਾਗ ਮਾਰੂ ਹੇਠਾਂ ਜੈ ਦੇਵ ਦਾ ਇਹ ਸ਼ਬਦ 'ਚੰਦ ਸਤਿ ਭੇਦਿਆ' ਛੇਕੜ ਪੁਰ ਆਕੇ ਪਿਛੇ ਥਾਂ ਖਾਲੀ ਪਈ ਸੀ, ਉਥੇ ਕਿਸੇ ਹੋਰ ਹਥ ਦੇ ਲਿਖੇ ਇਹ ਦੋ ਸ਼ਬਦ ਹਨ:–

(ੳ) ਰਵਿਦਾਸ ਦਾ ਸ਼ਬਦ:–'ਸੁਖ ਸਾਗਰ ਚਿੰਤਾ'

(ਅ) ਮੀਰਾ ਬਾਈ ਦਾ ਸ਼ਬਦ:–'ਮਨ ਹਮਾਰੋ ਬੇਧਿਓ'

(੨) ਰਾਗ ਸਾਰੰਗ ਹੇਠਾਂ, ਸੂਰਦਾਸ ਦਾ ਸ਼ਬਦ 'ਛਾਡ ਮਨ ਹਰਿ ਬੇਮੁਖਨ ਕੋ ਸੰਗ' ਅਤੇ ਕਬੀਰ ਦਾ ਸ਼ਬਦ 'ਹਰਿ ਬਿਨ ਕਉਨ ਸਹਾਈ', ਇਹ ਪਿਛੋਂ ਇਕ ਹੋਰ ਹਥ ਦੇ ਲਿਖੇ ਹਨ।'

ਗੋਇਆ ਅਸਲ ਲਿਖਾਰੀ ਨੇ ਨਾ ਮੀਰਾਂ ਬਾਈ ਦਾ ਸ਼ਬਦ ਲਿਖਿਆ ਨਾ ਸੂਰਦਾਸ ਦਾ, ਜੋ ਭਾਈ ਬੰਨੋ ਜੀ ਦੀ ਬੀੜ ਦੀ ਨਕਲ ਹੋਣ ਦੀਆਂ ਦੋ ਹੋਰ ਨਿਸ਼ਾਨੀਆਂ ਹਨ। ਤਿੰਨੇ ਨਿਸ਼ਾਨੀਆਂ ਭਾਈ ਬੰਨੋ ਜੀ ਦੀ ਬੀੜ ਦਾ ਉਤਾਰਾ ਹੋਣ ਦੀਆਂ ਇਸ ਬੀੜ ਵਿਚ ਨਹੀਂ ਪਰ ਆਪ ਇਸ ਨੂੰ ਭਾਈ ਬੰਨੋ ਜੀ ਦੀ ਬੀੜ ਦਾ ਪਹਿਲਾ ਉਤਾਰਾ ਦੱਸਦੇ ਹਨ। ਕਿਉਂ ?

ਉਸ ਦਾ ਕਾਰਨ ਇਹ ਹੈ ਕਿ ਆਪਨੂੰ ਇਸ ਬੀੜ ਦੇ ਉਤਾਰੇ ਦਾ ਸੰਮਤ '੧੬੪੯' ਇਸ ਵਿਚ ਲਭ ਪਿਆ ਤੇ ਇਹ ਕਰਤਾਰ ਪੁਰ ਵਾਲੀ ਬੀੜ ਨੂੰ ਨਕਲ ਸਾਬਤ ਕਰਨ ਦਾ ਆਪ ਦੇ ਖਿਆਲ ਅਨੁਸਾਰ ਇਕ ਭਾਰਾ ਸਬੂਤ ਸੀ। ਕਾਹਲ ਵਿਚ ਆਪਨੇ ਲਿਖੀ ਇਕ ਹੋਰ ਗੱਲ ਨੂੰ ਵੀ ਨਹੀਂ ਵਿਚਾਰਿਆ। ਉਹ ਇਹ ਕਿ 'ਮੁੰਦਾਵਣੀ' ਭਟਾਂ ਦੇ ਸਵੈਈਆਂ ਮਗਰੋਂ ਆਂਵਦੀ ਹੈ(ਸਫ਼ਾ ੧੪੪)। ਇਹ ਤਰਤੀਬ ਭੋਗ ਦੀ ਬਾਣੀ ਦੀ ਭਾਈ ਬੰਨੋ ਜੀ ਦੀ ਬੀੜ ਵਿਚ ਨਹੀਂ। ਭਟਾਂ ਦੇ ਸਵੈਈਆਂ ਤੇ ਭੋਗ ਬੂੜੇ ਸੰਧੂ ਵਾਲੀ ਬੀੜ ਦਾ ਪੈਂਦਾ ਹੈ ਤੇ ਉਸ ਵਿਚ ਉਪਰ ਲਿਖੇ ਸ਼ਬਦ ਵੀ ਨਹੀਂ, ਪਰ ਹੁਣ ਸੰਮਤ ਦੀ ਔਕੜ ਸੀ। ਬੂੜੇ ਸੰਧੂ ਵਾਲੀ ਬੀੜ ਦਾ ਸੰਮਤ ੧੬੬੨ ਸੀ ਤੇ ਇਸ ਦਾ ੧੬੪੯। ਇਸ ਲਈ ਬਾਵਜੂਦ

ਆਪਣੇ ਮੁਕਰਰ ਕੀਤੇ ਚਿਨ੍ਹਾਂ ਦੇ ਨਾ ਹੋਣ ਦੇ ਇਸ ਬੀੜ ਨੂੰ ਭਾਈ ਬੰਨੋ ਜੀ ਦੀ ਬੀੜ ਦਾ ਉਤਾਰਾ ਮਲੋਮੱਲੀ ਕਹਿ ਦਿਤਾ ਹੈ।

ਪਰ ਇਸ ਸੰਮਤ ਪੁਰ ਅਤੇ ਇਸ ਬੀੜ ਪੁਰ ਵੀ ਐਡੀਟਰ ਖਾਲਸਾ ਸਮਾਚਾਰ ਨੇ ਹੋਰ ਚਾਨਣਾ ਪਾਇਆ ਹੈ। ਆਪ ਨੂੰ ਤਾਂ ਕਾਹਲ ਸੀ, ਪਰ ਐਡੀਟਰ ਸਮਾਚਾਰ ਨੇ ਬਿਨਾਂ ਕਾਹਲ ਦੇ ਦਰਸ਼ਨ ਕੀਤੇ ਹਨ। ਨਾਲ ਹੋਰ ਵੀ ਚਾਰ ਸਜਣ* ਸਨ। ਸਮਾਚਾਰ ਦੇ ਉਪਰ ਲਿਖੇ ਪਰਚੇ ਵਿਚ ਉਪਰ ਦਿਤੀ ਇਬਾਰਤ ਤੋਂ ਅਗੇ ਲਿਖਿਆ ਹੈ "ਇਹ (ਸੰਮਤ ਦਾ ਲੇਖ) ਤਤਕਰੇ ਜਾਂ ਬੀੜ ਦੀ ਲਿਖਤ ਨਾਲ ਉੱਕਾ ਹੀ ਨਹੀਂ ਮਿਲਦਾ। ਸਗੋਂ ਅਜ ਕਲ ਦੇ ਮੰਜੇ ਹੋਏ ਗੁਰਮੁਖੀ ਅਖਰਾਂ ਵਿਚ ਲਿਖਿਆ ਹੋਇਆ ਹੈ, ਜੋ ਕਿਸੇ ਤਰ੍ਹਾਂ ਵੀ ਅਸਲ ਲਿਖਾਰੀ ਦਾ ਪੁਰਾਣਾ ਲਿਖਿਆ ਸੰਮਤ ਨਹੀਂ ਸਹੀ ਹੋ ਸਕਦਾ। ਫਿਰ ਇਸ ਬੋਹਤ ਵਾਲੀ ਬੀੜ ਦੇ ਵਿਚ ਹੀ ਐਸੇ ਸਬੂਤ ਮੌਜੂਦ ਹਨ ਜੋ ਇਸ ਨੂੰ ਨੌਵੇਂ ਪਾਤਸ਼ਾਹ ਜੀ ਦੇ ਸਮੇਂ ਤੋਂ ਪਹਿਲੋਂ ਲਿਖੀ ਸਿੱਧ ਨਹੀਂ ਕਰਦੇ, ਬੀੜ ਦੇ ਵਿਚ ਜੋ 'ਨੀਸਾਣੁ ਗੁਰੂ ਜੀ ਕੇ ਦਸਖਤ' ਹਨ, ਜਿਸ ਨੂੰ ਮਿ: ਜੀ. ਬੀ. ਸਿੰਘ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਸਤਾਖਰ ਦਸਦੇ ਹਨ ਉਹ ਨੌਵੇਂ ਪਾਤਸ਼ਾਹ ਜੀ ਦੇ ਦਸਤਖਤ ਹਨ ਤੇ ਉਨ੍ਹਾਂ ਬਾਬਤ ਤਤਕਰੇ ਵਿਚ ਬੀੜ ਦੇ ਅਸਲ ਲਿਖਾਰੀ ਦੇ ਹੱਥਾਂ ਦਾ ਹੀ ਲਿਖਿਆ ਹੋਇਆ ਹੈ 'ਨੀਸਾਣੁ ਮਹਲਾ ੯'। ਫਿਰ ਜੋਤੀ ਜੋਤ ਸਮਾਉਣੇ ਦਾ ਚਲਿਤ੍ਰ ਬੀ ਅਸਲ ਲਿਖਾਰੀ ਦੇ ਹਥ ਦਾ ਲਿਖਿਆ ਅਸਲ

---

*੧. ਸੋਢੀ ਜਗਤ ਸਿੰਘ ਜੀ ਰੀਟਾਇਰਡ ਡਿਸਟ੍ਰਿਕਟ ਇਨਸਪੈਕਟਰ ਸਕੂਲਾਂ ਦੇ ੨. ਸ: ਹਰਬੰਸ ਸਿੰਘ ਜੀ I. D. D. ਜੋ ਅਜ ਕਲ ਸਰਕਾਰ ਹਿੰਦ ਦੇ ਇਕ ਉੱਚੇ ਅਹੁਦੇ ਤੇ ਹਨ। ੩. ਮਾਸਟਰ ਕਰਮ ਸਿੰਘ ਜੀ ਧਤੀਮਖਾਨੇ ਵਾਲੇ। ੪. ਸ: ਮਿਹਰ ਸਿੰਘ ਜੀ ਰਵੇਲ ਐਡੀਟਰ ਖਾਲਸਾ ਐਡਵੋਕੇਟ।

ਪਤ੍ਰੇ ਤੋਂ ਕਟਕੇ ਬੀੜ ਦੇ ਅਖੀਰ ਨਵੇਂ ਪਾਏ ਪਤ੍ਰਿਆਂ ਤੋਂ ਬਾਦ ਇਕ ਹੋਰ ਨਵੇਂ ਪੱਤਰੇ ਉਪਰ ਗੂੰਦ ਨਾਲ ਚਮੋੜਿਆ ਹੋਇਆ ਹੈ ਤੇ ਉਹ ਬੀ ਨੌਵੇਂ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਦੀ ਤ੍ਰੀਕ ਤੇ ਹੀ ਖਤਮ ਹੈ।"

ਜੇ ਆਪ ਕਾਹਲਵਿਚ ਦੇਖੀ ਬੀੜ ਦੇ ਨੋਟਾਂ ਪੁਰ ਇਤਨਾ ਭਰੋਸਾ ਨਾ ਕਰਦੇ ਤਾਂ ਚੰਗਾ ਸੀ। ਮਾਂਗਟ ਵਾਲੀ ਬੀੜ ਦੇ ਸੰਮਤ ਵਾਲੇ ਅੰਕਾਂ ਨੂੰ ਤਾਂ ਆਪ ਖੁਦ ਕਹਿੰਦੇ ਨੇ ਜੋ ਪਿਛੋਂ ਭੰਨ ਕੇ ਬਣਾਏ ਹਨ। ਇਸੇ ਬੋਹਤ ਦੀ ਕਾਹਲ ਨਾਲ ਦੇਖੀ ਬੀੜ ਦੇ ਸੰਮਤ ਨੇ ਹੀ ਆਪ ਨੂੰ ਆਦਿ ਬੀੜ ਦੇ ਤਿਆਰ ਹੋਣ ਦੇ ਸੰਮਤ ਤੇ ਸ਼ਕ ਪਾਇਆ ਸੀ। ਸੋ ਇਸ ਬੀੜ ਬਾਬਤ ਆਪ ਦੇ ਸਾਰੇ ਸਿੱਟੇ ਹੀ ਗਲਤ ਹੋ ਗਏ, ਨਾਂ ਆਪ ਦੇ ਹੀ ਕਾਇਮ ਕੀਤੇ ਲੱਛਣਾਂ ਅਨੁਸਾਰ ਇਹ ਭਾਈ ਬੰਨੋ ਜੀ ਦੀ ਬੀੜ ਦਾ ਉਤਾਰਾ ਹੈ ਤੇ ਨਾ ਇਸ ਦਾ ਸੰਮਤ ਪੁਰਾਣੇ ਲਿਖਾਰੀ ਦੇ ਹੱਥ ਦਾ ਹੈ।

ਇਸੇਤਰ੍ਹਾਂ ਹੀ ਆਪ ਨੇ ਗਲਤ ਨਤੀਜੇ ਕਾਨ ਗੜ੍ਹ (ਰਿਆਸਤ ਪਟਿਆਲਾ) ਦੀ ਬੀੜ ਬਾਬਤ ਕੱਢੇ ਹਨ। ਕਰਤਾ ਦੀ ਲਿਖਤ ਮੁਜਬ (ਪੰਨਾ ੧੯੧) ਇਸ ਬੀੜ ਦਾ ਉਤਾਰਾ ਸੰਮਤ ੧੭੧੮ ਵਿਚ ਕੀਰਤਪੁਰ ਹੋਇਆ, ਇਹ ਸੰਮਤ ਤਤਕਰੇ ਦੇ ਅਰੰਭ ਵਿਚ ਦਿਤਾ ਹੈ। ਭਾਈ ਬੰਨੋ ਜੀ ਦੀ ਬੀੜ ਤੋਂ ਨਕਲ ਕੀਤੀਆਂ ਗਈਆਂ ਬੀੜਾਂ ਦੀਆਂ ਤਿੰਨ ਨਿਸ਼ਾਨੀਆਂ ਜੋ ਕਰਤਾ ਨੇ ਮਿਥੀਆਂ ਹਨ ਤੇ ਅਸੀਂ ਅਗੇ ਦੇ ਚੁਕੇ ਹਾਂ ਉਹ ਇਸ ਵਿਚ ਕਰਤਾ ਨੂੰ ਨਹੀਂ ਲੱਭੀਆਂ। ਦੂਜੀ ਗਲ ਜੋ ਕਰਤਾ ਨੂੰ ਇਸ ਵਿਚ ਖਾਸ ਤੌਰ ਤੇ ਲੱਭੀ ਹੈ ਉਹ ਇਹ ਹੈ ਕਿ ਇਸ ਬੀੜ ਵਾਲੇ ਨੇ ਜੋਤੀ ਜੋਤ ਸਮਾਉਣ ਦੇ ਸੰਮਤ ਦਿੰਦੇ ਹੋਏ ਬਾਬਾ ਗੁਰਦਿਤਾ ਜੀ ਤੇ ਛੇਵੇਂ ਗੁਰੂ ਸਾਹਿਬ ਦੇ ਸੰਮਤਾਂ ਮਗਰੋਂ ਇਹ ਲਿਖਿਆ ਹੈ। "ਮਹਲਾ ੮ ਅਠਵੇਂ ਜੀ ਕਾ ਨਕਲ ਹੈ, ਖਾਸ ਕਲਮ ਆਪਣੀ ਨਾਹੀਂ ਲਿਖਿਆ ਕਰਤੇ ਪੁਰਖੁ", ਇਨ੍ਹਾਂ ਸਾਰੀਆਂ ਗਲਾਂ ਤੋਂ ਕਰਤਾ

ਨੇ ਇਹ ਸਿੱਟਾ ਕਢਿਆ ਹੈ ਕਿ ਇਹ ਬੀੜ ਆਦਿ ਬੀੜ ਤੋਂ ਸਿੱਧੀ ਨਕਲ ਕੀਤੀ ਗਈ ਹੈ।

ਪਰ ਸਫਾ ੧੯੬ ਪੁਰ ਆਪ ਹੀ ਲਿਖਿਆ ਹੈ "ਹਾਂ ਸੰਮਤ ੧੭੧੯ ਵਾਲੀ ਬੀੜ ਦੇ ਲਿਖਾਰੀ ਨੇ ਹੋਰ ਪ੍ਰਾਚੀਨ ਬੀੜਾਂ ਵਲੋਂ ਵੇਖ ਕੇ ਕੁਝ ਅਦਲ ਬਦਲ ਅਤੇ ਵਾਧੇ ਕਰ ਦਿਤੇ ਹਨ, ਜਿਨ੍ਹਾਂ ਦਾ ਏਸੇ ਤਰ੍ਹਾਂ ਆਦਿ ਬੀੜ ਵਿਚ ਹੋਣਾ ਸੰਭਵ ਨਹੀਂ:—

(੧) 'ਧੁਨੀਆਂ' ਏਸ ਬੀੜ ਵਿਚ ਕਿਤੇ ਦਿਤੀਆਂ ਹਨ ਤੇ ਕਿਤੇ ਨਹੀਂ।

(੨) ਬਸੰਤ ਕੀ ਵਾਰ ਠੀਕ ਆਪਣੀ ਥਾਂ ਪੁਰ ਰਾਗ ਬਸੰਤ ਵਿਚ ਦਰਜ ਹੈ।

(੩) ਦੋ ਵਾਧੂ ਸ਼ਬਦ ਇਸ ਬੀੜ ਵਿਚ ਹਨ। ਰਾਗ ਗਉੜੀ ਵਿਚ ਕਬੀਰ ਦੇ ਸ਼ਬਦ 'ਧੁਰ ਅੰਬਰ ਵਿਚਿ ਬੇਲੜੀ' ਦੀਆਂ ਦੋ ਤੁਕਾਂ ਤੇ ਰਾਗ ਗੂਜਰੀ ਵਿਚ ਤ੍ਰਿਲੋਚਨ ਜੀ ਦਾ ਇਕ ਪੂਰਾ ਸ਼ਬਦ "ਨਵ ਨਿਧ ਪਰਸੀ"।

(੪) ਰਾਗ ਰਾਮਕਲੀ ਵਿਚ ਛੰਤ 'ਰੁਣ ਝੁੰਝਨੜਾ ਗਾਉ ਸਖੀ' ਦੀਆਂ ਦੋ ਹੀ ਤੁਕਾਂ ਹਨ ਤੇ ਬਾਕੀ ਥਾਂ ਖਾਲੀ ਛਡੀ ਹੋਈ ਹੈ, ਭੋਗ ਦੀ ਬਾਣੀ ਦੀ ਤਰਤੀਬ ਇਹ ਹੈ:—

ਸਲੋਕ ਸਹਸ ਕ੍ਰਿਤੀ ਮਹਲਾ ੧। ਸਲੋਕ ਸਹਸ ਕ੍ਰਿਤੀ ਮਹਲਾ ੫। ਗਾਥਾ। ਫੁਨਹੇ। ਚਉਬੋਲੇ।

ਸਲੋਕ ਵਾਰਾਂ ਤੋਂ ਵਧੀਕ ਮਹਲਾ ੧, ਮਹਲਾ ੩, ਮਹਲਾ ੪ ਤੇ ਮਹਲਾ ੫। ਸਲੋਕ 'ਤੇਰਾ ਕੀਤਾ ਜਾਤੋ ਨਾਹੀ' ਇਨਹ ਸਲੋਕਾਂ ਦੇ ਅਖੀਰ ਹੈ ਤੇ ਫਿਰ ਵਖਰਾ ਮੰਗਲਾ ਚਰਨ ਦੇ ਕੇ ਮੁੰਦਾਵਣੀ ਵਾਲਾ ਸਲੋਕ ਇਕੋ ਹੀ ਦਿਤਾ ਹੈ।

ਸਲੋਕ ਕਬੀਰ ਜੀ ਕੇ

ਸਲੋਕ ਸ਼ੇਖ ਫਰੀਦ

ਸਵੈਯੇ ਸ੍ਰੀ ਮੁਖ ਵਾਕ ਮਹਲਾ ੫

ਸਵੈਯੇ ਭਟਾਂ ਕੇ।

ਇਸ ਪਿਛੋਂ ਆਪ ਲਿਖਦੇ ਹਨ "ਭੋਗ ਦੀ ਬਾਣੀ" ਦੀ ਇਹੋ ਤਰਤੀਬ ਬੂੜੇ ਸੰਧੂ ਵਾਲੀ ਬੀੜ ਦੀ ਹੈ।

ਨਾਂ ਸਿਰਫ 'ਭੋਗ ਦੀ ਬਾਣੀ' ਦੀ ਤਰਤੀਬ ਬੂੜੇ ਸੰਧੂ ਦੀ ਬੀੜ ਵਰਗੀ ਹੈ ਸਗੋਂ ਜੋ ਵਾਧੇ ਆਪ ਨੇ ਦਸੇ ਹਨ ਉਹ ਵੀ ਬੂੜੇ ਦੀ ਬੀੜ ਵਰਗੇ ਹਨ। ਧੁਨੀਆਂ ਉਸ ਬੀੜ ਵਿਚ ਦਰਜ ਨਹੀਂ। ਇਸ ਬੀੜ ਵਿਚ ਕਿਤੇ ਹਨ ਕਿਤੇ ਨਹੀਂ। "ਫਿਰ ਜਿਥੇ ਭੀ ਇਹ ਧੁਨੀਆਂ ਵਾਰਾਂ ਦੇ ਸਿਰਾਂ ਪੁਰ ਦਿਤੀਆਂ ਹਨ, ਉਥੇ ਹੀ ਇਉਂ ਜਾਪਦਾ ਹੈ ਜੋ ਪਿਛੋਂ ਰੁਮਾਲ ਦੀ ਕੰਨੀ ਨਾਲ ਪੂੰਝਣ ਦਾ ਕੁਝ ਜਤਨ ਕੀਤਾ ਹੈ" ਤ੍ਰਿਲੋਚਨ ਵਾਲਾ ਰਾਗ ਗੁਜਰੀ ਦਾ ਸ਼ਬਦ ਵੀ (੧੯੭) ਬੂੜੇ ਵਾਲੀ ਬੀੜ ਵਿਚ ਹੈ। ਮੁੰਦਾਵਣੀ ਦੇ ਦੋਵੇਂ ਸਲੋਕ ਠੀਕ ਇਸੇ ਤਰ੍ਹਾਂ ਬੂੜੇ ਸੰਧੂ ਵਾਲੀ ਬੀੜ ਵਿਚ ਹਨ। ਬੂੜੇ ਸੰਧੂ ਵਾਲੀ ਬੀੜ ਦਾ ਜ਼ਿਕਰ ਕਰਦੇ ਕਰਤਾ ਨੇ ਰਾਗ ਗਉੜੀ ਕਬੀਰ ਦੀਆਂ ਦੋ ਤੁਕਾਂ 'ਧੁਰ ਅੰਬਰ ਵਿਚ ਬੇਲੜੀ' ਅਤੇ ਰਾਮਕਲੀ ਛੰਤ 'ਰੁਣ ਝੁੰਝਨੜਾ ਗਾਓ ਸਖੀ' ਵਾਲੀਆਂ ਤੁਕਾਂ ਬਾਬਤ ਕੋਈ ਜ਼ਿਕਰ ਨਹੀਂ ਕੀਤਾ। ਸ਼ਾਇਦ ਉਸ ਬੀੜ ਦਾ ਦਰਸ਼ਨ ਕਰਦੇ ਹੋਏ ਕਰਤਾ ਨੂੰ ਇਨ੍ਹਾਂ ਵਲ ਧਿਆਨ ਹੀ ਨਹੀਂ ਸੀ।

ਇਨ੍ਹਾਂ ਗਲਾਂ ਤੋਂ ਸਾਫ ਦਿਸਦਾ ਹੈ ਕਿ ਇਹ ਬੀੜ ਬੂੜੇ ਸੰਧੂ ਵਾਲੀ ਬੀੜ ਦੇ ਕਿਸੇ ਉਤਾਰੇ ਦੀ ਨਕਲ ਹੈ। ਨਹੀਂ ਤਾਂ ੧੭੧੬ ਵਾਲੀ ਬੀੜ ਜੋ ਗੁਰੂ ਹਰਿ ਰਾਏ ਜੀ ਨੇ ਆਪ ਨਕਲ ਕਰਾਈ ਅਤੇ ਜਿਸ ਦਾ ਮੁਕਾਬਲਾ ਪੰਜਵੇਂ ਗੁਰੂ ਜੀ ਦੇ ਗ੍ਰੰਥ ਸਾਹਿਬ ਨਾਲ ਕੀਤਾ ਗਿਆ ਉਸ ਵਿਚ 'ਭੋਗ ਦੀ ਬਾਣੀ' ਦੀ ਤਰਤੀਬ ਹੋਰ ਨਾ ਹੁੰਦੀ। ਫਿਰ ਹੈਰਾਨੀ ਦੀ ਗਲ ਹੈ ਕਿ ਜੇ ਆਦਿ ਬੀੜ ੧੭੧੬ ਵਿਚ ਕੀਰਤ ਪੁਰ ਜੀ ਹੁੰਦੀ ਹੈ ਤਾਂ ਗੁਰੂ ਹਰਿ ਰਾਇ ਜੀ ਨੂੰ ਕੀ ਲੋੜ ਪਈ ਸੀ ਕਿ ਕਰਤਾ ਦੇ ਲਿਖੇ ਮੁਜਬ ਰਾਮ ਰਾਇ ਜੀ ਨਾਲ ਦਿੱਲੀ ਘਲਣ ਲਈ ਬੀੜ ਕਿਸੇ ਹੋਰ ਬੀੜ

ਤੋਂ ਨਕਲ ਕਰਾਣ ਤੇ ਫਿਰ ਉਸ ਦਾ ਮੁਕਾਬਲਾ ਪੰਜਵੇਂ ਪਾਤਸ਼ਾਹ ਦੀ ਆਦਿ ਬੀੜ ਨਾਲ ਕਰਾਣ। ਉਨ੍ਹਾਂ ਸਿੱਧੀ ਹੀ ਉਹ ਨਕਲ ਆਦਿ ਬੀੜ ਤੋਂ ਕਿਉਂ ਨਾ ਕਰਾਈ, ਅਸਲ ਗਲ ਇਹ ਹੈ ਕਿ ਜਿਾਤਰ੍ਹਾਂ ਸਿਖ ਇਤਿਹਾਸ ਦਸਦਾ ਹੈ ਆਦਿ ਬੀੜ ਕਦੀ ਕੀਰਤ ਪੁਰ ਗਈ ਹੀ ਨਹੀਂ। ਇਸ ਲਈ ਡੇਹਰਾ ਦੂਨ ਵਾਲੀ ੧੭੧੬ ਦੀ ਬੀੜ ਵੀ ਕਿਸੇ ਹੋਰ ਬੀੜ ਤੋਂ ਨਕਲ ਕੀਤੀ ਗਈ ਤੇ ਫਿਰ ਉਸ ਦੀ ਸੁਧਾਈ ਆਦਿ ਬੀੜ ਨਾਲ ਹੋਈ ਤੇ ਇਹ ਕਾਹਨ ਗੜ੍ਹ ਵਾਲੀ ਬੀੜ ਬੂੜੇ ਸੰਧੂ ਵਾਲੀ ਬੀੜ ਦੇ ਕਿਸੇ ਉਤਾਰੇ ਤੋਂ ਨਕਲ ਹੋਈ।

ਹੁਣ ਅਸੀਂ ਉਸ ਬੀੜ ਦਾ ਜ਼ਿਕਰ ਕਰਦੇ ਹਾਂ ਜਿਸ ਨੂੰ ਆਪ ਦਮਦਮੇ ਸਾਹਿਬ ਵਾਲੀ ਬੀੜ ਮੰਨਦੇ ਹਨ। ਇਹ ਬੀੜ ਆਪ ਨੂੰ ਢਾਕਾ ਸੰਗਤ ਵਿਚ ਮਿਲੀ। ਸਫਾ ੨੧੬ ਉਪਰ ਇਸ ਬੀੜ ਦਾ ਸਮਾਚਾਰ ਇਉਂ ਹੈ "ਇਹ ਬੀੜ ਦੋ ਤਿੰਨ ਆਦਮੀਆਂ ਨੇ ਮਿਲ ਕੇ ਲਿਖੀ ਹੋਈ ਹੈ। ਮਾਮੂਲੀ ਨਤੀਜਾ ਜੋ ਅਸਾਂ ਇਨ੍ਹਾਂ ਗੱਲਾਂ ਤੋਂ ਕੱਢ ਸਕਦੇ ਹਾਂ, ਇਹ ਹੈ ਕਿ ਗੁਰੂ ਤੇਗ਼ ਬਹਾਦਰ ਨੇ ਇਸ ਬੀੜ ਦੇ ਲਿਖੇ ਜਾਣ ਦੀ ਆਪ ਆਗਿਆ ਕੀਤੀ ਅਤੇ ਆਪਣੀ ਬਾਣੀ ਵੀ ਲਿਖਾਰੀਆਂ ਨੂੰ ਦੇ ਕੇ ਉਸ ਦੇ ਥਾਉਂ ਥਾਈਂ ਦਰਜ ਕਰਨ ਲਈ ਹਦਾਇਤ ਕੀਤੀ। ਆਪ ਇਹ ਆਗਿਆ ਦੇ ਕੇ ਫੇਰ ਮਾਲਵੇ ਦੀਆਂ ਧਰਮਸਾਲਾਂ, ਸੰਗਤਾਂ ਦੇ ਦੌਰੇ ਵਾਸਤੇ ਨਿਕਲੇ ਅਤੇ ਏਸੇ ਦੌਰੇ ਵਿਚ ਗ੍ਰਿਫਤਾਰ ਕਰ ਕੇ ਦਿੱਲੀ ਭੇਜ ਦਿਤੇ ਗਏ, ਜਿਥੇ ਇਹ ਸ਼ਹਾਦਤ ਤੋਂ ਪਹਿਲੇ ਤਿੰਨ ਕੁ ਮਹੀਨੇ ਦੇ ਕਰੀਬ ਕੈਦ ਰਹੇ। ਬੀੜ ਦੀ ਲਿਖਾਈ ਹਾਲੀਂ ਖਤਮ ਨਹੀਂ ਸੀ ਹੋਈ, ਜਿਸ ਕਰਕੇ ਓਹਨਾਂ ਦੇ ਚਲਾਣੇ ਤੋਂ ਥੋੜੇ ਦਿਨ ਪਹਿਲੇ ਕਹੇ ਸਲੋਕ ਤੇ ਦੋਹਿਰੇ ਭੀ ਛੇਕੜ ਪੁਰ ਗ੍ਰੰਥ ਸਾਹਿਬ ਵਿਚ ਦਰਜ ਹੋ ਸਕੇ।

ਇਹ ਬੀੜ ਮਾਖੋਵਾਲ ਵਿਚ ਹੀ ਤਿਆਰ ਹੋ ਸਕਦੀ ਸੀ ਅਤੇ ਕੁਦਰਤੀ ਤੌਰ ਪੁਰ ਉਸ ਅਸਥਾਨ ਤੇ ਜਿਸ ਨੂੰ ਅਜ ਕਲ

ਦਮਦਮਾ ਸਾਹਿਬ ਆਖਦੇ ਹਨ। ਇਸ ਕਰਕੇ ਮੈਂ ਕਹਾਂਗਾ ਕਿ ਇਹੋ ਦਮਦਮੇ ਵਾਲੀ ਬੀੜ ਹੈ, ਅਤੇ ਇਹੋ ਹੁਣ ਗੁਰੂ-ਗੱਦੀ ਦੇ ਨਾਲ ਦੀ ਬੀੜ ਸੀ ਅਤੇ ਸੰਮਤ ੧੭੬੧ ਤਕ ਰਹੀ। ਬਾਕੀ ਰਹਿ ਗਈ ਇਹ ਗਲ ਕਿ ਇਹ ਢਾਕੇ ਕਿਵੇਂ ਜਾ ਅਪੜੀ, ਏਸ ਦਾ ਜਵਾਬ ਸੁਖਾਲਾ ਹੈ। ਜਦ ਸੰਮਤ ੧੭੬੧ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਛਡਣਾ ਪਿਆ, ਅਤੇ ਵੈਰੀਆਂ ਨੇ ਏਸ ਕਸਬੇ ਨੂੰ ਢਾ ਢੇਰੀ ਕਰ ਦਿਤਾ, ਉਸ ਵਕਤ ਕੋਈ ਸਿਖ ਢਾਕੇ ਦੀ ਸੰਗਤ ਦਾ ਜੋ ਦਰਸ਼ਣ ਨੂੰ ਆਇਆ ਹੋਇਆ ਸੀ, ਏਸ ਗ੍ਰੰਥ ਸਾਹਿਬ ਨੂੰ ਢਾਕੇ ਲੈ ਗਿਆ। ਜਿਥੇ ਇਹ ਹੁਣ ਤਕ ਸਾਂਭਿਆ ਰਿਹਾ ਹੈ।"

ਇਸ ਲੰਮੀ ਟੂਕ ਤੋਂ ਸਾਡੇ ਪਾਠਕ ਇਹ ਵੇਖ ਲੈਣਗੇ ਕਿ ਜਿਤਨੇ ਵੀ ਨਤੀਜੇ ਕਰਤਾ ਨੇ ਕੱਢੇ ਹਨ ਉਹ ਸਾਰੇ ਦੇ ਸਾਰੇ ਕੇਵਲ ਉਨ੍ਹਾਂ ਦੀ ਮਨੋਂ ਕਲਪਨਾ ਪੁਰ ਨਿਰਭਰ ਰਖਦੇ ਹਨ। "ਸੰਮਤ ੧੭੩੨ ਮਿਤੀ ਅਗਹਣ ਵਦੀ ੭" ਜੋ ਤਤਕਰੇ ਦੇ ਪਿਛੇ ਇਸ ਬੀੜ ਦੇ ਲਿਖੇ ਜਾਣ ਦਾ ਦਿਤਾ ਹੈ, ਉਸ ਵਿਚ ਕਿਸੇ ਥਾਂ ਦਾ ਨਾਮ ਨਹੀਂ ਦਿਤਾ। ਗੁਰੂ ਸਾਹਿਬ ਦਾ ਇਸ ਬੀੜ ਲਈ ਹੁਕਮ ਦੇਣਾ ਇਹ ਵੀ ਕਰਤਾ ਨੇ ਮਿਥ ਹੀ ਲਿਆ ਹੈ। ਮਾਖੋਵਾਲ ਥਾਂ ਤੇ ਫਿਰ ਦਮਦਮੇ ਸਾਹਿਬ ਵਿਚ ਲਿਖੇ ਜਾਣਾ ਇਹ ਵੀ ਆਪ ਹੀ ਕਲਪ ਲਿਆ ਹੈ। ਫਿਰ ਕਿਸੇ ਸਿੱਖ ਦਾ ਢਾਕੇ ਲੈ ਜਾਣਾ ਇਹ ਬੀ ਆਪ ਨੇ ਕਿਆਸ ਹੀ ਕੀਤਾ ਹੈ। ਪਰ ਇਸ ਬੀੜ ਬਾਬਤ ਜੋ ਕਰਤਾ ਨੇ ਬਹੁਤ ਸਾਰਾ ਵੇਰਵਾ ਦਿਤਾ ਹੈ, ਉਸ ਤੋਂ ਇਹ ਮਲੂਮ ਹੁੰਦਾ ਹੈ ਕਿ ਇਹ ਅਸੁਧੀਆਂ ਨਾਲ ਭਰੀ ਪਈ ਹੈ। ਅਜਿਹੀ ਅਸ਼ੁਧ ਲਿਖੀ ਬੀੜ ਨੂੰ ਗੁਰੂ ਗੱਦੀ ਦੀ ਬੀੜ ਮੰਨਣਾ ਇਹ ਕਰਤਾ ਲਈ ਹੀ ਸੰਭਵ ਹੈ। ਸੰਮਤ ੧੭੬੧ ਤਕ ਸਿਖਾਂ ਵਿਚ ਇਤਨੀ ਵਿਦਿਆ ਫੈਲ ਚੁਕੀ ਸੀ ਕਿ ਗੁਰੂ ਜੀ ਤਾਂ ਇਕ ਪਾਸੇ ਰਹੇ ਕੋਈ ਸਿਖ ਵੀ ਇਹ ਸਹਾਰ ਨਹੀਂ ਸੀ ਸਕਦਾ ਕਿ ਅਜੇਹੀ ਅਸ਼ੁਧ ਬੀੜ ਗੱਦੀ ਨਾਲ ਰਹੇ। ਪਾਠਕਾਂ ਨੂੰ ਇਤਿਹਾਸ

ਦੀ ਇਹ ਸਾਖੀ ਯਾਦ ਹੋਣੀ ਹੈ ਕਿ ਇਕ ਸਿਖ ਨੇ ਇਸ ਤੁਕ 'ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ'' ਦਾ ਪਾਠ ਕਰਦਿਆਂ 'ਕੈ' ਦੀ ਥਾਂ 'ਕੇ' ਪਾਠ ਕਰ ਦਿਤਾ ਤਾਂ ਦਸਮ ਗੁਰੂ ਜੀ ਨੇ ਉਸ ਨੂੰ ਸਖਤ ਤਾੜਨਾ ਕੀਤੀ। ਕੀ ਇਹ ਮੰਨਿਆ ਜਾ ਸਕਦਾ ਹੈ ਕਿ ਅਸ਼ੁਧ ਪਾਠ ਲਈ ਸਖਤ ਤਾੜਨਾ ਕਰਨ ਵਾਲੇ ਗੁਰੂ ਜੀ ਅਜੇਹੀ ਅਸ਼ੁਧ ਬੀੜ ਨੂੰ ਇਹ ਮਾਣ ਦੇਣ ਕਿ ਉਹ ੧੭੩੨ ਤੋਂ ੧੭੬੧ ਤੀਕ ਲਗ ਪਗ ੩੦ ਵਰ੍ਹੇ ਗੁਰ ਗੱਦੀ ਦੀ ਬੀੜ ਬਣੀ ਰਹੇ। ਜੇ ਆਪ ਐਸੀ ਅਸ਼ੁਧ ਬੀੜ ਨੂੰ ਅਪਨਾਂਦੇ ਤਾਂ ਫਿਰ ਸਿਖ ਨੂੰ ਅਸ਼ੁਧ ਪਾਠ ਲਈ ਤਾੜਨਾ ਦਾ ਕੀ ਅਰਥ ਹੁੰਦਾ? ਫਿਰ ਇਸ ਵਿਚ 'ਮੀਰਾਂ ਬਾਈ' ਦਾ ਸ਼ਬਦ ਹੈ। ਨਿਤਨੇਮ ਦੀ ਬਾਣੀ ਵਿਚ ਰਹਿਰਾਸ ਦੇ ਕੇਵਲ ਪੰਜ ਹੀ ਸ਼ਬਦ ਹਨ ਤੇ ਚਾਰ ਜੋ ਪਿਛੋ ਸ਼ਾਮਲ ਹੋਏ ਤੇ ਇਸ ਤੋਂ ਬਹੁਤ ਪੁਰਾਣੀਆਂ ਬੀੜਾਂ ਵਿਚ ਮਿਲਦੇ ਹਨ ਉਹ ਦਰਜ ਨਹੀਂ। ਸ਼ਬਦਾਂ ਦੀ ਗਿਣਤੀ ਇਸ ਬੀੜ ਦੀ ਬਿਲਕੁਲ ਅਡਰੀ ਹੈ। ੨੧੯ ਸਫ਼ੇ ਪੁਰ ਕਰਤਾ ਨੇ ਇਸ ਨੂੰ ਭਾਈ ਬੰਨੋ ਜੀ ਦੀ ਕਿਸੇ ਬੀੜ ਦਾ ਉਤਾਰਾ ਦੱਸਿਆ ਹੈ, ਪਰ ਪਹਿਲੀ ਨਿਸ਼ਾਨੀ ਪੋਥੀ ਲਿਖਿ ਪਹੁੰਚੇ' ਵਾਲੀ ਇਸ ਵਿਚ ਨਹੀਂ। ਨਾ ਹੀ ਰਾਗ ਸਾਰੰਗ ਵਿਚ ਸੂਰਦਾਸ ਦਾ ਸਾਰਾ ਸ਼ਬਦ (ਛਾਡ ਮਨ ਹਰਿ ਬੇਮੁਖਨ ਕੋ ਸੰਗੁ) ਕਰਤਾ ਨੇ ਇਸ ਵਿਚ ਹੋਣਾ ਦੱਸਿਆ ਹੈ। ਅੰਤ ਵਿਚ ਵਾਧੂ ਬਾਣੀਆਂ ਹਨ। ਜੀ. ਬੀ. ਸਿੰਘ ਹੋਰਾਂ ਲਫ਼ਜ਼ੀ ਭੁਲਾਂ ਤਾਂ ਆਪਣੇ ਵੇਰਵੇ ਵਿਚ ਬਹੁਤ ਦਿਤੀਆਂ ਹਨ ਪਰੰਤੂ ਜੋ ਮੋਟੀਆਂ ਮੋਟੀਆਂ ਭੁਲਾਂ ਦਸੀਆਂ ਹਨ ਉਨ੍ਹਾਂ ਤੋਂ ਹੀ ਪਤਾ ਲਗ ਜਾਏਗਾ ਕਿ ਇਹ ਬੀੜ ਕਿਤਨੀ ਅਸ਼ੁੱਧ ਹੈ। ਰਾਗ ਮਲਾਰ ਵਿਚ ਇਕ ਵਾਧੂ ਸ਼ਬਦ ਗੁਰੂ ਅਰਜਨ ਸਾਹਿਬ ਦੇ ਨਾਮ ਤੇ ਦਿਤਾ ਹੈ (ਪੰਨਾ ੨੨੮)। ਭੋਗ ਦੀ ਬਾਣੀ ਦੀ ਤਰਤੀਬ ਆਮ ਛਾਪੇ ਦੇ ਗ੍ਰੰਥਾਂ ਵਰਗੀ ਹੈ। ਕਬੀਰ ਦੇ ਸਲੋਕਾਂ ਦੀ ਗਿਣਤੀ ੨੪੫ ਹੈ। ਸੱਠਵਾਂ ਸਲੋਕ ਗੁਰੂ ਨਾਨਕ ਸਾਹਿਬ ਦਾ

ਵਿਚ ਰਖ ਦਿੱਤਾ ਹੈ ਤੇ ਸੱਤਾਠਵਾਂ ਤੀਜੇ ਗੁਰੂ ਜੀ ਦਾ (ਪੰਨਾ ੨੨੯) ''ਇਸ ਦੇ ਉਲਟ 'ਸਲੋਕ ਵਾਰਾਂ ਤੋਂ ਵਧੀਕ' ਹੇਠਾਂ ੪ ਸਲੋਕ ਮਹਲੇ ਤੀਜੇ ਦੇ ਅਤੇ ੩ ਮਹਲੇ ਚਉਥੇ ਦੇ ਛਾਪੇ ਦੇ ਗ੍ਰੰਥ ਵਿਚ ਹਨ। ਪਰ ਇਸ ਸੰਮਤ ੧੭੩੨ ਦੀ ਬੀੜ ਵਿਚ ਨਹੀਂ'' (ਪੰਨਾ ੨੩੦) ਅਗੇ ਕਰਤਾ ਨੇ ਇਹ ਰਹੇ ਹੋਏ ਸਲੋਕ ਸਾਰੇ ਲਿਖ ਦਿਤੇ ਹਨ। ਲਫ਼ਜ਼ੀ ਗਲਤੀਆਂ ਤੋਂ ਤੰਗ ਆਕੇ ਅੰਤ ਕਰਤਾ ਨੂੰ ਇਹ ਨੋਟ ਦੇਣਾ ਪਿਆ। ''੫੭ ਸਲੋਕਾਂ ਦੇ ਲਿਖਣ ਵਿਚ ਇਤਨੀਆਂ ਗਲਤੀਆਂ ਦਸਦੀਆਂ ਹਨ ਕਿ ਇਹ ਬੜੀ ਕਾਹਲੀ ਵਿਚ ਤੇ ਬੇਪਰਵਾਹੀ ਨਾਲ ਨਕਲ ਕੀਤੇ ਗਏ ਹਨ। ਪਰ ਹੇਠ ਲਿਖੇ ਫਰਕ ਬਹੁਤ ਵਡੇਰੇ ਹਨ'' (ਸਫਾ ੨੩੩) ਅਗੇ ਕਰਤਾ ਨੇ ੪ ਸਲੋਕ ਜਿਨ੍ਹਾਂ ਵਿਚ ਬਹੁਤ ਫਰਕ ਹੈ ਦਿਤੇ ਹਨ।

ਇਸ ਦੀ ਅਸ਼ੁਧ ਲਿਖਾਈ ਹੀ ਕਾਫੀ ਦਲੀਲ ਹੈ ਕਿ ਇਸ ਨੂੰ ਗੁਰੂ ਗੱਦੀ ਦੀ ਬੀੜ ਹੋਣ ਦੇ ਮਾਣ ਤੋਂ ਰੋਕੇ ਅਤੇ ਸਾਡੇ ਪਾਠਕ ਇਸ ਨਤੀਜੇ ਵਿਚ ਸਾਡੇ ਨਾਲ ਜ਼ਰੂਰ ਸਹਿਮਤ ਹੋਣਗੇ। ਫਿਰ ਭਾਈ ਬੰਨੋ ਜੀ ਦੀ ਬੀੜ ਦਾ ਉਤਾਰਾ ਗੁਰ ਗੱਦੀ ਦੀ ਬੀੜ ਨਹੀਂ ਬਣ ਸਕਦਾ ਜਦ ਜੀ. ਬੀ. ਸਿੰਘ ਹੁਰਾਂ ਦੇ ਆਪਣੇ ਲਿਖੇ ਮੂਜਬ ਰਾਮਰਾਇ ਜੀ ਨਾਲ ਦਿੱਲੀ ਘੱਲਣ ਲਈ ਬੀੜ ਦਾ ਮੁਕਾਬਲਾ ਸੱਤਵੇਂ ਗੁਰੂ ਜੀ ਨੇ ਆਪ ਪੰਜਵੇਂ ਪਾਤਸ਼ਾਹ ਜੀ ਦੀ ਬੀੜ ਨਾਲ ਕਰਾਇਆ। ਹੁਣ ਡੇਰਾ ਦੂਨ ਵਾਲੀ ਸੋਧੀ ਹੋਈ ਬੀੜ ਵਿਚ ਜਦੋਂ ਕਰਤਾ ਨੇ ਕੋਈ ਸ਼ਬਦ ਜਾਂ ਫਾਲਤੂ ਬਾਣੀ ਭਾਈ ਬੰਨੋ ਵਾਲੀ ਬੀੜ ਦੀ ਨਹੀਂ ਵੇਖੀ ਤਾਂ ਗੁਰ ਗੱਦੀ ਨਾਲ ਇਸ ਤਰ੍ਹਾਂ ਭਾਈ ਬੰਨੋ ਜੀ ਦੀ ਬੀੜ ਦਾ ਕੋਈ ਉਤਾਰਾ ਰਖਿਆ ਜਾ ਸਕਦਾ ਸੀ? ਇਸ ਲਈ ਕਰਤਾ ਦਾ ਭਾਈ ਬੰਨੋ ਜੀ ਦੀ ਬੀੜ ਦੀ ਇਕ ਅਸ਼ੁੱਧ ਨਕਲ ਨੂੰ ਦਮਦਮੇ ਸਾਹਿਬ ਵਾਲੀ ਆਖਣਾ ਅਸੀਂ ਇਕ ਤਕੜੀ ਭੁਲ ਤੋਂ ਵਧੀਕ ਹੋਰ ਕੁਝ ਨਹੀਂ ਮੰਨ ਸਕਦੇ।

ਕਰਤਾ ਨੇ ਕਿਤਨੀ ਬੇਪਰਵਾਹੀ ਇਸ ਪੁਸਤਕ ਦੇ ਲਿਖਣ ਵਿਚ ਕੀਤੀ ਹੈ, ਉਹ ਇਕੋ ਮੋਟੀ ਮਿਸਾਲ ਤੋਂ ਜ਼ਾਹਰ ਹੋ ਸਕਦੀ ਹੈ। ਸਫਾ ੯੧ ਪੁਰ ਆਪ ਲਿਖਦੇ ਹਨ "ਗ੍ਰੰਥ ਸਾਹਿਬ ਭਾਦੋਂ ਸੁਦੀ ਏਕਮ ਨੂੰ ਮੁਕੰਮਲ ਹੋ ਗਿਆ" ਹਾਲਾਂਕਿ ਪੰਨੇ ੨੫੫ ਪੁਰ ਜੋ ਚਿੱਠੀ ਭਾਈ ਕਾਹਨ ਸਿੰਘ ਜੀ ਦੀ ਛਾਪੀ ਹੈ ਉਸ ਵਿਚ ਸਾਫ ਲਿਖਿਆ ਹੈ "ਸੰਮਤ ੧੬੬੧ ਮਿਤੀ ਭਾਦੋਂ ਵਦੀ ੧ ਪੋਥੀ ਲਿਖਿ ਪਹੁੰਚੇ"। ਭਾਦੋਂ ਵਦੀ ੧ ਨੂੰ ਕਿਸ ਬੇਪਰਵਾਹੀ ਨਾਲ ਭਾਦੋਂ ਸੁਦੀ ੧ ਵਿਚ ਬਦਲ ਦਿਤਾ ਹੈ ਹਾਲਾਂਕਿ ਜੋ ਕੁਝ ਨੁਕਤਾਚੀਨੀ ਕੀਤੀ ਹੈ ਉਹ ਬਹੁਤ ਸਾਰੀ ਇਸ ਚਿੱਠੀ ਦੇ ਅਧਾਰ ਪੁਰ ਹੈ।

---

੧੦. ਕਰਤਾ ਦੇ ਬੇਬੁਨਿਆਦ ਇਅਤਰਾਜ਼

ਖੋਜ ਦੇ ਮਦ ਵਿਚ ਆ ਕੇ ਅਤੇ ਆਪਣੇ ਆਪ ਨੂੰ ਵਡਾ ਦਲੀਲ ਵਾਲਾ ਮੰਨ ਕੇ ਕਰਤਾ ਨੇ ਹੋਰ ਕਈ ਛੋਟੇ ਛੋਟੇ ਇਅਤ-ਰਾਜ਼ ਬੀੜ ਪੁਰ ਕੀਤੇ ਹਨ ਜਿਨ੍ਹਾਂ ਦਾ ਉਤਰ ਦੇ ਕੇ ਹੁਣ ਇਸ ਕਿਤਾਬ ਦੀ ਪੜਚੋਲ ਨੂੰ ਖਤਮ ਕਰਦੇ ਹਾਂ, ਆਪ ਨੇ ਸਫ਼ਾ ੬੯ ਪੁਰ 'ਸਲੋਕ ਸੰਸਕ੍ਰਿਤੀ' ਦਾ ਜਿਕਰ ਕਰਦਿਆਂ ਸ੍ਵਾਮੀ ਦਯਾ ਨੰਦ ਜੀ ਦਾ ਉਹਲਾ ਲੈ ਕੇ ਲੁਕਵੀਂ ਜਿਹੀ ਚੋਟ ਕੀਤੀ ਹੈ। ਪਰ ਅਸਲ ਸਿਰਲੇਖ ਇਹਨਾਂ ਸਲੋਕਾਂ ਦਾ 'ਸਲੋਕ ਸਹਸਕ੍ਰਿਤੀ' ਹੈ, ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨੇ 'ਸ਼ਬਦ ਰਤਨਾਕਰ' ਦੇ ਸਫ਼ਾ ੪੦੭ ਤੇ ੪੦੯ ਪੁਰ "ਸੰਸਕ੍ਰਿਤ" ਤੇ "ਸਹਸਕ੍ਰਿਤਿ" ਸ਼ਬਦਾਂ ਦੇ ਇਹ ਅਰਥ ਦਿਤੇ ਹਨ:–

ਸੰਸਕ੍ਰਿਤ–ਜਿਸ ਦਾ ਸੰਸਕਾਰ ਕੀਤਾ ਗਿਆ ਹੈ, ਸੰਵਾਰਿਆ ਦਰੁਸਤ ਕੀਤਾ। ਵ੍ਯਾਕਰਣ ਦੇ ਨਿਯਮਾਂ ਵਿਚ ਆਈ ਤੇ ਕੁਦਰਤੀ (ਪ੍ਰਾਕ੍ਰਿਤ) ਬੋਲੀ ਦੇ ਮੁਕਾਬਲੇ ਤੇ ਸੰਵਾਰੀ ਹੋਈ ਭਾਸ਼ਾ।

ਸਹਸਕ੍ਰਿਤਿ*–ਸੰਸਕ੍ਰਿਤ, ਪਾਲੀ ਅਤੇ ਪ੍ਰਾਕ੍ਰਿਤ ਤੋਂ ਬਣੀ ਹੋਈ ਇਕ ਭਾਸ਼ਾ, ਜਿਸ ਦਾ ਨਾਉਂ ਗਾਥਾ ਭੀ ਹੈ। ਇਸੇ ਵਿਚ ਸਲੋਕ ਸਹਸ ਕ੍ਰਿਤੀ ਲਿਖੇ ਗਏ ਹਨ।

ਸਹਸਕ੍ਰਿਤ, ਲਫਜ਼ ਸੰਸਕ੍ਰਿਤ ਦਾ ਪ੍ਰਾਕ੍ਰਿਤ ਰੂਪ ਹੈ ਤੇ ਪ੍ਰਾਕ੍ਰਿਤ ਬੋਲੀ ਦੇ ਕਈ ਰੂਪ ਹਨ। ਗੁਰੂ ਸਾਹਿਬ ਨੇ ਬਾਣੀ ਸੰਸਕ੍ਰਿਤ ਵਿਚ ਕੋਈ ਨਹੀਂ ਰਚੀ। ਤੀਜੇ ਗੁਰੂ ਜੀ ਦੇ ਜੀਵਨ ਵਿਚ ਇਕ ਪੰਡਿਤ ਨਾਲ ਇਸੇ ਗੱਲ ਤੇ ਚਰਚਾ ਦੱਸੀ ਗਈ ਹੈ। ਜਿਸ ਵਿਚ ਸੰਸਕ੍ਰਿਤ ਬੋਲੀ ਵਿਚ ਉਪਦੇਸ਼ ਨੂੰ ਖੂਹ ਵਿਚੋਂ ਟਿੰਡਾਂ ਨਾਲ ਪਾਣੀ ਕੱਢ ਕੇ ਖੇਤ ਸਿੰਚਣ ਦੀ ਉਪਮਾ ਦਿਤੀ ਗਈ ਹੈ।

---

*सहसूधा कृतिय स्पा सा सहसकृतिः।

ਜਿਸ ਦਾ ਭਾਵ ਹੈ ਕਿ ਜਿਸ ਤਰ੍ਹਾਂ ਖੂਹ ਥੋੜ੍ਹਾ ਹੀ ਰਕਬਾ ਸਿੰਜ ਸਕਦਾ ਹੈ, ਇਸ ਤਰ੍ਹਾਂ ਇਹ ਉਪਦੇਸ਼ ਥੋੜ੍ਹੇ ਮਨੁੱਖ ਹੀ ਸਮਝ ਸਕਦੇ ਸਨ, ਪਰ ਗੁਰਬਾਣੀ ਦੇ ਉਪਦੇਸ਼ ਨੂੰ ਬਾਰਸ਼ ਨਾਲ ਉਪਮਾ ਦਿਤੀ ਹੈ। ਗੁਰਬਾਣੀ ਲੋਕਾਂ ਦੀ ਆਪਣੀ ਬੋਲੀ ਵਿਚ ਸੀ ਅਤੇ ਇਸ ਦਾ ਉਪਦੇਸ਼ ਸਰਬ ਸਾਧਾਰਨ ਨੂੰ ਸਮਝ ਆਵਣ ਕਰਕੇ ਖੁਲ੍ਹੇ ਮੀਂਹ ਵਾਂਗ ਸਾਰੇ ਦੇਸ ਦੀਆਂ ਪੈਲੀਆਂ ਸਿੰਜ ਦਿੰਦਾ ਸੀ। ਜਦ ਉਨ੍ਹਾਂ ਦਾ ਮਨੋਰਥ ਆਮ ਲੋਕਾਂ ਨੂੰ ਸਿੱਧਾ ਰਾਹ ਦਸਣਾ ਸੀ ਤਾਂ ਉਹ ਸੰਸਕ੍ਰਿਤ ਵਿਚ ਬਾਣੀ ਕਾਹਦੇ ਲਈ ਰਚਦੇ। ਸਹਸਕ੍ਰਿਤ ਵਿਚ ਕਿਉਂ ਰਚੀ ? ਜਿਸਤਰ੍ਹਾਂ ਜੀ. ਬੀ. ਸਿੰਘ ਹੋਰਾਂ ਆਪ ਲਿਖਿਆ ਹੈ ਕਿ ਯੋਗੀਆਂ ਦੀ ਬਾਣੀ ਇਸ ਬੋਲੀ ਵਿਚ ਮੌਜੂਦ ਸੀ। ਉਹ ਕਈ ਲੋਕਾਂ ਨੂੰ ਪਿਆਰੀ ਲਗਦੀ ਹੋਣੀ ਹੈ। ਸਤਿਗੁਰਾਂ ਉਸੇ ਬੋਲੀ ਵਿਚ ਆਪਣੇ ਭਾਵ ਪ੍ਰਗਟ ਕਰ ਦਿਤੇ ਤਾਂ ਜੁ ਉਸ ਬੋਲੀ ਨੂੰ ਪਿਆਰ ਕਰਨ ਵਾਲੇ ਬੋਲੀ ਨੂੰ ਭਾਵੇਂ ਨਾ ਛਡਣ ਸਤਿਗੁਰਾਂ ਦੇ ਭਾਵਾਂ ਨੂੰ ਸਮਝ ਲੈਣ। ਜੇ ਇਸ ਬਾਣੀ ਦੀ ਇਕਲੀ ਦੁਕਲੀ ਤੁਕ ਕਿਸੇ ਜੋਗੀ ਦੇ ਕਲਾਮ ਦੀ ਇਕਲੀ ਦੁਕਲੀ ਤੁਕ ਨਾਲ ਮਿਲਦੀ ਹੈ ਤਾਂ ਇਹ ਕੋਈ ਅਸਚਰਜ ਦੀ ਗਲ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ ਕਈ ਸ਼ਬਦ ਹਨ ਜਿਨ੍ਹਾਂ ਦੀਆਂ ਤੁਕਾਂ ਆਪੋ ਵਿਚ ਮਿਲਦੀਆਂ ਹਨ। ਇਸ ਬੋਲੀ ਨੂੰ (ਸੰਸਕ੍ਰਿਤ) ਸਮਝ ਕੇ ਗਲਤੀਆਂ ਕਢਣੀਆਂ ਪਰਖ ਕਰਨ ਵਾਲੇ ਦੀ ਗਲਤੀ ਹੈ।

ਲਗਾਂ ਮਾਤ੍ਰਾਂ ਦੇ ਅਧਿਆਇ ਵਿਚ ਕਰਤਾ ਨੇ ਆਪ ਹੀ ਲਿਖਿਆ ਹੈ ਕਿ ਇਹ ਕਾਰਕਾਂ ਦੀਆਂ ਸੰਸਕ੍ਰਿਤ ਵਿਚ ਜੋ ਨਿਸ਼ਾਨੀਆਂ ਸਨ ਪ੍ਰਾਕ੍ਰਿਤ ਵਿਚ ਆ ਕੇ ਇਸ ਰੂਪ ਵਿਚ ਬਦਲ ਗਈਆਂ ਜਿਕੁਰ '"ਵਨਿ ਦੀ ਸਿਹਾਰੀ ਕਾਰਕ ਦੀ ਲਾਂ ਦੀ ਥਾਂ ਆਈ ਹੈ'' ਤੇ ਅਰਥ ਹੋਵੇਗਾ 'ਬਨ ਵਿਚ'। ਹੁਣ ਜੇ ਲਗਾਂ ਮਾਤ੍ਰਾਂ ਠੀਕ ਨਾ ਵਰਤੀਏ ਤਾਂ ਅਰਥਾਂ ਵਿਚ ਬਹੁਤ ਫਰਕ ਪੈ ਜਾਂਦਾ ਹੈ। ਅਸੀਂ ਇਕਤੁਕ ਤੋਂ ਇਹ ਸਪਸ਼ਟ ਕਰਨ ਦਾ ਜਤਨ ਕਰਾਂਗੇ।'ਆਸ

ਅੰਦੇਸੇ ਤੇ ਨਿਹਕੇਵਲ ਹਉਮੈ ਸ਼ਬਦਿ ਜਲਾਏ' ਤੁਕ ਵਿਚ 'ਸ਼ਬਦ' ਨਾਲ ਸਿਹਾਰੀ ਹੋਣ ਕਰਕੇ ਇਸਦਾ ਅਰਥ 'ਸਬਦ ਦਵਾਰਾ' ਹਉਮੈ ਨੂੰ ਸਾੜੇ ਬਣਦਾ ਹੈ। ਜੇ ਅਸੀਂ ਲਗ ਉਡਾ ਦੇਈਏ ਤਾਂ ਅਰਥ ਸੰਸੇ ਵਿਚ ਪੈ ਜਾਂਦਾ ਹੈ। 'ਸ਼ਬਦ' ਨੂੰ 'ਹਉਮੈ' ਸਾੜੇ ਜਾਂ ''ਸ਼ਬਦ'' 'ਹਉਮੈ' ਨੂੰ, ਇਸ ਲਈ ਇਨ੍ਹਾਂ ਲਗਾਂ ਮਾਤ੍ਰਾਂ ਦਾ ਜਿਉਂ ਕਾ ਤਿਉਂ ਰਹਿਣਾ ਅਰਥਾਂ ਵਿਚ ਬਹੁਤ ਮਦਦ ਕਰਦਾ ਹੈ।

ਪ੍ਰਾਕ੍ਰਿਤ ਵਿਚ ਸੰਧਿ ਲਿਖਣ ਵਾਲੇ ਦੀ ਮਰਜ਼ੀ ਪੁਰ ਹੈ। 'ਆਇਆ' ਵੀ ਠੀਕ ਹੈ ਤੇ ਆਯਾ ਵੀ ਗਲਤ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਸੰਧਿ ਕਰ ਦਿਤੀ ਹੈ ਕਿਤੇ ਨਹੀਂ। ਬਾਕੀ ਸ਼ਬਦ-ਜੋੜਾਂ ਨੂੰ ਥਾਂ ਥਾਂ ਦੀ ਬੋਲੀ ਅਨੁਸਾਰ ਰਖਿਆ ਹੈ, ਇਸ ਲਈ ਇਨ੍ਹਾਂ ਵਿਚ ਕਿਤੇ ਕਿਤੇ ਫਰਕ ਪੈ ਗਿਆ ਹੈ। ਸਾਨੂੰ ਅਸਲ ਪਾਠ ਵਿਚ ਅਦਲਾ ਬਦਲੀ ਕਰਨੀ ਨਹੀਂ ਬਣਦੀ। ਅਰਥ ਸਮਝ ਅਨੁਸਾਰ ਹੋ ਸਕਦੇ ਹਨ।

ਸਫਾ ੯੭ ਤੇ ਕਰਤਾ ਲਿਖਦਾ ਹੈ ''ਰਾਗ ਗਉੜੀ ਮਹਲਾ ੪ ਦੀ ਬਾਹਰਵੀਂ ਪਉੜੀ 'ਸੰਤ ਬਚਨ ਅਟਲਾਧਾ' ਪਹਿਲਾਂ ਮਹਲਾ ੪ ਦੀ ਕਰਕੇ ਦਿਤੀ ਹੈ ਅਤੇ ਫੇਰ ਅਗੇ ਜਾ ਕੇ ਏਸੇ ਨੂੰ ਦੁਰਰਾਇਆ ਹੈ, ਪਰ ੩੧ ਵੀਂ ਪਉੜੀ ਵਿਚ ਏਸ ਨੂੰ ਪੰਜਵੀਂ ਪਾਤਸ਼ਾਹੀ ਦੀ ਕਰਕੇ ਲਿਖਿਆ ਹੈ।'' ਮਲੂਮ ਹੁੰਦਾ ਹੈ ਜਾਂ ਤਾਂ ਛਾਪੇਖਾਨੇ ਨੇ ਜੋ ਕੁਝ ਜੀ. ਬੀ. ਸਿੰਘ ਹੁਰਾਂ ਦੀ ਲਿਖਤ ਸੀ, ਉਸ ਨੂੰ ਗਲਤ ਛਾਪ ਦਿਤਾ ਹੈ ਜਾਂ ਜੀ. ਬੀ. ਸਿੰਘ ਹੁਰਾਂ ਆਪ ਹੀ ਲਿਖਣ ਵੇਲੇ ਕੋਈ ਭੁਲੇਖਾ ਖ਼ਾਧਾ ਹੈ। ਕਿਉਂਕਿ ਗਉੜੀ ਦੀ ਵਾਰ ਮਹਲਾ ੪ ਵਿਚ ਨਾ ਇਹ ਬਾਹਰਵੀਂ ਪਉੜੀ ਹੈ ਨਾ ੩੧ ਵੀਂ।

'ਪ੍ਰਾਚੀਨ ਬੀੜਾਂ' ਦੇ ਸਫਾ ੧੯੯ ਪੁਰ ਜੋ ਸਲੋਕ ਕਬੀਰ ਜੀ ਦਾ ਕਰਤਾ ਨੇ ਦਿਤਾ ਹੈ ਉਸ ਦੀ ਠੀਕ ਦਸ਼ਾ 'ਆਦਿ ਬੀੜ' ਵਿਚ ਇਸ ਪ੍ਰਕਾਰ ਹੈ, ਪੱਤਰਾ ੨੭੫ ਦੇ ਖੱਬੇ ਪਾਸੇ ਵਾਲੇ ਪੰਨੇ

ਤੇ ਚਾਰ ਸਤਰਾਂ ਮਗਰੋਂ ਇਹ ਸਿਤਲੇਖ ਹੈ 'ਰਾਗ ਗਉੜੀ ਵਾਰ ਕਬੀਰ ਜੀਉ ਕੇ'' ਫਿਰ ਸਾਹਮਣੇਵਾਰ ਹੈ '੧ ਓ ਸਤਿਗੁਰ-ਪ੍ਰਸਾਦਿ' ਕੁਦਰਤੀ ਤੌਰ ਤੇ ਜਿਨ੍ਹਾਂ ਪਾਲਾਂ ਵਿਚ ਇਹ ਸਿਰਲੇਖ ਆਏ ਹਨ, ਸੱਜੇ ਪਾਸੇ ਕੁਝ ਥਾਂ ਖਾਲੀ ਰਹਿ ਗਈ ਹੈ । ਉਸ ਵਿਚ ਬਰੀਕ ਕਲਮ ਨਾਲ 'ਧੁਰ ਅੰਬਰ ਵਿਚ ਬੇਲੜੀ' ਵਾਲਾ ਸਲੋਕ ਲਿਖਿਆ ਹੈ। ਫਿਰ ਉਪਰ ਹੜਤਾਲ ਫੇਰ ਦਿਤੀ ਗਈ ਹੈ। ਪਰ ਹੜਤਾਲ ਪਤਲੀ ਫਿਰੀ ਹੋਣ ਕਰਕੇ ਹੇਠੋਂ ਤੁਕਾਂ ਪੜ੍ਹੀਆਂ ਜਾ ਸਕਦੀਆਂ ਹਨ। ੧੯੦ ਪੰਨੇ ਪੁਰ ਜੋ ਕਰਤਾ ਨੇ ਲਿਖਿਆ ਹੈ ''ਭਾਈ ਗੁਰਦਾਸ ਏਸ ਨੂੰ ਪੋਥੀ ਤੋਂ ਨਕਲ ਕਰ ਚੁਕੇ ਸਨ, ਸੋ ਉਸ ਪੁਰ ਹੜਤਾਲ ਫੇਰ ਦਿਤੀ ਗਈ। ਪਰ ਦੋ ਪਾਲਾਂ ਕਿਉਂ ਰਹਿਣ ਦਿਤੀਆਂ, ਇਸ ਦੀ ਸਮਝ ਨਹੀਂ ਆਉਂਦੀ'', ਇਹ ਗਲਤ ਹੈ। ਆਦਿ ਬੀੜ ਵਿਚ ਜਿਥੇ ਨਿਯਮ ਅਨੁਸਾਰ ਕੋਈ ਸ਼ਬਦ ਜਾਂ ਤੁਕ ਨਹੀਂ ਲਿਖੀ ਜਾਣੀ ਚਾਹੀਦੀ, ਇਹੀ ਹੀ ਦੋ ਪਾਲਾਂ ਬਰੀਕ ਕਲਮ ਨਾਲ ਸਿਮਟਾਈਆਂ ਗਈਆਂ, ਪਰ ਫੇਰ ਉਨ੍ਹਾਂ ਪੁਰ ਵੀ ਹੜਤਾਲ ਫੇਰ ਦਿਤੀ ਗਈ।

ਸਫਾ ੧੯੯ ਅਤੇ ੨੦੦ ਤੇ ਆਪ ਨੇ 'ਰੁਣ ਝੁੰਝਨੜਾ ਗਾਉ ਸਖੀ' ਵਾਲਾ ਸਾਰਾ ਸ਼ਬਦ ਦਿਤਾ ਹੈ। ਉਸ ਦਾ ਅਰਥ ਜੋ ਕਰਤਾ ਨੇ ਕੀਤਾ ਹੈ ਉਹ ਬਣਦਾ ਨਹੀਂ । ਇਹ ਸ਼ਬਦ ਸਾਰਾ ਆਦਿ ਬੀੜ ਵਿਚ ਨਹੀਂ ਲਿਖਿਆ ਹੋਇਆ ਕੇਵਲ ਦੋ ਪਹਿਲੀਆਂ ਤੁਕਾਂ ਹੀ ਉਥੇ ਹਨ । ਪਰ ਇਹ ਸਾਰਾ ਸ਼ਬਦ ਉਸੇ ਤਰ੍ਹਾਂ ਦਾ ਹੈ ਜਿਕੁਰ ਗੁਰੂ ਨਾਨਕ ਦੇਵ ਜੀ ਦਾ ਸ਼ਬਦ 'ਦੀਵਾ ਮੇਰਾ ਏਕੁ ਨਾਮੁ' ਅਤੇ ਸੁੰਦਰ ਜੀ ਦੀ ਸੱਦ ਜਿਸ ਵਿਚ ਸਤਿਗੁਰਾਂ ਦਸਿਆ ਹੈ ਕਿ 'ਨਾਮ ਦਾ ਜਾਪੁ' ਤੇ 'ਗੁਰੂ ਦਾ ਗਿਆਨ' ਹੀ ਬਿਨਾਂ ਹੋਰ ਰਸਮਾਂ ਦੇ ਕੀਤੇ ਸਾਨੂੰ ਪਾਰ ਕਰਨ ਵਾਲਾ ਹੈ।ਨਾਮ ਦਾ ਜਾਪ ਹੀ ਸਾਡੇ ਲਈ ਸਭ ਰਸਮਾਂ ਦੀ ਥਾਂ ਹੈ ਪਰ ਇਸ ਪੁਰ ਵਧੀਕ ਵਿਚਾਰ ਦੀ ਲੋੜ ਨਹੀਂ ਕਿਉਂਕਿ ਸਾਡੇ

ਲਈ ਦੋ ਤੁਕਾਂ ਹੀ ਜੋ ਬੀੜ ਵਿਚ ਆਈਆਂ ਹਨ ਪਰਵਾਨ ਹਨ।

ਕਰਤਾ ਨੇ ਸਫਾ ੨੦੧ ਪੁਰ ਰਾਮ ਕਲੀ ਵਿਚੋਂ ਗੁਰੂ ਨਾਨਕ ਦੇਵ ਜੀ ਦਾ ਇਹ ਸ਼ਬਦ ਦੇ ਕੇ 'ਸੁਣਿ ਮਾਛਿੰਦ੍ਰਾ ਨਾਨਕ: ਬੋਲੈ' ਅਤੇ ਸਿੱਧ ਗੋਸ਼ਟਿ ਵਿਚੋਂ ਇਹ ਤੁਕਾਂ ਲਿਖ ਕੇ ''ਚਰਪਟੁ ਬੋਲੇ ਅਉਧੂ ਨਾਨਕ ਦੇਹੁ ਸਚਾ ਬੀਚਾਰੋ'' ਅਤੇ ''ਗੋਰਖੁ ਸੁਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ'' ਇਹ ਨੋਟ ਨਾਲ ਦਿਤਾ ਹੈ ''ਮਛਿੰਦ੍ਰ, ਚਰਪਟ, ਲੋਹਾਰੀਪਾ, ਭਰਥਰੀ, ਸਿਧ ਨਾਥ ਗੁਰੂ ਨਾਨਕ ਦੇਵ ਤੋਂ ਬਹੁਤ ਪਹਿਲੇ ਹੋ ਚੁਕੇ ਸਨ'' ਸਫਾ ੪੧੮ ਪੁਰ ਇਨ੍ਹਾਂ ਬਾਬਤ ਇਹ ਲਿਖਿਆ ਹੈ। ''ਇਹ ਮਛਿੰਦਰ ਭਰਥਰਿ, ਚਰਪਟ ਆਦਿ ਨਾਥ ਗੁਰੂ ਨਾਨਕ ਦੇਵ ਨਾਲੋਂ ਬਹੁਤ ਪਹਿਲੇ ਹੋਏ ਹਨ ਗੁਰੂ ਨਾਨਕ ਏਹਨਾਂ ਨੂੰ ਕਦੇ ਮਿਲੇ ਨਹੀਂ ਸਨ ਸਕਦੇ'' ਇਨ੍ਹਾਂ ਦੋਹਾਂ ਨੋਟਾਂ ਦਾ ਮਤਲਬ ਇਸ ਬਾਣੀ ਦੀ ਪ੍ਰਮਾਣੀਕਤਾ ਪੁਰ ਹੀ ਸ਼ਕ ਪਾਣਾ ਹੋ ਸਕਦਾ ਹੈ। ਪਹਿਲੋਂ ਅਸੀਂ ਪੁਛਦੇ ਹਾਂ ਕੀ ਇਨ੍ਹਾਂ ਨਾਮਾਂ ਵਾਲਾ ਕੋਈ ਦੂਸਰਾ ਜੋਗੀ ਨਹੀਂ ਹੋ ਸਕਦਾ ? ਮਸ਼ਹੂਰ ਨਾਮਾਂ ਤੇ ਲੋਕ ਰੀਝ ਕੇ ਅਗੋਂ ਨਾਮ ਧਰਦੇ ਹਨ । ਦੂਜਾ ਹੋ ਸਕਦਾ ਹੈ ਜੋ ਚਰਚਾ ਕਰਨ ਆਏ ਓਹਨਾਂ ਏਨ੍ਹਾਂ ਵੱਡੇ ਜੋਗੀਆਂ ਦੀ ਦਸੀ ਸਿਖਿਆ ਦੇ ਆਸਰੇ ਜੋਗ ਦਾ ਮਾਰਗ ਗੁਰੂ ਸਾਹਿਬ ਅਗੇ ਬਿਆਨ ਕੀਤਾ। ਗੁਰੂ ਸਾਹਿਬ ਨੇ ਆਪਣਾ ਮਾਰਗ ਦਸਦੇ ਹੋਏ ਅਸਲੀ ਲੇਖਕਾਂ ਨੂੰ ਹੀ ਸੰਬੋਧਨ ਕਰਕੇ ਜਿਨਾਂ ਨੇ ਉਹ ਉਪਦੇਸ਼ ਆਪਣੀ ਬਾਣੀ ਵਿਚ ਗੁੰਦੇ ਸਨ ਆਪਣਾ ਫਰਕ ਦਸਿਆ। ਜਾਂ ਉਨ੍ਹਾਂ ਦੀ ਸਿਖਿਆ ਤੇ ਨਜ਼ਰ ਮਾਰਦੇ ਹੋਏ ਗੁਰੂ ਨਾਨਕ ਸਾਹਿਬ ਨੇ ਆਪਣਾ ਨੁਕਤਾ ਨਿਗਾਹ ਦਸਿਆ । ਅਜ ਕਲ ਵੀ ਗੁਜਰੇ ਹੋਏ ਲੇਖਕਾਂ ਦੀਆਂ ਲਿਖਤਾਂ ਪੁਰ ਨੁਕਤਾ ਚੀਨੀ ਕਰਨ ਵੇਲੇ ਉਨ੍ਹਾਂ ਦੇ ਨਾਮ ਵਿਚ ਆ ਜਾਂਦੇ ਹਨ। ਕੀ ਇਹ ਸੰਭਾਵਨਾ ਇਨ੍ਹਾਂ ਸ਼ਬਦਾਂ ਵਿਚ ਆਏ ਨਾਮਾਂ ਬਾਬਤ ਨਹੀਂ ਸੋ ਸਕਦੀ ? ਫਿਰ ਦਖਣ ਦੇ ਮੱਠਾਂ ਦੇ ਮਹੰਤ ਅਜ

ਕਲ ਵੀ ਸ਼ੰਕ੍ਰਾਚਾਰਜ ਹੀ ਅਖਵਾਂਦੇ ਹਨ, ਸੰਭਵ ਹੈ ਕਿ ਇਨ੍ਹਾਂ ਮਸ਼ਹੂਰ ਜੋਗੀਆਂ ਦੇ ਡੇਰੇ ਦੇ ਮਹੰਤ ਉਹੋ ਹੀ ਨਾਮ ਧਰੀ ਜਾਂਦੇਹੋਣ।

ਸਫਾ ੨੪੧ ਤੋਂ ੨੪੩ ਤੀਕ ਕਰਤਾ ਨੇ ਆਦਿ ਬੀੜ ਦੇ ਤਤਕਰੇ ਦੇ ਹੋਣ ਦਾ ਜ਼ਿਕਰ ਕੀਤਾ ਹੈ ਪਰ ਇਹ ਗਲ ਗਲਤ ਹੈ ਕਿ ੧੭੧੯ ਵਾਲੀ ਕਾਹਨ ਗੜ੍ਹ ਦੀ ਬੀੜ ਦਾ ਤਤਕਰਾ ਆਦਿ ਬੀੜ ਦੇ ਤਤਕਰੇ ਦਾ ਪੂਰਾ ਉਤਾਰਾ ਹੈ। ਆਦਿ ਬੀੜ ਵਿਚ ਦੋ ਤਤਕਰੇ ਹਨ। ਪਹਿਲੇ ਨੂੰ ਅਰੰਭ ਕਰਨ ਵਾਲਾ ਸਿਰਲੇਖ ਇਹ ਹੈ ''ਸੂਚੀ ਪੱਤ੍ਰ ਪੋਥੀ ਕਾ ਤਤਕਰਾ ਰਾਗਾਂਕਾ''ਤੇ ਦੂਜੇ ਦਾ 'ਤਤਕਰਾ ਸ਼ਬਦਾਂ ਕਾ' ਇਹ ਦੋਵੇਂ ਤਤਕਰੇ ਅੰਕ ੨ ਦੇ ਪਤਰੇ ਦੇ ਸਜੇ ਪਾਸੇ ਵਾਲੇ ਸਫੇ ਤੋਂ ਅਰੰਭ ਹੋਕੇ ਅੰਕ ੨੦ ਦੇ ਪੱਤਰੇ ਦੇ ਅੰਤ ਤੇ ਖਤਮ ਹੁੰਦੇ ਹਨ। ਰਾਗਾਂ ਦੇ ਤਤਕਰੇ ਵਿਚ ਜਿਸ ੨ ਪੱਤਰੇ ਤੋਂ ਰਾਗ ਅਰੰਭ ਹੁੰਦਾ ਹੈ। ਉਸ ਪਤਰੇ ਦਾ ਅੰਕ ਨਾਲ ਦਿੱਤਾ ਹੈ। ਬਿਭਾਸ ਪ੍ਰਭਾਤੀ ਤੋਂ ਮਗਰੋਂ ਤਤਕਰਾ ਇਸਤਰ੍ਹਾਂ ਹੈ।

੯੩੪ ਸਲੋਕ ਸਹਸ ਕ੍ਰਿਤੀ।
੯੩੭ ਗਾਥਾ
੯੩੮ ਫੁਨਹੇ
੯੩੯ ਚਉਬੋਲੇ
੯੪੦ ਸਲੋਕ ਕਬੀਰ ਜੀਉ ਕੇ
੯੪੫ ਸਲੋਕ ਸ਼ੇਖ ਫਰੀਦ ਕੇ
੯੪੭ ਸਵਯੇ ਸ੍ਰੀ ਮੁਖ ਬਾਕ
੯੪੯ ਸਵਯੇ ਕਲ ਕੇ ਤਥਾ ਹੋਰਨਾਂ ਕੇ
੯੬੬ ਸਲੋਕ ਵਾਰਾਂ ਤੇ ਵਧੀਕ
੯੭੪ ਰਾਗਮਾਲਾ ਤਥਾ ਸਿੰਘਲਦੀਪ ਤੇ ਬੀੜ ਵਿਚ ਇਹ ਬਾਣੀਆਂ ਠੀਕ ਉਨ੍ਹਾਂ ਪਤ੍ਰਿਆਂ ਪੁਰ ਹਨ ਜਿਨ੍ਹਾਂ ਦੇ ਅੰਕ ਦਿਥੇ ਦਿਤੇ ਹਨ ਤੇ ਰਾਗਮਾਲਾ ਵੀ ਠੀਕ ਉਸੇ ਪੱਤਰੇ ਪੁਰ ਹੈ।

ਰਾਗਾਂ ਦੇ ਤਤਕਰੇ ਮਗਰੋਂ ਇਕ ਛੋਟਾ, ਹੋਰ ਤਤਕਰਾ ਹੈ।
੩ ਸਿਰੀ ਰਾਗ ਤਥਾ ਮਾਝ ਤਥਾ ਗਉੜੀ।
੬ ਆਸਾ ਤਥਾ ਗੂਜਰੀ ਦੇਵ ਗੰਧਾਰੀ।
੯ ਬਿਹਾਗੜਾ ਵਡਹੰਸ ਸੋਰਠਿ।
੧੦ ਧਨਾਸਰੀ ਜੈਤਸਰੀ ਟੋਡੀ ਬੈਰਾੜੀ ਤਿਲੰਗ।
੧੨ ਸੂਹੀ ਬਿਲਾਵਲ ਗੋਂਡ ਰਾਮਕਲੀ।
੧੫ ਨਟ ਮਾਲੀ ਗਉੜਾ ਮਾਰੂ ਤੁਖਾਰੀ ਕੇਦਾਰਾ।
੧੭ ਭੈਰਉ ਬਸੰਤੁ ਸਾਰਗ ਮਲਾਰ ਕਾਨੜਾ।
੨੦ ਕਲਿਆਣ ਤਥਾ ਬਿਭਾਸ ਪ੍ਰਭਾਤੀ।

ਜਿਸ ਦਾ ਭਾਵ ਇਹ ਹੈ ਕਿ ਪੱਤਰੇ ੩ ਤੋਂ ਸਿਰੀ ਰਾਗ ਦਾ ਸ਼ਬਦ ਤਤਕਰਾ ਅਰੰਭ ਹੁੰਦਾ ਹੈ ਤੇ ੬ ਤੋਂ ਮਗਰੋਂ ਰਾਗ ਆਸਾ ਦੇ ਸ਼ਬਦਾਂ ਦਾ ਤਤਕਰਾ ਇਤਿ ਆਦਿ।

ਇਸ ਤੋਂ ਅਗੋਂ 'ਤਤਕਰਾ ਸ਼ਬਦਾਂ ਦਾ' ਦਿੱਤਾ ਹੈ ਜੋ ਪੱਤਰਾ ਅੰਕ ੩ ਤੋਂ ਅਰੰਭ ਹੋ ਕੇ ਪੱਤਰਾ ਅੰਕ ਵੀਹ ਤੇ ਮੁਕਦਾ ਹੈ। ਇਸ ਤਤਕਰੇ ਵਿਚ ਸ਼ਬਦਾਂ ਦੀਆਂ ਪਹਿਲੀਆਂ ਤੁਕਾਂ ਦਿਤੀਆਂ ਹਨ ਤੇ ਹਰ ਇਕ ਤੁਕ ਦੇ ਅਗੇ ਪੱਤਰੇ ਦਾ ਅੰਕ ਨਹੀਂ ਦਿਤਾ। ਪਰ ਜਿਥੇ ਮਹਲਾ ਬਦਲਦਾ ਹੈ ਉਥੇ ਪੱਤਰੇ ਦਾ ਅੰਕ ਦਿਤਾ ਹੋਇਆ ਹੈ। ਜਿਸ ਤਰ੍ਹਾਂ ''ਮੋਤੀ ਤਾ ਮੰਦਰ ਊਸਰਹਿ'' ਤੋਂ ਮਗਰੋਂ ਪਹਿਲੇ ਗੁਰੂ ਜੀ ਦੇ ਸਾਰੇ ਸ਼ਬਦਾਂ ਦੀਆਂ ਪਹਿਲੀਆਂ ਤੁਕਾਂ ਦਾ ਕੁਝ ਭਾਗ ਤਾਂ ਦਿਤਾ ਹੈ ਪਰ ਉਨ੍ਹਾਂ ਅਗੇ ਪੱਤਰੇ ਦਾ ਅੰਕ ਨਹੀਂ, ਜਿਥੇ ਮਹਲੇ ਤੀਜੇ ਦੇ ਸ਼ਬਦ ਅਰੰਭ ਹੁੰਦੇ ਹਨ। ਉਥੇ ਫਿਰ 'ਪਤਿ ੬੧' ਦਿਤਾ ਹੈ। ਇਹੋ ਤਰੀਕਾ ਸਾਰੇ ਤਤਕਰੇ ਵਿਚ ਵਰਤਿਆ ਗਿਆ ਹੈ। ਸ੍ਰੀ ਰਾਗ ਵਿਚ ਭਗਤ ਬਾਣੀ ਦੇ ਸ਼ਬਦਾਂ ਦੀਆਂ ਅੱਡ ਅੱਡ ਤੁਕਾਂ ਨਹੀਂ ਦਿਤੀਆਂ। ਸ੍ਰੀ ਰਾਗ ਵਿਚ ਭਗਤ ਬਾਣੀ ਬਾਬਤ ਕੇਵਲ ਇਤਨਾ ਦਿਤਾ ਹੈ:—''ਬਾਣੀ ਭਗਤਾਂ ਦੀ ਪਤੀ ੧੨੪'' ਅਗੇ ਤਤਕਰੇ ਵਿਚਸ਼ਬਦਾਂ ਦਾ ਵੇਰਵਾ ਕੋਈਨਹੀਂ

ਤੇ ਇਹੋ ਤਰਤੀਬ ਸਾਰੇ ਸ਼ਬਦਾਂ ਦੇਤਤਕਰੇ ਵਿਚ ਵਰਤੀ ਗਈ ਹੈ।

ਪੰਨਾ ੨੯੫ ਪੁਰ ਕਰਤਾ ਲਿਖਦਾ ਹੈ "ਸਲੋਕ ਵਾਰਾਂ ਤੋਂ ਵਧੀਕ ਵਿਚ ਆਉਂਦਾ ਹੈ "ਲਾਹੌਰ ਸ਼ਹਿਰ ਜਹਰ ਕਹਰ ਸਵਾ ਪਹਰ" ।੨੯। ਮਹਲਾ ੩ "ਲਾਹੌਰ ਸ਼ਹਰ ਅੰਮ੍ਰਿਤਸਰ ਸਿਫਤੀ ਦਾ ਘਰ" ਹੁਨ 'ਅੰਮ੍ਰਿਤਸਰ ਸਿਫਤੀ ਦਾ ਘਰ' ਤੀਜੇ ਗੁਰੂ ਦਾ ਬਚਨ ਨਹੀਂ ਹੋ ਸਕਦਾ ਕਿਉਂ ਜੋ ਅੰਮ੍ਰਿਤਸਰ ਨਾਮ ਏਸ ਕਸਬੇ ਦਾ ਪੰਜ਼ਵੇਂ ਗੁਰੂ ਵੇਲੇ ਪਿਆ ਸੀ"।

ਇਸ ਸਲੋਕ ਵਿਚ 'ਅੰਮ੍ਰਿਤਸਰ' ਤੋਂ ਇਸ਼ਾਰਾ ਸ਼ਹਿਰ ਵਲ ਨਹੀਂ ਅੰਮ੍ਰਿਤ ਦੇ ਸਰੋਵਰ ਵਲ ਹੈ। ਤੀਜੇ ਗੁਰੂ ਜੀ ਇਹ ਕਹਿ ਰਹੇ ਹਨ ਕਿ ਉਹ ਲਾਹੌਰ ਸ਼ਹਿਰ ਜਿਥੇ ਪਹਿਲੇ ਗੁਰੂ ਜੀ ਦੇ ਬਚਨ ਦੇ ਮੁਤਾਬਿਕ ਜ਼ਹਿਰ ਦਾ ਕਹਿਰ ਸਵਾ ਪਹਿਰ ਵਰਤਿਆ ਸੀ, ਉਹ ਲਾਹੌਰ ਸ਼ਹਿਰ ਹੁਣ ਬਾਣੀ ਦੇ ਪ੍ਰਚਾਰ ਕਰਕੇ ਸਿਫਤਾਂ ਦਾ ਘਰ ਤੇ ਅੰਮ੍ਰਿਤ ਦਾ ਸਰੋਵਰ ਬਣਿਆ ਹੋਇਆ ਹੈ । ਤੀਜੇ ਗੁਰੂ ਜੀ ਦਾ ਇਕ ਹੋਰ ਵਾਕ ਹੈ "ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੇ ਕਊਆ ਹੰਸੁ ਹੋਹੈ" ਇਸ ਵਿਚ ਵੀ 'ਅੰਮ੍ਰਿਤਸਰ' ਉਤਲੇ ਅਰਥਾਂ ਵਿਚ ਹੀ ਆਇਆ ਹੈ।

ਸਫਾ ੨੧੬ ਪੁਰ ਕਰਤਾ ਨੇ ਕਬੀਰ ਦੇ ਸ਼ਬਦ "ਜੋ ਪਾਥਰ ਕੋ ਕਹਿਤੇ ਦੇਵ" ਅਤੇ ਸੂਰਦਾਸ ਦੇ ਸ਼ਬਦ 'ਹਰਿ ਕੇ ਸੰਗ ਬਸੇ' ਨਾਲ ਮਹਲਾ ੫ ਵੇਖ ਕੇ ਇਹ ਸਿੱਟਾ ਕੱਢਿਆ ਹੈ ਕਿ 'ਜਿਸ ਵੀ ਬੀੜ ਵਿਚ ਇਹ ਲਫਜ਼ 'ਮਹਲਾ ੫' ਏਸ ਸ਼ਬਦ ਦੇ ਪਹਿਲੇ ਲਿਖਿਆ ਹੈ, ਉਥੇ ਹੀ ਇਹ ਪ੍ਰਤੱਖ ਗਲਤੀ ਹੈ, ਭਾਵੇਂ ਕਰਤਾਰ ਪੁਰ ਵਾਲੀ ਬੀੜ ਹੋਵੇ ਤੇ ਭਾਵੇਂ ਬੰਨੋ ਵਾਲੀ'। ਅਫਸੋਸ ਹੈ ਕਰਤਾ ਨੇ **ਇਥੇ** ਵੀ ਕਾਹਲ ਤੋਂ ਕੰਮ ਲਿਆ ਹੈ । ਜੇ ਕਰਤਾ ਨੇ ਕਦੀ ਗਹੁ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪਾਠ ਕੀਤਾ ਹੁੰਦਾ ਤਾਂ ਸ਼ਾਇਦ ਉਹ ਇਸ ਤਰ੍ਹਾਂ 'ਮਹਲਾ ੫' ਪਹਿਲਾ ਲਿਖਣ ਦਾ ਭਾਵ ਲੱਭ ਲੈਂਦਾ। ਗਉੜੀ ਰਾਗ ਵਿਚ ਕਬੀਰ ਜੀ ਦੇ

ਚਉਧਵੇਂ ਸ਼ਬਦ ਦਾ ਸਿਰਲੇਖ ਇਹ ਹੈ "ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫" । ਇਸ ਦਾ ਭਾਵ ਇਹ ਹੈ ਕਿ ਇਹ ਸ਼ਬਦ ਗੁਰੂ ਜੀ ਨੂੰ ਪੂਰਨ ਹਾਲਤ ਵਿਚ ਪ੍ਰਾਪਤ ਨਾ ਹੋਇਆ ਅਤੇ ਇਸ ਵਿਚ ਕੁਝ ਆਪਣੇ ਵਲੋਂ ਲਫਜ਼ ਜਾਂ ਤੁਕਾਂ ਰਲਾ ਕੇ ਇਸ ਨੂੰ ਪੂਰਾ ਕੀਤਾ। ਪਹਿਲੇ ਸ਼ਬਦ ਉਤੇ ਤਾਂ ਪੂਰਾ ਸਿਰਲੇਖ ਦੇ ਦਿਤਾ ਹੈ, ਪਰ ਅਗੋਂ ਜਾ ਕੇ ਜਿਥੇ ਇਹ ਗੱਲ ਕੀਤੀ ਹੈ ਉਥੇ 'ਮਹਲਾ ੫' ਲਿਖ ਕੇ ਅਗੇ ਭਗਤ ਜੀ ਦਾ ਨਾਮ ਦੇ ਦਿਤਾ ਹੈ। ਵੇਖੋ ਆਸਾ ਰਾਗ ਵਿਚ ਭਗਤ ਧੰਨਾ ਜੀ ਦੇ ਦੂਜੇ ਸ਼ਬਦ "ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮ ਦੇਉ ਮਨੁ ਲੀਣਾ' ਦੇ ਸਿਰਲੇਖ ਵਿਚ ਵੀ 'ਮਹਲਾ ੫' ਆਉਂਦਾ ਹੈ । ਇਹ ਭੁਲ ਨਹੀਂ ਇਹ ਉਸ ਈਮਾਨਦਾਰੀ ਦਾ ਲਖਾਇਕ ਹੈ ਜੋ ਪੰਜਵੇਂ ਗੁਰੂ ਜੀ ਨੇ ਭਗਤਾਂ ਦੀ ਬਾਣੀ ਨੂੰ ਬੀੜ ਵਿਚ ਦਰਜ ਕਰਦਿਆਂ ਵਰਤੀ।

ਇਸ ਪੜਚੋਲ ਤੋਂ ਜੋ ਹੁਣ ਅਸੀਂ ਖਤਮ ਕਰਦੇ ਹਾਂ ਪਾਠਕਾਂ ਨੂੰ ਸਪਸ਼ਟ ਹੋ ਗਿਆ ਹੋਵੇਗਾ ਕਿ ਜੀ. ਬੀ. ਸਿੰਘ ਹੋਰਾਂ ਕਿਤਨੀ ਕਾਹਲ ਗਲਤ ਨਤੀਜੇ ਕਢੱਣ ਵਿਚ ਕੀਤੀ ਹੈ ਜੋ 'ਪ੍ਰਾਚੀਨ ਬੀੜਾਂ' ਬਾਬਤ ਉਨ੍ਹਾਂ ਦੇ ਆਪਣੇ ਇਕਠੇ ਕੀਤੇ ਮਸਾਲੇ ਅਨੁਸਾਰ ਵੀ ਠੀਕ ਨਹੀਂ ਬੈਠਦੇ। ਗੁਰੂ ਅਰਜਨਦੇਵ ਜੀ ਨੇ ਪਰਮ ਕਿਰਪਾ ਕਰਕੇ ਸਾਰੀ ਬਾਣੀ ਇਕੱਤ੍ਰ ਕਰਕੇ ਤੇ ਸੋਧ ਕੇ ਬੀੜ ਵਿਚ ਰਖ ਦਿਤੀ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਵਰਤਮਾਨ ਸਰੂਪ ਦੇ ਦਿਤਾ ਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਥਾਪਿਆ। ਸਤਿਗੁਰਾਂ ਤੋਂ ਵਧੀਕ ਖੋਜੀ ਸਾਡੇ ਲਈ ਇਸ ਗਲ ਵਾਸਤੇ ਕੋਈ ਨਹੀਂ ਹੋ ਸਕਦਾ ਕਿ ਕਿਹੜੀ ਕਿਹੜੀ ਬਾਣੀ ਕਿਹੜੇ ਕਿਹੜੇ ਸਤਿਗੁਰੂ ਜਾਂ ਭਗਤ ਦੀ ਹੈ ਤੇ ਉਸ ਦਾ ਸਹੀ ਸਰੂਪ ਕੀ ਹੈ। ਕਿਸੇ ਸਿਖ ਨੂੰ ਉਸ ਵਿਚ ਕੋਈ ਵਾਧਾ ਘਾਟਾ ਕਰਨ ਜਾਂ ਲਗ ਕੰਨਾ ਬਦਲਣ ਦਾ ਅਧਿਕਾਰ ਨਹੀਂ। ਜੋ ਇਸ ਅਸੂਲ ਦੇ ਵਿਰੁਧ ਪ੍ਰਚਾਰ ਕਰਦਾ ਹੈ ਉਹ ਪੰਥ ਦੀ ਨੀਂਹ ਪੁਰ ਕੁਹਾੜਾ ਮਾਰਦਾ ਹੈ। ਅਸਾਂ ਜੇ ਗੁਰਬਾਣੀ

ਪੁਰ ਹੀ ਸ਼ੁਕ ਕਰਨਾ ਅਰੰਭ ਦਿਤਾ ਤੇ ਉਸ ਦੀ ਸਦਾਕਤ ਤੋਂ ਮੁਨਕਰ ਹੋਣ ਲਗ ਪਏ ਤਾਂ ਸਿਖੀ ਦਾ ਸੁਹਾਵਣਾ ਬ੍ਰਿਛ ਵਧਣੋਂ ਫਲਣੋਂ ਰੁਕ ਕੇ ਸੋਕੇ ਪੈ ਜਾਵੇਗਾ ।

ਧਰਮ ਤੇ ਫਿਲਾਸਫੀ ਵਿਚ ਫਰਕ ਹੀ ਇਹੋ ਹੈ। ਫਿਲਾ-ਸਫੀ ਮਨੁਖੀ ਵਿਚਾਰ ਦਾ ਸਿੱਟ ਹੈ ਪਰ ਧਰਮ ਦੀ ਨੀਂਹ ਵਿਸ਼ਵਾਸ ਪੁਰ ਹੈ। ਜੇ ਸਿਖ ਦਾ ਵਿਸ਼ਵਾਸ਼ ਹੀ ਆਪਣੇ ਸਤਿਗੁਰੂ ਉਪਰੋਂ ਉਡ ਗਿਆ ਜੋ ਸਤਿਗੁਰੂ ਐਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਹਨ ਤਾਂ ਉਸ ਦਾ ਬਾਕੀ ਕੀ ਰਹਿ ਜਾਏਗਾ।

ਆਦਿ ਬੀੜ (ਕਰਤਾਰ ਪੁਰ ਵਾਲੀ) ਬਾਬਤ ਜੋ ਗਲਤ ਬਿਆਨੀਆਂ ਕਰਤਾ ਨੇ ਕੀਤੀਆਂ ਹਨ ਤੇ ਉਨ੍ਹਾਂ ਤੋਂ ਪਾਠਕਾਂ ਨੂੰ ਪਤਾ ਲਗ ਗਿਆ ਹੋਵੇਗਾ ਕਿ ਇਹ ਪੁਸਤਕ ਕਿਸੇ ਨਿਰਪੱਖ ਖੋਜ ਨੂੰ ਮੁਖ ਰਖਕੇ ਨਹੀਂ ਲਿਖੀ ਗਈ । ਅਸਲੀ ਆਦਿ ਬੀੜ ਕਰਤਾਰ ਪੁਰ ਵਿਚ ਅਜੇ ਮੌਜੂਦ ਹੈ ਤੇ ਉਸ ਦਾ ਇਕ ਵੇਰ ਦਰਸ਼ਨ ਪਾਠਕਾਂ ਨੂੰ ਪ੍ਰਗਟ ਕਰ ਦੇਵੇਗਾ ਕਿ ਪ੍ਰਾਚੀਨ ਬੀੜਾਂ ਦੇ ਕਰਤਾ ਨੇ ਕਿਤਨੇ ਅਨਰਥ ਤੋਲੇ ਹਨ। ਫਿਰ ਰਾਗ ਮਾਲਾ ਬਾਬਤ ਜੋ ਲਿਖਿਆ ਹੈ ਕਿ ਇਹ ਫਲਾਣੇ ਸੰਮਤ ਵਿਚ ਬੀੜ ਵਿਚ ਚੜ੍ਹਾਈ ਗਈ ਉਹ ਵੀ ਉਨ੍ਹਾਂ ਦੇ ਆਪਣੇ ਇਕਤ੍ਰ ਕੀਤੇ ਮਸਾਲੇ ਤੋਂ ਗਲਤ ਸਾਬਤ ਹੋਇਆ । ਉਨ੍ਹਾਂ ਦੀਆਂ ਆਪਣੀਆਂ ਮੰਨੀਆਂ ਅਤਿ ਪ੍ਰਮਾਣੀਕ ਬੀੜਾਂ ਵਿਚ 'ਰਾਗਮਾਲਾ' ਮੌਜੂਦ ਹੈ। 'ਭੋਗ ਦੀ ਬਾਣੀ' ਦੀ ਤਰਤੀਬ ਬਾਬਤ ਕੀ ਆਪ ਦੇ ਕਿਆਸ ਮਿਥਿਆ ਸਿੱਧ ਹੋ ਗਏ ।

ਅਸੀਂ ਆਸ਼ ਰਖਦੇ ਹਾਂ ਕਿ ਜੀ. ਬੀ. ਸਿੰਘ ਹੋਰੀਂ ਉਨ੍ਹਾਂ ਵਾਕਿਆਤ ਤੇ ਜੋ ਅਸਾਂ ਇਸ ਪੜਚੋਲ ਵਿਚ ਦਿਤੇ ਹਨ ਜ਼ਰੂਰ ਵਿਚਾਰ ਕਰਨਗੇ ਤੇ ਆਪਣੀਆਂ ਭੁਲਾਂ ਸੋਧ ਕੇ ਸਚਾਈ ਦਾ ਪ੍ਰਚਾਰ ਕਰਨ ਵਿਚ, ਜੋ ਹਰ ਇਕ ਨਿਰਪਖ ਖੋਜੀ ਦਾ ਫਰਜ਼ ਹੈ, ਜ਼ਰੂਰ ਸਹਾਈ ਹੋਣਗੇ ।

—੦—